ਅਪ੍ਰੈਲ-ਜੂਨ 2026
ਸਾਲ ਚੌਥਾ, ਅੰਕ ਪੰਦਰ੍ਹਵਾਂ

# ਉਡਾਣ

## ਵਿਗਿਆਨ ਗਲਪ ਮੈਗ਼ਜ਼ੀਨ



ਰੌਬਰਟ ਗੋਡਾਰਡ: ਆਧੁਨਿਕ ਰਾਕਟਸਾਜ਼ੀ ਦਾ ਪਿਤਾਮਾ
ਸੌ ਸਾਲ ਪਹਿਲਾਂ ਕੀਤਾ ਸੀ ਰਾਕਟ ਲਾਂਚ

ਵਿਗਿਆਨ ਗਲਪ ਕਥਾ ਕਹਾਣੀਆਂ
ਕਵਿਤਾਵਾਂ ਲੇਖ ਤੇ
ਬੱਚਿਆਂ ਦਾ ਕੋਨਾ

https://www.udaanpunjabi.com/

www.PunjabiLibrary.com

## ਸਲਾਹਕਾਰ ਬੋਰਡ

ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)

## ਸੰਪਾਦਕ

ਅਮਨਦੀਪ ਸਿੰਘ

## ਚਿੱਤਰ

https://pixabay.com/

NASA Gemini AI

Unistar Books

## ਈ-ਮੇਲ

punjabiscifi@gmail.com

## ਵੈੱਬਸਾਈਟ

https://udaanpunjabi.com

## ਸਮਾਜਿਕ

ਉਡਾਣ ਮੈਗਜ਼ੀਨ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ 'ਤੇ ਕਲਿੱਕ ਕਰੋ

ਇਸ ਮੈਗਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ udaanpunjabi.com 'ਤੇ ਆਰਡਰ ਕਰ ਸਕਦੇ ਹੋ।

www.PunjabiLibrary.com

ਅਪ੍ਰੈਲ-ਜੂਨ 2026

ਸਾਲ ਚੌਥਾ, ਅੰਕ ਪੰਦਰ੍ਹਵਾਂ

ISSN:3065-7121

**ਮੁੱਖ ਪੰਨੇ ਦੀ ਤਸਵੀਰ (ਗੂਗਲ ਜੈਮਿਨੀ ਦੁਆਰਾ ਰਚਿਤ)** ਵਿੱਚ ਤੁਸੀਂ ਆਧੁਨਿਕ ਰਾਕਟਸਾਜ਼ੀ ਦਾ ਪਿਤਾਮਾ ਡਾ. ਰੌਬਰਟ ਗੋਡਾਰਡ ਦੇਖ ਰਹੇ ਹੋ। ਇੱਕ ਸਦੀ ਪਹਿਲਾਂ, ਉਸ ਨੇ ਆਪਣੀ ਪਤਨੀ ਐਸਥਰ ਦੀ ਮਦਦ ਨਾਲ 16 ਮਾਰਚ, 1926 ਨੂੰ ਔਬਰਨ (ਮੈਸੇਚੁਸੈਟਸ, ਅਮਰੀਕਾ), ਬੌਸਟਨ ਦੇ ਨੇੜਲੇ ਸ਼ਹਿਰ ਵਿਖੇ ਤਰਲ ਬਾਲਣ ਵਾਲੇ ਰਾਕਟ ਦੀ ਸਭ ਤੋਂ ਪਹਿਲੀ ਸਫ਼ਲ ਉਡਾਣ ਕੀਤੀ। ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਕੋਈ ਜੁਗਾੜ ਜਿਹਾ ਕੀਤਾ ਹੋਵੇ, ਉਸ ਵਿੱਚ ਸਾਰੀਆਂ ਐਲੂਮੀਨੀਅਮ ਟਿਊਬਾਂ ਸਨ ਜੋ ਕਿ ਇਕੱਠੀਆਂ ਵੈਲਡ ਕੀਤੀਆਂ ਗਈਆਂ ਸਨ, ਪਰ ਉਹ ਉੱਡ ਗਿਆ, 2.5 ਸਕਿੰਟ ਵਿੱਚ 41 ਫੁੱਟ ਉਡਿਆ, ਉਹ 2 ਸਕਿੰਟ ਜਿਨ੍ਹਾਂ ਨੇ ਦੁਨੀਆਂ ਬਦਲ ਦਿੱਤੀ! ਉਸ ਸਮੇਂ ਰਾਕਟ ਉਡਾਉਣ ਦਾ ਵਿਚਾਰ "ਵਿਗਿਆਨ ਗਲਪ" ਦੇ ਵਾਂਗ ਹੀ ਸੀ, ਜੂਲਜ਼ ਵਰਨ, ਐਚ.ਜੀ. ਵੈੱਲਜ਼ ਦੇ ਨਾਵਲ ਧੁਮਾਂ ਮਚਾ ਚੁੱਕੇ ਸਨ। ਵੱਡਾ ਹੁੰਦਿਆਂ, ਗੋਡਾਰਡ ਉਨ੍ਹਾਂ ਕਹਾਣੀਆਂ ਤੋਂ ਬਹੁਤ ਪ੍ਰਭਾਵਿਤ ਹੋਇਆ। ਇੱਕ ਦਿਨ, ਉਸ ਨੇ ਮੈਸੇਚਿਉਸੇਟਸ ਦੇ ਸ਼ਹਿਰ ਵੂਸਟਰ (Worcester) ਵਿਖੇ ਆਪਣੇ ਵਿਹੜੇ ਵਿੱਚੋਂ ਅਸਮਾਨ ਵੱਲ ਵੇਖਿਆ ਤੇ ਜਾਗਦੇ ਹੋਏ ਰਾਕਟ ਉਡਾਉਣ ਦਾ ਸੁਪਨਾ ਦੇਖਣ ਲੱਗਿਆ। ਉਸਨੇ ਸੋਚਿਆ, ਪੁਲਾੜ ਵਿੱਚ ਪਹੁੰਚਣ ਦਾ ਕੋਈ ਨਾ ਕੋਈ ਤਰੀਕਾ ਜ਼ਰੂਰ ਹੋਣਾ ਚਾਹੀਦਾ ਹੈ। ਬਾਕੀ ਪੰਨਾ 6 'ਤੇ ਪੜ੍ਹੋ ...

## ਇਸ ਅੰਕ ਵਿਚ

**2** ਸੰਪਾਦਕੀ/ਅਮਨਦੀਪ ਸਿੰਘ

**3** ਬੋਦੀ ਵਾਲਾ ਤਾਰਾ/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

**7** ਅਕਵਾਮੁਰਾ: ਜੀਵਨ ਦਾ ਸੰਦੇਸ਼/ਡਾ. ਗੁਰਪ੍ਰੀਤ ਕੌਰ

**10** ਕਵਿਤਾ-ਅੱਗ ਤੇ ਬਰਫ਼/ਰੌਬਰਟ ਫਰੌਸਟ , ਕਵਿਤਾ-ਨਫ਼ਰਤ ਦੀ ਅੱਗ

**11** ਸੌ ਸੌ ਸਾਲ ਜਿਉਂਦੇ ਨੇ ਜਾਪਾਨੀ/ਹਰੀ ਕ੍ਰਿਸ਼ਨ ਮਾਇਰ

**13** ਚੰਦਰਮਾ/ਸੁਖਮੰਦਰ ਸਿੰਘ ਤੂਰ

**14** ਰੇਡੀਏਸ਼ਨ/ ਡਾ. ਪ੍ਰੀਤ ਕੌਰ

**15** ਚੰਦਰਯਾਨ-ਤਿਸ਼ਕਿਨ/ਗੁਰਚਰਨ ਕੌਰ ਥਿੰਦ

**24** ਸਿਤਾਰਿਆਂ ਤੋਂ ਅੱਗੇ/ਅਮਨਦੀਪ ਸਿੰਘ

**38** ਕਵਿਤਾ-ਇਹ ਸੱਚ ਹੈ/ਪ੍ਰੀਤਪਾਲ ਸਿੰਘ

**39** ਮੈਂ ਕਿਉਂ ਲਿਖਦਾ ਹਾਂ?/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

**ਬੱਚਿਆਂ ਦਾ ਕੋਨਾ**

**42** ਅਦਭੁੱਤ ਚਟਾਨੀ ਪੱਥਰ/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ

**45** ਪਿੰਕੀ ਨੂੰ ਨੀਂਦ ਕਿਉਂ ਨਹੀਂ ਆਉਂਦੀ/ਅਮਨਦੀਪ ਸਿੰਘ

**47** ਕਵਿਤਾ-ਤੇਜ਼ਾਬੀ ਵਰਖਾ/ਹਰੀ ਕ੍ਰਿਸ਼ਨ ਮਾਇਰ

**48** ਕਵਿਤਾ-ਏਆਈ/ਸੁਰਿੰਦਰਪਾਲ ਸਿੰਘ

**49** ਕਵਿਤਾ-ਪੰਜ ਡਾਇਨਾਸੋਰ/ਅਮਨਦੀਪ

**50** ਪੁਸਤਕ ਰੀਵਿਊ/ਬਲਜਿੰਦਰ ਮਾਨ

**52** ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

*Udaan* is published quarterly by Amandeep Singh for Aman Publications, located at 13 Bluebird Dr., Grafton, MA, USA. © Copyright by the respective authors. The opinions expressed in this publication are those of the authors and do not necessarily reflect the opinions of Udaan Magazine or its editorial team.

# ਸੰਪਾਦਕੀ – ਵਿਸ਼ਵ ਸ਼ਾਂਤੀ ਲਈ ਅਰਦਾਸ

ਜਿਵੇਂ ਹੀ ਅਸੀਂ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਸੰਸਾਰ ਅੰਦਰ ਚੱਲ ਰਹੀਆਂ ਭਿਆਨਕ ਜੰਗਾਂ ਅਤੇ ਮਾਸੂਮ ਜਾਨਾਂ ਦੀ ਕਤਲੋਗ਼ਾਰਤ ਬਾਰੇ ਪੜ੍ਹਦੇ ਹਾਂ ਤਾਂ ਅੱਖਾਂ ਦੇ ਨਾਲ ਕਲਮ ਵੀ ਰੋਂਦੀ ਹੈ - ਜੰਗਾਂ ਜੋ ਇੱਕ ਬੇਤੁਕੀ, ਯਾਂਤ੍ਰਿਕ ਵੇਗ ਨਾਲ ਭੜਕ ਰਹੀਆਂ ਹਨ। ਕਲਯੁੱਗ ਵਿੱਚ ਅਸੀਂ ਉਨ੍ਹਾਂ ਲੋਕਾਂ ਬਾਰੇ ਵੀ ਸੋਚਦੇ ਤੇ ਅਰਦਾਸ ਕਰਦੇ ਹਾਂ ਜੋ ਲੜਾਈ ਦੀ ਭੇਂਟ ਚੜ੍ਹ ਗਏ ਜਾਂ ਉਸ ਵਿੱਚ ਫਸੇ ਹੋਏ ਹਨ। ਆਓ, ਧਰਤੀ 'ਤੇ ਸ਼ਾਂਤੀ ਸਥਾਪਤ ਹੋਣ ਦੀ ਸਦੀਵੀ ਅਰਦਾਸ ਕਰੀਏ ਜਿਵੇਂ ਲੇਖਕ ਸਟੀਫਨ ਮਾਰਕੇ ਕਰਦਾ ਹੈ। ਸਟੀਫਨ ਮਾਰਕੇ ਨੇ ਆਪਣੀਆਂ ਲਿਖਤਾਂ ਵਿੱਚ ਚੈਟਜੀਪੀਟੀ ਦੁਆਰਾ ਸਾਡੀ ਜ਼ਿੰਦਗੀ ਨੂੰ ਬਦਲ ਦੇਣ ਬਾਰੇ ਲਿਖਿਆ। ਹੁਣ ਉਹ ਆਪਣੀ ਭਵਿੱਖਬਾਣੀ ਨੂੰ ਕਲਾ ਅਤੇ ਮਨੁੱਖੀ ਆਤਮਾ ਵੱਲ ਮੋੜ ਰਿਹਾ ਹੈ ਤੇ ਏਆਈ ਦੀ ਵਰਤੋਂ ਰਚਨਾਤਮਕ ਤੌਰ 'ਤੇ ਕਰ ਰਿਹਾ ਹੈ। ਉਸਦਾ ਨਵੀਨਤਮ ਪ੍ਰੋਜੈਕਟ, "ਸ਼ਾਂਤੀ ਲਈ ਨਿਰੰਤਰ ਅਰਦਾਸ," ਜੋ ਕਿ ਏਆਈ ਦੁਆਰਾ ਤਿਆਰ ਕੀਤੀ ਲਗਾਤਾਰ ਚੱਲਣ ਵਾਲੀ ਸ਼ਬਦ ਧਾਰਾ ਹੈ ਜਿਸ ਨੇ ਹਾਲ ਹੀ ਵਿੱਚ ਲਿਖਿਆ: **"ਨੂਰਮਈ, ਧੀਰਜਵਾਨ ਤੇ ਰਹੀਮੋ-ਕਰੀਮ ਦੇ ਨਾਮ 'ਤੇ, ਯੁੱਧ ਨੂੰ ਖਤਮ ਹੋਣ ਦਿਓ।"**

ਉਡਾਣ ਦੇ ਇਸ ਅੰਕ ਵਿੱਚਲੀਆਂ ਰਚਨਾਵਾਂ ਮਨੁੱਖਾਂ ਦੁਆਰਾ ਕੀਤੀ ਜਾ ਰਹੀ ਧਰਤੀ ਦੀ ਤਬਾਹੀ ਤੋਂ ਲੈ ਕੇ ਵਿਗਿਆਨ ਦੇ ਸਾਰਥਕ ਕੰਮਾਂ ਦੀ ਪੜਚੋਲ ਕਰਦੀਆਂ ਹਨ। ਡਾ. ਦੇਵਿੰਦਰ ਪਾਲ ਸਿੰਘ ਸਾਡੇ ਲਈ ਧਰਤੀ 'ਤੇ ਇੱਕ ਧੂਮਕੇਤੂ ਦੇ ਟਕਰਾਉਣ ਦੀ ਦਿਲਚਸਪ ਕਹਾਣੀ ਲੈ ਕੇ ਆਏ ਹਨ, ਜਿੱਥੇ ਨਤੀਜਾ ਸਿਰਫ਼ ਤਬਾਹੀ ਨਹੀਂ ਹੈ, ਸਗੋਂ ਬਚੇ ਲੋਕਾਂ ਵਿੱਚ ਅਸਾਧਾਰਨ ਮਹਾਂਸ਼ਕਤੀਆਂ ਦਾ ਉਭਾਰ ਹੈ। ਇੱਕ ਦੂਰ ਦੇ ਗ੍ਰਹਿ ਤੋਂ ਆਏ ਅਜਨਬੀ ਬਸ਼ਿੰਦਿਆਂ ਨਾਲ ਇੱਕ ਉਮੀਦਪੂਰਨ ਮੁਲਾਕਾਤ ਵਿੱਚ, ਡਾ. ਗੁਰਪ੍ਰੀਤ ਕੌਰ ਸਾਡੇ ਗ੍ਰਹਿ 'ਤੇ ਆਉਣ ਵਾਲੇ ਵਿਦੇਸ਼ੀ ਲੋਕਾਂ ਦੀ ਕਲਪਨਾ ਕਰਦੀ ਹੈ, ਜੋ ਜਿੱਤਣ ਲਈ ਨਹੀਂ, ਸਗੋਂ ਆਪਣੀ ਉੱਨਤ ਤਕਨਾਲੋਜੀ ਦੀ ਵਰਤੋਂ ਕਰਕੇ ਸਾਡੇ ਪ੍ਰਦੂਸ਼ਿਤ ਦਰਿਆਵਾਂ ਨੂੰ ਸਾਫ਼ ਕਰਨ ਲਈ ਪਧਾਰੇ। ਇਸ ਤਰ੍ਹਾਂ ਲਗਦਾ ਹੈ ਕਿ ਮਨੁੱਖਾਂ ਦੁਆਰਾ ਕੀਤੀ ਜਾ ਰਹੀ ਕੁਦਰਤੀ ਸੋਮਿਆਂ ਦੀ ਬਰਬਾਦੀ ਨੂੰ ਸੁਰਜੀਤ ਕਰਨ ਲਈ ਕਿਸੇ ਬਾਹਰੀ ਸ਼ਕਤੀ ਦੀ ਹੀ ਲੋੜ ਪਏਗੀ ਕਿਉਂਕਿ ਦਿਨੋ-ਦਿਨ ਇਹ ਕੰਮ ਸਾਡੇ ਵਿੱਤੋਂ ਬਾਹਰ ਹੁੰਦਾ ਜਾ ਰਿਹਾ ਹੈ। ਇਸ ਅੰਕ ਦੇ ਲੇਖਾਂ ਵਿੱਚ ਡਾ. ਪ੍ਰੀਤ ਕੌਰ ਸਾਡੇ ਆਲੇ ਦੁਆਲੇ ਪਸਰੀਆਂ ਵਿਕਿਰਨਾਂ 'ਤੇ ਇੱਕ ਮਹੱਤਵਪੂਰਨ ਨਜ਼ਰੀਆ ਪੇਸ਼ ਕਰਦੇ ਹਨ, ਜਦੋਂ ਕਿ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ ਜਾਪਾਨੀ ਲੋਕਾਂ ਦੀ ਸ਼ਾਨਦਾਰ ਲੰਬੀ ਉਮਰ ਦੇ ਪਿੱਛੇ ਜੈਵਿਕ ਅਤੇ ਸੱਭਿਆਚਾਰਕ ਰਾਜ਼ਾਂ ਦੀ ਜਾਂਚ ਕਰਦੇ ਹਨ। ਗੁਰਚਰਨ ਕੌਰ ਥਿੰਦ ਦੇ ਲੜੀਵਾਰ ਵਿਗਿਆਨ ਗਲਪ ਨਾਵਲ "ਚੰਦਰਯਾਨ-ਤ੍ਰਿਸ਼ਕਿਨ" ਦੀ ਆਖਰੀ ਕਿਸ਼ਤ ਵਿੱਚ ਦੋ ਕਲੋਨ ਚੰਦਰਮਾ 'ਤੇ ਜਾਣ ਲਈ ਸਖ਼ਤ ਪਾਲਣ-ਪੋਸ਼ਣ ਅਤੇ ਅੰਤਿਮ ਤਿਆਰੀਆਂ ਵਿੱਚੋਂ ਗੁਜ਼ਰਦੇ ਹਨ। ਮੇਰੇ ਆਪਣੇ ਲੜੀਵਾਰ ਵਿਗਿਆਨ ਗਲਪ ਨਾਵਲ "ਸਿਤਾਰਿਆਂ ਤੋਂ ਅੱਗੇ" ਵਿੱਚ, ਖੋਜ ਟੀਮ ਪ੍ਰਥਮ ਕਿੰਨਰ ਦੇ ਗੰਧਰਵ ਗ੍ਰਹਿ ਦੀ ਆਪਣੀ ਯਾਤਰਾ ਜਾਰੀ ਰੱਖਦੀ ਹੈ, ਜਿੱਥੇ ਉਹ ਇਸ ਸਮੇਂ ਦੁਰਲੱਭ ਖਣਿਜਾਂ ਦੀ ਖੋਜ ਵਿੱਚ ਅਜਨਬੀ ਧਰਤੀ ਦੀ ਖੁਦਾਈ ਕਰਦੀ ਹੈ। ਸਿਰਜਣਾ ਦੇ ਪਲ ਕਾਲਮ ਵਿੱਚ ਡਾ. ਦੇਵਿੰਦਰ ਪਾਲ ਸਿੰਘ ਦਾ ਦਿਲਚਸਪ ਲੇਖ ਪੜ੍ਹਨਾ ਨਾ ਭੁੱਲੋ ਜੋ ਕਿਸੇ ਵੀ ਰਚਨਾਤਮਕ ਰੂਹ ਦੇ ਬੁਨਿਆਦੀ ਸਵਾਲ "ਮੈਂ ਕਿਉਂ ਲਿਖਦਾ ਹਾਂ" ਦੇ ਉੱਤਰ ਦਿੰਦਾ ਹੈ। ਇਸ ਦੇ ਨਾਲ਼ ਹੀ ਪ੍ਰੀਤਪਾਲ ਸਿੰਘ ਮਿਰਜ਼ਾਪੁਰੀ ਦੀ ਤਕਨਾਲੋਜੀ ਬਾਰੇ ਕਵਿਤਾ "ਇਹ ਸੱਚ ਹੈ" ਦਾ ਵੀ ਆਨੰਦ ਉਠਾਓ।

ਵਿਗਿਆਨ ਗਲਪ ਹੈਰਾਨੀ ਦੇ ਭਾਵਾਂ ਨਾਲ ਉਪਜਦਾ ਹੈ। ਇਸ ਵਾਰ ਬੱਚਿਆਂ ਦੇ ਕੋਨੇ ਵਿੱਚ ਡਾ. ਦੇਵਿੰਦਰ ਪਾਲ ਸਿੰਘ ਦੀ ਕਹਾਣੀ "ਅਦਭੁੱਤ ਚਟਾਨੀ ਪੱਥਰ" ਵਿੱਚ ਪੱਥਰਾਂ ਅਤੇ ਚੱਟਾਨਾਂ ਦੇ ਅੰਦਰ ਛੁਪੇ ਰਹੱਸਾਂ ਦੀ ਪੜਚੋਲ ਕਰਨ ਵਾਲੇ ਇੱਕ ਜਗਿਆਸੂ ਬੱਚੇ ਦੀ ਯਾਤਰਾ ਬਾਰੇ ਜਾਣੋ ਤੇ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ, ਸੁਰਿੰਦਰਪਾਲ ਸਿੰਘ ਅਤੇ ਮੇਰੇ ਦੁਆਰਾ ਰਚਿਤ ਵਿਗਿਆਨ ਕਵਿਤਾਵਾਂ ਵੀ ਪੜ੍ਹੋ ਜੋ ਅਗਲੀ ਪੀੜ੍ਹੀ ਦੇ ਖੋਜੀਆਂ ਦੀ ਕਲਪਨਾ ਨੂੰ ਜਗਾਉਣ ਲਈ ਤਿਆਰ ਹਨ। ਬਲਜਿੰਦਰ ਮਾਨ ਦੁਆਰਾ ਹਰੀ ਕ੍ਰਿਸ਼ਨ ਮਾਇਰ ਦੀ ਬਾਲ-ਕਹਾਣੀਆਂ ਦੀ ਨਵੀਂ ਕਿਤਾਬ "ਪਲਾਸਟਿਕ ਦਾ ਡੱਡੂ" ਦਾ ਕੀਤਾ ਗਿਆ ਪੁਸਤਕ ਰਿਵੀਊ ਵੀ ਪੜ੍ਹ ਸਕਦੇ ਹੋ। ਉਮੀਦ ਹੈ ਕਿ ਹਮੇਸ਼ਾਂ ਦੀ ਤਰ੍ਹਾਂ ਤੁਸੀਂ ਇਸ ਅੰਕ ਵਿਚਲੀਆਂ ਰਚਨਾਵਾਂ ਨੂੰ ਵੀ ਜ਼ਰੂਰ ਪਸੰਦ ਕਰੋਗੇ। ਆਪਣੇ ਵਡਮੁੱਲੇ ਸੁਝਾਅ ਜ਼ਰੂਰ ਭੇਜਣਾ। ਆਪ ਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿੱਚ ... ~ ਅਮਨਦੀਪ ਸਿੰਘ punjabiscifi@gmail.com

"ਉਡਾਣ" ਮੈਗ਼ਜ਼ੀਨ ਵਿੱਚ ਲੇਖਕਾਂ ਵਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਸੰਪਾਦਕੀ ਟੀਮ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ




ਗਰਮੀਆਂ ਦਾ ਮੌਸਮ ਸੀ। ਉਸ ਰਾਤ ਹਨੇਰੇ ਪਰ ਬੱਦਲੋਂ ਸੱਖਣੇ ਅੰਬਰ ਵਿਚ ਟਿਮਟਿਮਾਂਦੇ ਤਾਰਿਆਂ ਦੇ ਜਮਘਟ ਅੰਦਰ ਇਕ ਬੋਦੀ ਵਾਲਾ ਤਾਰਾ ਅਚਾਨਕ ਨਜ਼ਰ ਆਉਣ ਲਗਾ। ਭਿੰਨ ਭਿੰਨ ਸ਼ਹਿਰਾਂ, ਪਿੰਡਾਂ ਤੇ ਦੇਸ਼ਾਂ ਦੇ ਲੋਕ ਇਸ ਅਜਬ ਤਮਾਸ਼ੇ ਨੂੰ ਦੇਖਣ ਲਈ ਅੰਬਰ ਵੱਲ ਝਾਕਣ ਲਗ ਪਏ ਸਨ। ਹਰ ਕੋਈ ਹੈਰਾਨ ਤੇ ਪ੍ਰੇਸ਼ਾਨ ਸੀ ਕਿ ਕੀ ਇਸ ਤਾਰੇ ਦਾ ਪ੍ਰਗਟ ਹੋਣਾ ਕਿਸੇ ਮੰਦਭਾਗੀ ਘਟਨਾ ਦੇ ਵਾਪਰਣ ਦੀ ਨਿਸ਼ਾਨੀ ਹੈ ਜਾਂ ਕਿਸੇ ਹੋਰ ਦੁਨੀਆਂ ਤੋਂ ਆਇਆ ਕੋਈ ਤੋਹਫ਼ਾ ਹੈ। ਜਿਵੇਂ ਹੀ ਉਹ ਹੈਰਾਨੀ ਭਰੀਆਂ ਨਜ਼ਰਾਂ ਨਾਲ ਉਸ ਨੂੰ ਵੇਖ ਰਹੇ ਸਨ, ਬੋਦੀ ਵਾਲੇ ਤਾਰੇ ਨੇ ਅਚਾਨਕ ਆਪਣਾ ਰਾਹ ਬਦਲ ਲਿਆ, ਤੇ ਉਹ ਸਿੱਧਾ ਧਰਤੀ ਵੱਲ ਆਉਣ ਲੱਗਾ।

ਪੁਲਾੜੀ ਮਾਹਿਰਾਂ ਤੇ ਤਾਰਾ ਵਿਗਿਆਨੀਆਂ ਨੇ ਲੋਕਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਤਾਰਾ ਧਰਤੀ ਦੇ ਵਾਯੂਮੰਡਲ ਵਿੱਚ ਪਹੁੰਚਦਿਆਂ ਹੀ ਹਵਾਈ ਪਰਤਾਂ ਨਾਲ ਰਗੜ ਕਾਰਣ ਪੈਦਾ ਹੋਈ ਗਰਮੀ ਨਾਲ ਸੜ ਜਾਵੇਗਾ। ਦੂਸਰਾ ਉਸ ਦੇ ਮੌਜੂਦਾ ਰਾਹ ਦੀ ਜਾਂਚ ਤੋਂ ਪਤਾ ਲਗਾ ਹੈ ਕਿ ਉਸ ਦੇ ਕਿਸੇ ਅਬਾਦੀ ਵਾਲੇ ਖੇਤਰ ਵਿੱਚ ਡਿੱਗਣ ਦੀ ਸੰਭਾਵਨਾ ਵੀ ਘੱਟ ਹੀ ਹੈ। ਪਰ ਸਮੇਂ ਨਾਲ ਉਨ੍ਹਾਂ ਦੀਆਂ ਇਹ ਭਵਿੱਖਬਾਣੀਆਂ ਕੁਝ ਹੱਦ ਤਕ ਗਲਤ ਹੀ ਸਾਬਤ ਹੋਈਆਂ। ਬੋਦੀ ਵਾਲਾ ਤਾਰਾ ਲਟ ਲਟ ਕਰਦਾ ਸਮੁੰਦਰ ਵਿੱਚ ਆ ਡਿੱਗਿਆ, ਜਿਸ ਨਾਲ ਸਮੁੰਦਰੀ ਪਾਣੀਆਂ ਵਿਚ ਵੱਡੀ ਸੁਨਾਮੀ ਪੈਦਾ ਹੋ ਗਈ। ਸਮੁੰਦਰੀ ਕਿਨਾਰੇ ਉੱਤੇ ਵਸੇ ਅਨੇਕ ਨਗਰ ਇਸ ਦੇ ਮਾਰੂ ਪ੍ਰਭਾਵ ਦਾ ਸ਼ਿਕਾਰ ਬਣ ਗਏ।

ਭਿੰਨ ਭਿੰਨ ਸ਼ਹਿਰਾਂ ਤੋਂ ਖਬਰਾਂ ਆ ਰਹੀਆ ਸਨ ਕਿਧਰੇ ਹੜ੍ਹ ਕਾਰਣ ਹੋਈ ਤਬਾਹੀ ਦਾ ਜ਼ਿਕਰ ਸੀ ਤੇ ਕਿਧਰੇ ਭੂਚਾਲ ਕਾਰਣ ਮਾਰੇ ਗਏ ਤੇ ਗੁੰਮਸ਼ੁਦਾ ਲੋਕਾਂ ਦਾ ਵਰਨਣ ਸੀ। ਸੁਨਾਮੀ ਨੇ ਸਮੁੰਦਰੀ ਤੱਟ ਨੇੜੇ ਵਸੇ ਕਈ ਸ਼ਹਿਰਾਂ ਨੂੰ ਤਾਂ ਪੂਰੀ ਤਰ੍ਹਾਂ ਹੀ ਤਬਾਹ ਕਰ ਦਿੱਤਾ ਸੀ। ਭੂਚਾਲਾਂ ਕਾਰਣ ਅਨੇਕ ਇਮਾਰਤਾਂ ਢਹਿ ਢੇਰੀ ਹੋ ਗਈਆਂ ਸਨ। ਕਈ ਜੰਗਲੀ ਖੇਤਰਾਂ ਵਿਚ ਅੱਗ ਨੇ ਤਬਾਹੀ ਮਚਾ ਰੱਖੀ ਸੀ। ਡਰ ਤੇ ਹਫੜਾ-ਦਫੜੀ ਦਾ ਮਾਹੌਲ ਹਰ ਪਾਸੇ ਫੈਲਿਆ ਨਜ਼ਰ ਆ ਰਿਹਾ ਸੀ। ਲੋਕ ਦੀ ਬਹੁਤਾਤ ਤਬਾਹੀ ਨਾਲ ਸਿੱਝਣ ਲਈ ਜਦੋਜਹਿਦ ਕਰ ਰਹੀ ਸੀ।

ਇਹ ਤਬਾਹੀ ਤੋਂ ਉਭਰਣ ਲਈ ਦੁਨੀਆਂ ਨੂੰ ਕਾਫ਼ੀ ਸਮਾਂ ਲੱਗਿਆ। ਪਰ ਬੋਦੀ ਵਾਲੇ ਤਾਰੇ ਦੇ ਧਰਤੀ ਉੱਤੇ ਆ ਡਿੱਗਣ ਨਾਲ ਧਰਤੀ ਦੇ ਹਾਲਾਤਾਂ ਵਿਚ ਇਕ ਨਵੀਂ ਤਬਦੀਲੀ ਨਜ਼ਰ ਆਉਣ ਲੱਗ ਪਈ ਸੀ। ਇਹ ਤਾਰਾ ਆਪਣੇ ਨਾਲ ਇੱਕ ਰਹੱਸਮਈ ਊਰਜਾ ਸਰੋਤ ਲੈ ਕੇ ਆਇਆ ਸੀ ਜਿਸ ਨੇ ਦੁਨੀਆਂ ਨੂੰ ਹੌਲ਼ੀ ਹੌਲ਼ੀ ਬਦਲਣਾ ਸ਼ੁਰੂ ਕਰ ਦਿੱਤਾ ਸੀ।

******

ਬੋਦੀ ਵਾਲੇ ਤਾਰੇ ਦੇ ਧਰਤੀ ਉੱਤੇ ਡਿੱਗਣ ਦੀ ਘਟਨਾ ਨੂੰ ਹੁਣ ਤਕ ਲਗਭਗ ਇਕ ਸਾਲ ਹੋ ਚੁੱਕਾ ਸੀ।

ਮੈਕਸ ਇਕ ਵਿਗਿਆਨੀ ਸੀ ਜੋ ਪਿਛਲੇ ਲੰਮੇ ਅਰਸੇ ਤੋਂ ਬੋਦੀ ਵਾਲੇ ਤਾਰੇ ਤੇ ਉਸ ਦੇ ਪ੍ਰਭਾਵਾਂ ਬਾਰੇ ਖੋਜ ਕਾਰਜਾਂ ਵਿਚ ਜੁੱਟਿਆ ਹੋਇਆ ਸੀ।

ਉਸ ਦਿਨ ਮੈਕਸ ਆਪਣੇ ਦੋਸਤਾਂ ਨਾਲ ਕੌਫ਼ੀ ਹਾਊਸ ਵਿਚ ਬੈਠਾ ਸੀ। ਕੌਫ਼ੀ ਪੀਂਦਿਆਂ, ਕੈਫੇ ਦੇ ਬਾਹਰ ਦੀ ਚਹਿਲ ਪਹਿਲ ਦੇਖ ਮੈਕਸ ਦੇ ਮਨ ਵਿਚ ਵਿਚਾਰਾਂ ਦੀ ਉਥਲ ਪੁਥਲ ਚਲ ਰਹੀ ਸੀ। 'ਬੋਦੀ ਵਾਲੇ ਤਾਰੇ ਦੇ ਆਉਣ ਤੋਂ ਬਾਅਦ ਸੰਸਾਰ ਕਿੰਨਾਂ ਬਦਲ ਗਿਆ ਸੀ,' ਉਹ ਸੋਚ ਰਿਹਾ ਸੀ।

"ਹੈਰਾਨੀ ਵਾਲੀ ਗੱਲ ਹੈ ਕਿ ਬੋਦੀ ਵਾਲੇ ਤਾਰੇ ਨੂੰ ਧਰਤੀ ਉੱਤੇ ਡਿੱਗਿਆਂ ਇੱਕ ਸਾਲ ਹੋ ਗਿਆ ਹੈ...... ਜ਼ਰਾ ਉਸ ਘਟਨਾ ਕਾਰਨ ਦੁਨੀਆ ਅੰਦਰ ਹੁਣ ਤਕ ਆਈਆਂ ਤਬਦੀਲੀਆਂ ਤਾਂ ਦੇਖੋ।" ਮੈਕਸ ਦੇ ਬੋਲ ਸਨ।

"ਕਿਹੜੀਆਂ ਤਬਦੀਲੀਆਂ?.........ਜ਼ਰਾ ਖੁੱਲ ਕੇ ਦੱਸੋ ਨਾ!' ਉਸ ਦੀ ਦੋਸਤ ਲਿੱਲੀ ਨੇ ਕਿਹਾ।

"ਜ਼ਰਾ ਸੋਚੋ, ਕੀ ਕੋਈ ਅੰਦਾਜ਼ਾ ਵੀ ਲਗਾ ਸਕਦਾ ਸੀ ਕਿ ਬੋਦੀ ਵਾਲਾ ਤਾਰਾ ਆਪਣੇ ਨਾਲ ਊਰਜਾ ਦਾ ਕੋਈ ਨਵਾਂ ਸੋਮਾ ਲੈ ਕੇ ਆਵੇਗਾ ਜੋ ਦੁਨੀਆ ਭਰ ਵਿਚ ਵੱਡੀ ਤਬਦੀਲੀਆਂ ਦਾ ਕਾਰਣ ਬਣ ਜਾਵੇਗਾ?"

'ਨਵਾਂ ਊਰਜਾ ਸੋਮਾ? ......ਕੀ ਫ਼ਰਕ ਹੈ ਇਸ ਦਾ ਪਹਿਲਾਂ ਵਾਲੇ ਊਰਜਾ ਸੋਮਿਆਂ ਤੋਂ ਭਲਾ?' ਲਿੱਲੀ ਨੇ ਹੈਰਾਨੀ ਭਰੀ ਨਜ਼ਰ ਨਾਲ ਦੇਖਦੇ ਹੋਏ ਕਿਹਾ।

"ਇਹ ਨਵਾਂ ਊਰਜਾ ਸੋਮਾ, ਧਰਤੀ ਉੱਤੇ ਮੌਜੂਦ ਸਾਰੇ ਊਰਜਾ ਸੋਮਿਆਂ ਤੋਂ ਬਿਲਕੁਲ ਹੀ ਵੱਖਰੀ ਕਿਸਮ ਦਾ ਹੈ। ਅਜਿਹਾ ਊਰਜਾ ਸੋਮਾ ਤਾਂ ਅਸੀਂ ਪਹਿਲਾਂ ਕਦੇ ਵੀ ਨਹੀਂ ਦੇਖਿਆ। ਇਹ ਪ੍ਰਦੂਸ਼ਣ ਰਹਿਤ, ਤੇ ਕਦੇ ਨਾ ਖ਼ਤਮ ਹੋਣ ਵਾਲਾ ਊਰਜਾ ਸਰੋਤ ਹੈ, ਜੋ ਧਰਤੀ ਦੇ ਕੁਦਰਤੀ ਮਾਹੌਲ ਨੂੰ ਨੁਕਸਾਨ ਵੀ ਨਹੀਂ ਪਹੁੰਚਾਉਂਦਾ।"

"ਪਿਛਲੇ ਅਰਸੇ ਦੌਰਾਨ ਦਵਾਈਆ ਦੇ ਖੇਤਰ ਵਿਚ ਜੋ ਤਰੱਕੀ ਵਾਪਰੀ ਹੈ ਉਹ ਵੀ ਬਹੁਤ ਹੀ ਸ਼ਾਨਦਾਰ ਹੈ। ਅਜਿਹੀਆਂ ਦਵਾਈਆਂ ਦੀ ਖੋਜ ਕਰ ਲਈ ਗਈ ਹੈ ਜਿਨ੍ਹਾਂ ਨਾਲ ਹੁਣ ਤਕ ਲਾਇਲਾਜ ਬਿਮਾਰੀਆਂ ਦਾ ਇਲਾਜ ਕਰਨਾ ਵੀ ਸਹਿਜ ਹੋ ਗਿਆ ਹੈ।'ਡਾ. ਡੇਵਿਡ ਦੇ ਬੋਲ ਸਨ।

"ਇਹ ਬਹੁਤ ਹੀ ਹੈਰਾਨੀ ਵਾਲੀ ਗੱਲ ਹੈ ਕਿ ਇੰਨੀ ਤਬਾਹਕਾਰੀ ਚੀਜ਼ ਸਾਡੀ ਦੁਨੀਆ ਉੱਤੇ ਇੰਨਾ ਚੰਗਾ ਅਸਰ ਵੀ ਪਾ ਸਕਦੀ ਹੈ, ਯਕੀਨ ਕਰਨਾ ਵੀ ਮੁਸ਼ਕਲ ਲੱਗ ਰਿਹਾ ਹੈ।" ਮੁਸਕਰਾਂਦੇ ਹੋਏ ਮੈਕਸ ਬੋਲਿਆ।

ਉਨ੍ਹਾਂ ਦੀਆਂ ਗੱਲਾਂ ਸੁਣ ਨੇੜੇ ਬੈਠੇ ਨੌਜੁਆਨਾਂ ਦੀ ਇਕ ਟੋਲੀ ਆਪਣੀ ਉਤਸੁਕਤਾ ਨਾ ਰੋਕ ਸਕੀ ਅਤੇ ਉਹ ਮੈਕਸ ਤੇ ਉਸ ਦੇ ਸਾਥੀਆਂ ਤੋਂ ਹੋਰ ਨਵਾਂ ਕੁਝ ਜਾਨਣ ਲਈ ਉਨ੍ਹਾਂ ਦੇ ਕੋਲ ਆ ਖੜੇ ਹੋਏ।

"ਮਾਫ ਕਰਨਾ, ਸਾਡਾ ਅੰਦਾਜ਼ਾ ਹੈ ਕਿ ਤੁਸੀਂ ਵਿਗਿਆਨੀ ਹੋ। ਅਸੀਂ ਤੁਹਾਡੀ ਗਲਬਾਤ ਸੁਣ ਉਤਸਕ ਹੋ ਗਏ ਹਾ ਤੇ ਤੁਹਾਥੋਂ ਤੁਹਾਡੀਆਂ ਖੋਜਾਂ ਬਾਰੇ ਹੋਰ ਜਾਨਣਾ ਚਾਹੁੰਦੇ ਹਾਂ। ਆਸ ਹੈ ਤੁਸੀਂ ਨਿਰਾਸ਼ ਨਹੀਂ ਕਰੋਗੇ।" ਨੌਜੁਆਨਾਂ ਦੀ ਟੋਲੀ ਵਿਚੋਂ ਇਕ ਉੱਚੇ ਲੰਮੇ ਕੱਦ ਵਾਲੇ ਮੁੰਡੇ ਦੇ ਬੋਲ ਸਨ।

ਮੈਕਸ ਅਤੇ ਉਸ ਦੇ ਸਾਥੀਆਂ ਨੇ ਹਾਮੀ ਭਰਣ ਤੋਂ ਪਹਿਲਾਂ ਨੌਜੁਆਨਾਂ ਦੀ ਟੋਲੀ ਉੱਤੇ ਝਾਤ ਮਾਰੀ।

"ਹਾਂ, ਇਹ ਸਹੀ ਹੈ," ਮੈਕਸ ਨੇ ਕਿਹਾ। "ਤੁਸੀਂ ਕੀ ਜਾਨਣਾ ਚਾਹੁੰਦੇ ਹੋ? ' ਉਸ ਪੁੱਛਿਆ।

ਨੌਜੁਆਨ ਘਬਰਾਏ ਹੋਏ ਨਜ਼ਰ ਆ ਰਹੇ ਸਨ। ਉਹ ਆਪਣਾ ਸਵਾਲ ਪੁੱਛਣ ਤੋਂ ਹਿਚਕਚਾ ਰਹੇ ਸਨ। ਆਖਰ ਉਹੀ ਮੁੰਡਾ ਬੋਲਿਆ। "ਅਸੀਂ ਕੁਝ ਅਫਵਾਹਾਂ ਸੁਣੀਆਂ ਹਨ ਕਿ ਕਈ ਬਹੁਤ ਹੀ ਵਿਸ਼ੇਸ਼ ਗੁਣਾਂ ਵਾਲੇ ਲੋਕ ਦੇਖੇ ਗਏ ਹਨ ਸ਼ਾਇਦ ਫ਼ਿਲਮੀ ਸੁਪਰ ਹੀਰੋਜ਼ ਵਰਗੇ। ਕੀ ਇਹ ਸੱਚ ਹੈ?"

ਮੈਕਸ, ਲਿਲੀ ਤੇ ਡੇਵਿਡ ਨੇ ਆਪਸ ਵਿਚ ਹੈਰਾਨੀ ਭਰੀ ਨਜ਼ਰ ਨਾਲ ਦੇਖਿਆ, ਜਿਵੇਂ ਕਿ ਉਨ੍ਹਾਂ ਨੂੰ ਅਜਿਹੇ ਸਵਾਲ ਦੀ ਆਸ ਨਹੀਂ ਸੀ। ਸੱਚ ਤਾਂ ਇਹ ਸੀ ਕਿ ਉਨ੍ਹਾਂ ਨੇ ਵੀ ਅਜਿਹੀਆਂ ਅਫਵਾਹਾਂ ਸੁਣੀਆਂ ਸਨ, ਪਰ ਉਹੀ ਨਹੀਂ ਸਨ ਜਾਣਦੇ ਕਿ ਇਨ੍ਹਾਂ ਅਫ਼ਵਾਹਾਂ ਵਿੱਚ ਕਿੰਨੀ ਸੱਚਾਈ ਸੀ।

"ਅਸੀਂ ਅਫਵਾਹਾਂ ਤਾਂ ਸੁਣੀਆਂ ਹਨ," ਮੈਕਸ ਨੇ ਸਾਵਧਾਨੀ ਨਾਲ ਕਿਹਾ। "ਪਰ ਸਾਨੂੰ ਨਹੀਂ ਪਤਾ ਕਿ ਉਨ੍ਹਾਂ ਵਿੱਚ ਕੋਈ ਸੱਚਾਈ ਹੈ ਜਾਂ ਨਹੀਂ। ਅਸੀਂ ਬੋਦੀ ਵਾਲੇ ਤਾਰੇ ਦੁਆਰਾ ਲਿਆਂਦੇ ਊਰਜਾ ਸੋਮੇ ਦੇ ਜਾਂਚ ਕਾਰਜਾਂ ਵਿਚ ਇਨ੍ਹਾਂ ਰੁਝੇ ਰਹੇ ਹਾਂ ਕਿ

ਸਾਡੇ ਕੋਲ ਅਜਿਹੀਆਂ ਅਫਵਾਹਾਂ ਦੀ ਜਾਂਚ ਕਰਨ ਦਾ ਸਮਾਂ ਹੀ ਨਹੀਂ ਸੀ।"

ਨੌਜੁਆਨ ਨੇ ਸਹਿਮਤੀ ਵਿਚ ਸਿਰ ਹਿਲਾਇਆ, ਬੇਸ਼ਕ ਉਹ ਸ਼ੰਕਾਂ ਨਵਿਰਤੀ ਨਾ ਹੋਣ ਕਾਰਣ ਥੋੜਾ ਨਿਰਾਸ਼ ਤਾਂ ਨਜ਼ਰ ਆਇਆ ਪਰ ਉਹ ਜਵਾਬ ਸੁਣ ਹੈਰਾਨ ਨਹੀਂ ਸੀ।

"ਧੰਨਵਾਦ," ਲੰਬੇ ਮੁੰਡੇ ਨੇ ਕਿਹਾ। "ਅਸੀਂ ਸਿਰਫ ਉਤਸੁਕ ਸੀ ਸੱਚ ਜਾਨਣ ਲਈ।" ਉਸ ਕਿਹਾ ਤੇ ਆਪਣੇ ਦੋਸਤਾਂ ਵੱਲ ਮੁੜ, ਆਪਣੀ ਟੋਲੀ ਸਮੇਤ ਉਥੋਂ ਚਲਾ ਗਿਆ।

"ਕੀ ਤੈਨੂੰ ਲਗਦਾ ਹੈ ਕਿ ਇਹਨਾਂ ਅਫਵਾਹਾਂ ਵਿੱਚ ਕੋਈ ਸੱਚਾਈ ਹੈ?" ਜਿਵੇਂ ਹੀ ਮੁੰਡਿਆਂ ਦੀ ਟੋਲੀ ਉਥੋਂ ਗਈ ਲਿੱਲੀ ਨੇ ਮੈਕਸ ਨੂੰ ਪੁੱਛਿਆ।

"ਪੱਕਾ ਤਾਂ ਕੁਝ ਨਹੀਂ ਕਿਹਾ ਜਾ ਸਕਦਾ। ਬੋਦੀ ਵਾਲੇ ਤਾਰੇ ਨਾਲ ਆਏ ਊਰਜਾ ਸੋਮੇ ਨੇ ਲੋਕਾਂ ਉੱਤੇ ਪੱਕੇ ਤੌਰ ਉੱਤੇ ਕੁਝ ਗੈਰ ਮਾਮੂਲੀ ਅਸਰ ਪਾਇਆ ਹੈ।'ਮੈਕਸ ਨੇ ਮੋਢੇ ਹਿਲਾਂਉਂਦੇ ਹੋਏ ਕਿਹਾ। '......ਹਾਂ, ਸੱਚ! ਕੁਝ ਅਜਿਹੇ ਮਾਮਲੇ ਵੀ ਰਿਪੋਰਟ ਹੋਏ ਹਨ ਜਿਨ੍ਹਾਂ ਵਿਚ ਸੁਪਰ ਪਾਵਰ ਵਾਲੇ, ਬਹੁਤ ਤੇਜ਼ ਦੌੜਾਕ, ਅਤੇ ਇੱਥੋਂ ਤੱਕ ਕਿ ਟੈਲੀਪੋਰਟੇਸ਼ਨ ਦੀ ਯੋਗਤਾ ਵਾਲੇ ਲੋਕਾਂ ਦੀ ਵੀ ਦਸ ਪਈ ਹੈ। ਪਰ ਕੀ ਸੁਪਰ ਹੀਰੋਜ਼ ਅਸਲ ਵਿਚ ਹੁੰਦੇ ਵੀ ਹਨ, ਯਕੀਨ ਹੀ ਨਹੀਂ ਹੋ ਰਿਹਾ।"

ਲਿੱਲੀ ਸੋਚਾਂ ਵਿਚ ਗਲਤਾਨ ਸੀ।

"ਸ਼ਾਇਦ ਇਹ ਸੱਚ ਹੀ ਹੋਵੇ, ਜਾਂ ਫ਼ਿਰ ਸਿਰਫ਼ ਝੂਠ।' ਬੋਲਦਿਆਂ ਡੇਵਿਡ ਦੁਵਿਧਾ ਵਿਚ ਸੀ।

*****

ਤਦ ਹੀ ਕੌਫ਼ੀ ਹਾਉਸ ਦੇ ਬਾਹਰ ਹੰਗਾਮੇ ਵਰਗੇ ਹਾਲਾਤ ਪੈਦਾ ਹੋ ਗਏ। ਚੀਕਣ ਅਤੇ ਝੜਪ ਦੀਆਂ ਉੱਚੀਆਂ ਉੱਚੀਆ ਆਵਾਜ਼ਾਂ ਸੁਣਾਈ ਦੇਣ ਲੱਗੀਆ।

ਮੈਕਸ, ਲਿੱਲੀ ਤੇ ਡੇਵਿਡ, ਇਹ ਵੇਖਣ ਲਈ ਕਿ ਬਾਹਰ ਕੀ ਹੋ ਰਿਹਾ ਹੈ, ਤੇਜ਼ੀ ਨਾਲ ਆਪਣੀਆਂ ਸੀਟਾਂ ਤੋਂ ਉੱਠ ਕੌਫੀ ਹਾਊਸ ਤੋਂ ਬਾਹਰ ਨਿਕਲ ਆਏ। ਉਨ੍ਹਾਂ ਨੇ ਦੇਖਿਆ ਕਿ ਲੋਕਾਂ ਦੀ ਇੱਕ ਟੋਲੀ ਇੱਕ ਆਦਮੀ ਦੇ ਆਲੇ-ਦੁਆਲੇ ਝੁਰਮਟ ਬਣਾਈ ਖੜ੍ਹੀ ਸੀ ਤੇ ਉਹ ਆਦਮੀ ਉਸ ਝੁਰਮਟ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਕੀ ਹੋ ਰਿਹਾ ਹੈ?" ਮੈਕਸ ਨੇ ਭੀੜ ਵਿੱਚ ਵੜ੍ਹ ਅੱਗੇ ਵੱਲ ਜਾਣ ਦਾ ਰਸਤਾ ਬਣਾਉਂਦੇ ਹੋਏ ਪੁੱਛਿਆ।

ਜਿਸ ਆਦਮੀ ਨੂੰ ਲੋਕਾਂ ਨੇ ਫੜ੍ਹਿਆ ਹੋਇਆ ਸੀ, ਉਸ ਨੇ ਭੈ ਭੀਤ ਨਜ਼ਰਾਂ ਨਾਲ ਮੈਕਸ ਵੱਲ ਦੇਖਿਆ, "ਇਹ ਲੋਕ ਮੈਨੂੰ ਮਾਰ ਦੇਣਗੇ," ਬਹੁਤ ਹੀ ਦੁਖੀ ਆਵਾਜ਼ ਵਿਚ ਉਸ ਦੇ ਮੱਧਮ ਜਿਹੇ ਬੋਲ ਸਨ।

ਮੈਕਸ ਨੇ ਲਿੱਲੀ ਤੇ ਡੇਵਿਡ ਵੱਲ ਦੇਖਿਆ, ਉਨ੍ਹਾਂ ਨੇ ਹਾਲਾਤ ਦੀ ਗੰਭੀਰਤਾ ਸਮਝਦੇ ਹੋਏ ਸਿਰ ਹਿਲਾਇਆ। ਉਨ੍ਹਾਂ ਸੱਭ ਨੇ ਅਜਿਹੀ ਹਿਫ਼ਾਜਤੀ ਗਾਰਦ ਬਾਰੇ ਸੁਣਿਆ ਹੋਇਆ ਸੀ ਜੋ ਸੁਪਰ ਪਾਵਰ ਵਾਲੇ ਵਿਅਕਤੀਆ ਉੱਤੇ ਕਾਬੂ ਪਾਉਣ ਲਈ ਬਣਾਈ ਗਈ ਸੀ।

"ਤੁਹਾਨੂੰ ਕਿਸੇ ਵੀ ਵਿਅਕਤੀ ਨੂੰ ਮਾਰਨ ਦਾ ਕੋਈ ਹੱਕ ਨਹੀਂ!" ਲਿੱਲੀ ਨੇ ਅੱਗੇ ਵਧ ਦ੍ਰਿੜਤਾ ਨਾਲ ਕਿਹਾ।

ਹਿਫ਼ਾਜਤੀ ਗਾਰਦ ਦੇ ਬੰਦੇ ਮੈਕਸ ਅਤੇ ਲਿੱਲੀ ਵੱਲ ਗੁੱਸੇ ਭਰੀਆਂ ਨਜ਼ਰਾਂ ਨਾਲ ਝਾਂਕਦੇ ਹੋਏ ਕੁਝ ਬੋਲਣ ਹੀ ਜਾ ਰਹੇ ਸਨ, ਕਿ ਅਚਾਨਕ ਅਜਬ ਵਰਤਾਰਾ ਵਾਪਰ ਗਿਆ। ਇਕ ਦਮ ਤਿੱਖੀ ਰੋਸ਼ਨੀ ਪ੍ਰਗਟ ਹੋ ਗਈ।

ਮੈਕਸ, ਲਿੱਲੀ, ਡੇਵਿਡ ਤੇ ਉੱਥੇ ਖੜ੍ਹੇ ਸਾਰੇ ਲੋਕਾਂ ਦੀਆਂ ਅੱਖਾਂ ਤਾਂ ਲਗਭਗ ਚੁੰਧਿਆ ਹੀ ਗਈਆਂ। ਜਦੋਂ ਕੁਝ ਦੇਰ ਬਾਅਦ ਜਦ ਉਹ ਦੁਬਾਰਾ ਦੇਖਣ ਯੋਗ ਹੋਏ, ਤਾਂ ਉਨ੍ਹਾਂ ਦੇਖਿਆ ਕਿ ਜਿਸ ਆਦਮੀ ਨੂੰ ਹਿਫ਼ਾਜਤੀ ਗਾਰਦ ਦੇ ਬੰਦੇ ਫ਼ੜ੍ਹੀ ਖੜੇ ਸਨ, ਉਹ ਤੇਜ਼ ਰੋਸ਼ਨੀ ਛੱਡ ਰਿਹਾ ਸੀ ਤੇ ਹਿਫ਼ਾਜਤੀ ਗਾਰਦ ਦੇ ਬੰਦੇ ਇਧਰ ਉਧਰ ਡਿੱਗੇ ਪਏ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਹੈਰਾਨੀ ਅਤੇ ਡਰ ਦੇ ਰਲੇ ਮਿਲੇ ਭਾਵ ਨਜ਼ਰ ਆ ਰਹੇ ਸਨ। ਤਦ ਹੀ ਮੈਕਸ ਤੇ ਲਿੱਲੀ ਨੇ ਦੇਖਿਆ ਕਿ ਉਹ ਆਦਮੀ ਉਪਰ ਵੱਲ ਉੱਠ ਹਵਾ ਵਿਚ ਤੈਰਣ ਲੱਗ ਪਿਆ ਸੀ ਅਤੇ ਉਸ ਦੇ ਚਾਰੇ ਪਾਸੇ ਚਮਕਦਾਰ ਰੋਸ਼ਨੀ ਨਜ਼ਰ ਆ ਰਹੀ ਸੀ।

ਉਸ ਆਦਮੀ ਨੇ ਮੈਕਸ ਅਤੇ ਲਿਲੀ ਵੱਲ ਧੰਨਵਾਦ ਭਰੀਆਂ ਨਜ਼ਰਾਂ ਨਾਲ ਦੇਖਿਆ, "ਮੇਰੇ ਹੱਕ ਵਿਚ ਹਾਮੀ ਭਰਨ ਲਈ ਤੁਹਾਡਾ ਸ਼ੁਕਰੀਆ," ਦੂਰ ਜਾਣ ਲਈ ਉਡਾਣ ਭਰਨ ਤੋਂ ਪਹਿਲਾਂ ਉਹ ਫੁਸਫੁਸਾਇਆ। ਜਿਵੇਂ ਹੀ ਮੈਕਸ ਅਤੇ ਲਿੱਲੀ ਨੇ ਮਨੁੱਖ ਨੂੰ ਅੰਬਰ ਵਿਚ ਦੂਰ ਤੇ ਹੋਰ ਦੂਰ ਜਾਂਦੇ ਹੋਏ ਦੇਖਿਆ, ਉਹ ਜਾਣ ਚੁੱਕੇ ਸਨ ਕਿ ਬੋਦੀ ਵਾਲੇ ਤਾਰੇ ਦੀ ਆਮਦ ਨੇ ਸਚਮੁਚ ਹੀ ਦੁਨੀਆਂ ਬਦਲ ਦਿੱਤੀ ਸੀ।

ਪਹਿਲਾਂ ਤਾਂ ਬੋਦੀ ਵਾਲੇ ਤਾਰੇ ਨਾਲ ਆਏ ਊਰਜਾ ਸੋਮੇ ਨੇ ਊਰਜਾ ਖੇਤਰ ਵਿਚ ਕ੍ਰਾਂਤੀ ਪੈਦਾ ਕਰ ਦਿੱਤੀ ਤੇ ਫਿਰ ਨਵੀਂ ਕਿਸਮਾਂ ਦੀਆਂ ਦਵਾਈਆ ਪੈਦਾ ਕਰ ਮਨੁੱਖੀ ਇਲਾਜ ਦੇ ਖੇਤਰ ਵਿਚ ਵੱਡੀਆਂ ਤਬਦੀਲੀਆਂ ਪੈਦਾ ਕਰ ਦਿੱਤੀਆ ਤੇ ਆਹ ਹੁਣ ਮਨੁੱਖੀ ਸੁਭਾਅ ਤੇ ਵਿਵਹਾਰ ਵਿਚ ਵੀ ਬਦਲਾਵ ਪੈਦਾ ਕਰ ਦਿੱਤਾ ਸੀ। ਪਰ ਇਨ੍ਹਾਂ ਬਦਲਾਵਾਂ ਨਾਲ ਨਵੀਆਂ ਮੁਸ਼ਕਲਾਂ ਤੇ ਸ਼ੰਕੇ ਵੀ ਜੁੜੇ ਹੋਏ ਸਨ। ਸੁਪਰ ਪਾਵਰ ਵਾਲੇ ਵਿਅਕਤੀਆਂ ਦਾ

ਪੈਦਾ ਹੋ ਜਾਣਾ ਬੋਦੀ ਵਾਲੇ ਤਾਰੇ ਦੇ ਅਨੇਕ ਅਣਜਾਣੇ ਪ੍ਰਭਾਵਾਂ ਵਿੱਚੋਂ ਇੱਕ ਸੀ, ਅਤੇ ਇਹ ਵੀ ਸਪਸ਼ਟ ਨਹੀਂ ਸੀ ਕਿ ਭਵਿੱਖ ਵਿੱਚ ਕੀ ਹੋਣ ਵਾਲਾ ਹੈ।

ਜਿਵੇਂ ਹੀ ਮੈਕਸ ਅਤੇ ਲਿੱਲੀ ਆਪਣੀ ਪ੍ਰਯੋਗਸ਼ਾਲਾ ਵਿੱਚ ਵਾਪਸ ਆਏ, ਉਹ ਡੂੰਘੀਆਂ ਸੋਚਾਂ ਵਿਚ ਗਲਤਾਨ ਸਨ। ਕਿਉਂ ਕਿ ਉਹ ਜਾਣਦੇ ਸਨ ਕਿ ਉਹਨਾਂ ਨੂੰ ਬੋਦੀ ਵਾਲੇ ਤਾਰੇ ਦੀ ਊਰਜਾ ਦੁਆਰਾ ਮਨੁੱਖਾਂ ਉੱਤੇ ਪੈਦਾ ਕੀਤੇ ਜਾ ਰਹੇ ਪ੍ਰਭਾਵਾਂ ਬਾਰੇ ਜਾਂਚ ਪੜਤਾਲ ਜਾਰੀ ਰੱਖਣੀ ਹੋਵੇਗੀ। ਪਤਾ ਨਹੀਂ ਆਉਣ ਵਾਲੇ ਸਮੇਂ ਵਿਚ ਇਹ ਪ੍ਰਭਾਵ ਮਨੁੱਖਤਾ ਲਈ ਚੰਗੇ ਹੋਣਗੇ ਜਾਂ ਮਾੜੇ, ਸਪਸ਼ਟ ਹੀ ਸੀ ਕਿ ਕੋਈ ਵੀ ਇਸ ਬਾਰੇ ਭਵਿੱਖਬਾਣੀ ਨਹੀਂ ਸੀ ਕਰ ਸਕਦਾ।


ਡਾ. ਦੇਵਿੰਦਰ ਪਾਲ ਸਿੰਘ ਅਧਿਆਪਕ ਅਤੇ ਲੇਖਕ ਹੈ, ਜਿਸ ਦੀਆਂ 24 ਕਿਤਾਬਾਂ ਤੇ ਲਗਭਗ 1200 ਰਚਨਾਵਾਂ ਵਿਗਿਆਨ, ਧਰਮ ਅਤੇ ਵਾਤਾਵਰਣ ਦੇ ਖੇਤਰਾਂ ਵਿਚ ਛੱਪ ਚੁੱਕੀਆਂ ਹਨ। ਉਸ ਦੇ 75 ਟੈਲੀਵਿਯਨ ਪ੍ਰੋਗਰਾਮ ਟੈਲੀਕਾਸਟ ਹੋ ਚੁੱਕੇ ਹਨ। ਜੋ ਯੂਟਿਊਬ ਪੇਸ਼ਕਾਰੀਆਂ ਵਜੋਂ ਇੰਟਰਨੈੱਟ ਉੱਤੇ ਵੀ ਉਪਲਬਧ ਹਨ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਅਜ ਕਲ ਉਹ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਖੇ, ਕੈਨਬ੍ਰਿਜ ਲਰਨਿੰਗ ਸੰਸਥਾ ਦੇ ਡਾਇਰੈਟਰ ਵਜੋਂ ਸੇਵਾ ਨਿਭਾ ਰਹੇ ਹਨ। ਵੈਬਸਾਈਟ:



https://drdpsinghauthor.wordpress.com/

ਈ-ਮੇਲ: drdpsn@gmail.com


## ਰੇਡੀਏਸ਼ਨ ਪ੍ਰਸ਼ਨਾਵਲੀ ਦੇ ਉੱਤਰ

1: ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ 2: ਕਣ ਰੇਡੀਏਸ਼ਨ 3: ਕਣ ਰੇਡੀਏਸ਼ਨ 4: ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ 5: ਰੇਡੀਓ 6: ਗਾਮਾ ਕਿਰਨਾਂ 7: ਦ੍ਰਿਸ਼ਟਮਾਨ ਰੌਸ਼ਨੀ 8: ਇਨਫਰਾਰੈੱਡ 9: ਗ਼ਲਤ 10:ਗ਼ਲਤ

### ਮੁੱਖ ਪੰਨੇ ਦੀ ਤਸਵੀਰ

## ਰੌਬਰਟ ਗੋਡਾਰਡ: ਆਧੁਨਿਕ ਰਾਕਟਸਾਜ਼ੀ ਦਾ ਪਿਤਾਮਾ

ਉਸ ਨੂੰ ਲੋਕ ਚੰਨ ਪੁਰਖ ਕਹਿੰਦੇ ਸਨ ਤੇ ਪੁੱਛਦੇ ਸਨ, "ਬੌਬ ਤੇਰਾ ਰਾਕਟ ਬਣਾਉਣ ਦਾ ਕਾਰੋਬਾਰ ਕਿਵੇਂ ਚੱਲ ਰਿਹਾ ਹੈ?" ਰਾਕਟ ਉਡਾਉਣ ਦੇ ਆਪਣੇ ਸੁਫ਼ਨੇ ਨੂੰ ਪੂਰਾ ਕਰਨ ਲਈ, ਗੋਡਾਰਡ ਨੇ ਅਗਲੇ ਦੋ ਦਹਾਕੇ ਭੌਤਿਕ ਵਿਗਿਆਨ, ਹਵਾਈ ਜਹਾਜ਼ ਵਿਗਿਆਨ ਦਾ ਅਧਿਐਨ ਕਰਦੇ ਹੋਏ ਬਿਤਾਏ। ਉਸਨੂੰ ਯਕੀਨ ਹੋ ਗਿਆ ਕਿ ਪੁਲਾੜ ਤੱਕ ਪਹੁੰਚਣ ਲਈ ਇੱਕ ਰਾਕਟ ਜ਼ਰੂਰੀ ਹੈ। ਉਦੋਂ ਰਾਕਟ ਹੁੰਦੇ ਸਨ, ਦਰਅਸਲ ਸੈਂਕੜੇ ਸਾਲਾਂ ਤੋਂ ਰਾਕਟ ਮੌਜੂਦ ਸਨ ਪਰ ਆਤਿਸ਼ਬਾਜ਼ੀ ਵਰਗੇ। ਉਹ ਸਾਰੇ ਠੋਸ ਬਾਲਣ, ਜੋ ਕਿ ਬਾਰੂਦ ਸੀ, 'ਤੇ ਨਿਰਭਰ ਕਰਦੇ ਸਨ। ਇੱਕ ਤੋਂ ਬਾਅਦ ਇੱਕ ਧਮਾਕੇ ਦੀ ਜਾਂਚ ਕਰਨ ਤੋਂ ਬਾਅਦ, ਗੋਡਾਰਡ ਨੂੰ ਇੱਕ ਵੱਡੀ ਅੜਚਣ ਦਾ ਪਤਾ ਲੱਗਿਆ ਕਿ ਠੋਸ ਬਾਲਣ ਵਿੱਚ ਇੱਕ ਵੱਡੇ ਵਾਹਨ ਨੂੰ ਪੁਲਾੜ ਵਿੱਚ ਲਾਂਚ ਕਰਨ ਲਈ ਇੰਨੀ ਸ਼ਕਤੀ ਨਹੀਂ ਸੀ। ਉਸਨੂੰ ਤਰਲ ਬਾਲਣ ਦੀ ਵਰਤੋਂ ਕਰਨੀ ਪੈਣੀ ਸੀ - ਗੈਸੋਲੀਨ, ਆਕਸੀਜਨ, ਹਾਈਡ੍ਰੋਜਨ ਦੇ ਸੁਮੇਲ ਵਾਲਾ ਤਰਲ ਬਾਲਣ। ਜੋ ਕਿ ਇੱਕ ਗੁੰਝਲਦਾਰ ਮਸਲਾ ਸੀ ਤੇ ਅਸੰਭਵ ਲਗਦਾ ਸੀ। ਪਰ ਉਸ ਨੇ 1926 'ਚ ਉਹ ਕਰ ਦਿਖਾਇਆ। ਉਹ ਆਪਣੇ ਸਮੇਂ ਤੋਂ ਕਾਫ਼ੀ ਅੱਗੇ ਸੀ। ਮੈਰੀਲੈਂਡ ਵਿੱਚ ਨਾਸਾ ਦੇ ਸਪੇਸ ਫਲਾਈਟ ਸੈਂਟਰ ਦਾ ਨਾਮ ਉਸਦੇ ਨਾਮ 'ਤੇ ਰੱਖਿਆ ਗਿਆ ਸੀ। ਜਦੋਂ ਬਜ਼ ਐਲਡਰਿਨ ਚੰਦ 'ਤੇ ਤੁਰਿਆ, ਤਾਂ ਉਸਦੀ ਜੇਬ ਵਿੱਚ ਰੌਬਰਟ ਗੋਡਾਰਡ ਦੀ ਇੱਕ ਛੋਟੀ ਜਿਹੀ ਆਤਮਕਥਾ ਸੀ।






ਧਰਤੀ 2094 ਵਿੱਚ ਸੁੱਕੀਆਂ ਨਸਾਂ ਅਤੇ ਚੁੱਪ ਗੀਤਾਂ ਵਾਲਾ ਗ੍ਰਹਿ ਬਣ ਚੁੱਕੀ ਸੀ। ਉਹ ਦਰਿਆ, ਜਿਨ੍ਹਾਂ ਨੇ ਕਦੇ ਸਭਿਆਚਾਰਾਂ ਦੇ ਭਜਨ ਗਾਏ ਸਨ, ਹੁਣ ਧਰਤੀ 'ਤੇ ਜ਼ਖ਼ਮਾਂ ਵਾਂਗ ਪਏ ਹਨ।

ਮੀਂਹ ਦੇ ਬੱਦਲ ਭਾਰੇ ਹੋ ਕੇ ਵੀ ਰੋਣ ਤੋਂ ਹਿਚਕਦੇ ਸਨ, ਜਿਵੇਂ ਉਹਨਾਂ ਨੂੰ ਸ਼ਰਮ ਆ ਰਹੀ ਹੋਵੇ ਕਿ ਉਨ੍ਹਾਂ ਦੀਆਂ ਅੱਖਾਂ ਦੇ ਹੰਝੂ ਪਹਿਲਾਂ ਹੀ ਜ਼ਹਿਰ ਨਾਲ ਭਰੇ ਪਾਣੀਆਂ ਵਿੱਚ ਰਲ਼ ਜਾਣਗੇ। ਗੰਗਾ ਦੇ ਕੰਢੇ 'ਤੇ ਮੰਦਰ ਸੁੰਨੇ ਪਏ ਸਨ, ਘੰਟੀਆਂ ਜੰਗ ਲੱਗਣ ਕਰ ਕੇ ਚੁੱਪ ਹੋ ਗਈਆਂ ਸਨ, ਅਤੇ ਹਵਾ ਵਿੱਚ ਸੜਦੇ ਕੂੜੇ ਦੀ ਤਿੱਖੀ ਬਦਬੂ ਫੈਲੀ ਹੋਈ ਸੀ। ਮਨੁੱਖਤਾ ਭੁੱਲ ਚੁੱਕੀ ਸੀ ਕਿ ਦਰਿਆ ਸਿਰਫ਼ ਪਾਣੀ ਦੇ ਰਾਹ ਨਹੀਂ, ਸਗੋਂ ਧਰਤੀ ਦੇ ਸਾਹ ਵੀ ਹਨ।

ਸੂਰਜ ਗੰਗਾ 'ਤੇ ਸੁਸਤ ਸੰਤਰੀ ਚਮਕ ਪਾ ਰਿਹਾ ਸੀ। ਪਰ ਪਾਣੀ ਹੁਣ ਚਮਕਦਾ ਨਹੀਂ ਸੀ—ਇਹ ਇਕ ਸੁਸਤ, ਗੰਦਲੀ ਧਾਰਾ ਸੀ, ਜਿਸਦੀ ਸਤ੍ਹਾ 'ਤੇ ਪਲਾਸਟਿਕ ਦੀਆਂ ਬੋਤਲਾਂ, ਪਾਟੇ ਥੈਲੇ ਅਤੇ ਰਸਾਇਣਕ ਝੱਗ ਡਰਾਉਣੇ ਢੰਗ ਨਾਲ ਬੁਲਬੁਲੇ ਬਣਾਉਂਦੇ ਸਨ। ਹਵਾ ਵਿੱਚ ਕੁਝ ਸੜਨ ਅਤੇ ਕੂੜੇ ਦੀ ਬਦਬੂ ਸੀ, ਅਤੇ ਕਾਂਵਾਂ ਦੀਆਂ ਚੀਕਾਂ ਉਸ ਦਰਿਆ ਦੀ ਚੁੱਪੀ 'ਤੇ ਗੂੰਜ ਰਹੀਆਂ ਸਨ, ਜੋ ਕਦੇ ਜੀਵਨ ਦੇ ਗੀਤ ਗਾਉਂਦਾ ਸੀ।

ਬੱਚੇ ਨੇੜੇ ਖੇਡ ਰਹੇ ਸਨ, ਉਨ੍ਹਾਂ ਦੇ ਹਾਸੇ ਉਸ ਤਿੱਖੀ ਬਦਬੂ ਨਾਲ ਮਿਲ ਰਹੇ ਸਨ। ਇੱਕ ਮੁੰਡੇ ਨੇ ਬੋਤਲ ਪਾਣੀ ਵਿੱਚ ਸੁੱਟੀ, ਉਸਨੂੰ ਆਹਿਸਤਾ ਤੈਰਦਾ ਵੇਖਦਾ ਰਿਹਾ। ਉਸਦਾ ਪਿਤਾ ਨੇੜੇ ਖੜ੍ਹਾ ਸੀ, ਮੋਢੇ ਚੁੱਕ ਕੇ ਕਹਿੰਦਾ: "ਇਹ ਤਾਂ ਸਿਰਫ਼ ਇੱਕ ਬੋਤਲ ਹੈ। ਦਰਿਆ ਇਸ ਤੋਂ ਵੀ ਵੱਧ ਨਿਗਲ ਚੁੱਕਾ ਹੈ।"

ਸੁਨੰਦਾ ਮਿਤ੍ਰਾ, ਕਾਰਕੁਨ (ਦੌੜਦੀ ਹੋਈ): "ਕੀ ਤੁਸੀਂ ਨਹੀਂ ਵੇਖਦੇ? ਹਰ ਬੋਤਲ ਇੱਕ ਜ਼ਖ਼ਮ ਹੈ। ਇਹ ਦਰਿਆ ਸਾਡੀ ਲਾਪਰਵਾਹੀ ਕਾਰਨ ਮਰ ਰਿਹਾ ਹੈ!"

ਪਿਤਾ ਨੇ ਹੱਸਦਿਆਂ ਕਿਹਾ: "ਸਾਨੂੰ ਦਰਿਆਵਾਂ ਤੋਂ ਵੱਡੀਆਂ ਸਮੱਸਿਆਵਾਂ ਹਨ। ਫੈਕਟਰੀਆਂ ਸਾਨੂੰ ਖਾਣਾ ਦਿੰਦੀਆਂ ਹਨ, ਖੇਤ ਸਾਨੂੰ ਜੀਵਨ ਦਿੰਦੇ ਹਨ। ਜੀਵਨ ਬਚਾਉਣ ਦੇ ਮੁਕਾਬਲੇ, ਕੁਝ ਕੂੜਾ ਕੀ ਹੈ?"

ਧਰਤੀ ਦੇ ਦਰਿਆ ਸੁੱਕ ਕੇ ਆਪਣੇ ਪਹਿਲੇ ਰੂਪ ਦੀ ਛਾਂ ਬਣ ਗਏ ਸਨ। ਬੇਰੋਕ ਪ੍ਰਦੂਸ਼ਣ—ਉਦਯੋਗਿਕ ਕੂੜਾ, ਖੇਤੀਬਾੜੀ ਦਾ ਬਹਾਅ, ਅਤੇ ਹਰ ਰੋਜ਼ ਪਲਾਸਟਿਕ ਦੇ ਢੇਰ ਕਦੇ ਸੁੱਚੇ ਪਾਣੀਆਂ ਨੂੰ ਘੁੱਟ ਚੁੱਕੇ ਸਨ। ਇਸ ਨਾਲ ਨਾ ਸਿਰਫ਼ ਜਲ-ਜੀਵਨ ਬਚਾਉਂਦੀ ਸੰਭਾਵਨਾ ਖਤਰੇ ਵਿੱਚ ਪਈ ਸੀ, ਸਗੋਂ ਪੀਣ ਵਾਲੇ ਪਾਣੀ ਦੀ ਘਾਟ ਵੀ ਵਧ ਗਈ ਸੀ। ਜਦੋਂ ਮਨੁੱਖ ਮਨੁੱਖੀ ਗਤੀਵਿਧੀਆਂ ਪ੍ਰਤੀ ਬੇਪਰਵਾਹ ਹੋ ਗਿਆ, ਇਸ ਵਾਤਾਵਰਣੀ ਸੰਕਟ ਦੇ ਵਿਚਕਾਰ, ਉੱਚ ਤਕਨੀਕੀ ਵਿਦੇਸ਼ੀ ਜੀਵਾਂ ਦਾ ਇੱਕ ਸਮੂਹ, ਜਿਸਨੂੰ ਅਕਵਾਮੁਰਾ ਕਿਹਾ ਜਾਂਦਾ ਸੀ, ਧਰਤੀ 'ਤੇ ਉੱਤਰਿਆ। ਉਨ੍ਹਾਂ ਦਾ ਮਿਸ਼ਨ ਧਰਤੀ ਦੇ ਦਰਿਆ ਬਚਾਉਣਾ ਸੀ। ਐਂਬੈਸਡਰ ਮਿਸਥਾ, ਜੋ ਉਨ੍ਹਾਂ ਦਾ ਨੇਤਾ ਸੀ, ਆਪਣੀ ਕੌਂਸਲ ਨੂੰ ਗੰਭੀਰਤਾ ਨਾਲ ਕਹਿੰਦਾ ਹੈ: "ਮਨੁੱਖ ਭੁੱਲ ਚੁੱਕੇ ਹਨ ਕਿ ਦਰਿਆ ਉਨ੍ਹਾਂ ਦੇ ਨਹੀਂ ਸਗੋਂ ਇਹ ਧਰਤੀ ਦੀਆਂ ਨਸਾਂ ਹਨ। ਜੇ ਉਹ ਇਸ ਬੇਸਮਝ ਸ਼ੋਸ਼ਣ ਨੂੰ ਜਾਰੀ ਰੱਖਦੇ ਹਨ, ਤਾਂ ਉਨ੍ਹਾਂ ਦਾ ਗ੍ਰਹਿ ਢਹਿ ਢੇਰੀ ਹੋ ਜਾਵੇਗਾ। ਸਾਨੂੰ ਦਖ਼ਲ ਦੇਣਾ ਪਵੇਗਾ ਮੁਕਤੀਕਾਰਾਂ ਵਾਂਗ ਨਹੀਂ, ਸਗੋਂ ਯਾਦ ਦਿਵਾਉਣ ਵਾਲਿਆਂ ਵਾਂਗ।"

ਅਕਵਾਮੁਰਾ ਇੱਕ ਦੂਰ ਦੇ ਗ੍ਰਹਿ ਤੋਂ ਆਏ ਸਨ, ਜਿੱਥੇ ਉਹ ਪਹਿਲਾਂ ਹੀ ਪਾਣੀ ਦੀ ਘਾਟ ਦਾ ਸਾਹਮਣਾ ਕਰ ਚੁੱਕੇ ਸਨ। ਪਰ ਆਪਣੀਆਂ ਅਸਧਾਰਣ ਸ਼ਕਤੀਆਂ ਅਤੇ ਬੁੱਧੀਮਾਨ ਪ੍ਰਣਾਲੀਆਂ ਨਾਲ, ਉਨ੍ਹਾਂ ਨੇ ਆਪਣੇ ਗ੍ਰਹਿ ਕੁਆਟਰਾਸ ਦੇ ਪਾਣੀ ਸਰੋਤਾਂ ਨੂੰ ਬਚਾਉਣ ਲਈ ਉੱਚ ਤਕਨੀਕ ਵਿਕਸਿਤ ਕੀਤੀ ਸੀ। ਧਰਤੀ ਦੇ ਉੱਪਰੋਂ ਉਹ ਦਰਿਆਵਾਂ ਦੀ ਖਰਾਬ ਹਾਲਤ ਦੇਖ ਰਹੇ ਸਨ ਅਤੇ ਦਖ਼ਲ ਦੇਣ ਤੋਂ ਆਪਣੇ ਆਪ ਨੂੰ ਰੋਕ ਨਾ ਸਕੇ।

ਮੁਰਲੀ, ਜੋ ਵਾਤਾਵਰਣ ਵਾਦੀਆਂ ਨਾਲ ਕੰਮ ਕਰ ਰਿਹਾ ਸੀ, ਨੇ ਉਨ੍ਹਾਂ ਨੂੰ ਗੰਗਾ ਦੇ ਕੰਢੇ ਉਤਰਦੇ ਵੇਖਿਆ। ਉਹ ਉਨ੍ਹਾਂ ਦੇ ਅਜੀਬ ਰੂਪ ਦੇਖ ਕੇ ਬੇਹੋਸ਼ ਹੋ ਗਿਆ। ਅੰਬੈਸਡਰ ਮਿਸਥਾ, ਜੋ ਉਨ੍ਹਾਂ ਦਾ ਨੇਤਾ ਸੀ, ਨੇ ਮੁਰਲੀ ਨੂੰ ਹੋਸ਼ ਵਿੱਚ ਲਿਆ। ਅਤੇ ਕਿਹਾ: "ਡਰੋ ਨਹੀਂ। ਅਸੀਂ ਚਿੰਤਾ ਨਾਲ ਆਏ ਹਾਂ, ਜਿੱਤਣ ਲਈ ਨਹੀਂ। ਤੁਹਾਡੇ ਦਰਿਆ ਮਰ ਰਹੇ ਹਨ, ਅਤੇ ਉਨ੍ਹਾਂ ਨਾਲ ਤੁਹਾਡਾ ਭਵਿੱਖ ਵੀ।" ਮੁਰਲੀ ਕੰਬਦਾ ਹੋਇਆ ਕਹਿੰਦਾ ਹੈ: "ਅਸੀਂ ਜਾਣਦੇ ਹਾਂ। ਪਰ ਲੋਕ ਪਰਵਾਹ ਨਹੀਂ ਕਰਦੇ। ਉਦਯੋਗ ਕੂੜਾ ਸੁੱਟਦੇ ਹਨ, ਕਿਸਾਨ ਰਸਾਇਣ ਵਧੇਰੇ ਵਰਤਦੇ ਹਨ, ਅਤੇ ਸ਼ਹਿਰ ਪਲਾਸਟਿਕ ਨਾਲ ਪਾਣੀਆਂ ਨੂੰ ਘੁੱਟਦੇ ਹਨ। ਕੋਈ ਨਹੀਂ ਸੁਣਦਾ।"

ਮਿਸਥਾ ਦੀਆਂ ਅੱਖਾਂ ਦੁੱਖ ਨਾਲ ਚਮਕਦੀਆਂ ਹਨ: "ਕੁਆਟਰਾਸ 'ਤੇ ਅਸੀਂ ਵੀ ਸੋਚਦੇ ਸੀ ਕਿ ਲਾਭ ਪਵਿੱਤਰਤਾ ਨਾਲੋਂ ਵੱਧ ਮਹੱਤਵਪੂਰਨ ਹਨ। ਪਰ ਜਦੋਂ ਸਾਡੇ ਦਰਿਆ ਮਰ ਗਏ, ਤਾਂ ਸਾਡੇ ਲੋਕ ਵੀ ਮਰ ਗਏ। ਪਾਣੀ ਤੋਂ ਬਿਨਾਂ ਧਨ ਮੌਤ ਹੈ।" ਸ਼ੁਰੂ ਵਿੱਚ ਮੁਰਲੀ ਸੰਦੇਹੀ ਅਤੇ ਡਰਿਆ ਹੋਇਆ ਸੀ, ਪਰ ਜਦੋਂ ਉਸਨੇ ਉਨ੍ਹਾਂ ਦੇ ਉੱਚੇ ਮਿਸ਼ਨ ਬਾਰੇ ਸੁਣਿਆ ਤਾਂ ਖੁਸ਼ ਹੋ ਗਿਆ।

ਉਹ ਉਨ੍ਹਾਂ ਨੂੰ ਡਾ. ਰੋਹਨ ਸ਼ਰਮਾ, ਇੱਕ ਪ੍ਰਸਿੱਧ ਵਾਤਾਵਰਣ ਵਿਗਿਆਨੀ, ਕੋਲ ਲੈ ਗਿਆ। ਅਕਵਾਮੁਰਾ ਨੇ ਜਲਦੀ ਹੀ ਸਥਾਨਕ ਲੋਕਾਂ ਅਤੇ ਸਰਕਾਰਾਂ ਦਾ ਭਰੋਸਾ ਜਿੱਤ ਲਿਆ। ਡਾ. ਸ਼ਰਮਾ ਹੈਰਾਨ ਰਹਿ ਗਿਆ: "ਉਨ੍ਹਾਂ ਦੀ ਤਕਨੀਕ ਕ੍ਰਾਂਤੀਕਾਰੀ ਹੈ। ਅਸੀਂ ਆਪਣੇ ਦਰਿਆ ਮੁੜ ਸੁਰਜੀਤ ਕਰ ਸਕਦੇ ਹਾਂ ਤੇ ਸੁੰਦਰ ਬਣਾ ਸਕਦੇ ਹਾਂ।"

ਸੁਨੰਦਾ ਮਿਤ੍ਰਾ, ਇੱਕ ਸਥਾਨਕ ਕੁਦਰਤੀ ਸਰੋਤਾਂ ਦੀ ਕਾਰਕੁਨ, ਦਰਿਆ ਸੰਰੱਖਣ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਬੇਹੱਦ ਮਿਹਨਤ ਕਰ ਰਹੀ ਸੀ। "ਅਕਵਾਮੁਰਾ ਦਾ ਦੌਰਾ ਇੱਕ ਚੇਤਾਵਨੀ ਹੈ," ਉਸਨੇ ਜ਼ੋਰ ਦਿੱਤਾ। "ਸਾਨੂੰ ਆਪਣੀਆਂ ਕਰਤੂਤਾਂ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਅਤੇ ਆਪਣੇ ਦਰਿਆ ਬਚਾਉਣੇ ਚਾਹੀਦੇ ਹਨ।"

ਅਕਵਾਮੁਰਾ ਆਪਣੇ ਨਾਲ ਕਈ ਨਵੇਂ ਹੱਲ ਲਿਆਂਦੇ ਸਨ: ਉੱਚ ਪਾਣੀ ਸ਼ੁੱਧੀਕਰਨ ਪ੍ਰਣਾਲੀਆਂ, ਬਾਇਓਡੀਗ੍ਰੇਡੇਬਲ

ਪਲਾਸਟਿਕ ਦੇ ਵਿਕਲਪ, ਟਿਕਾਊ ਖੇਤੀਬਾੜੀ ਦੇ ਤਰੀਕੇ, ਵਾਤਾਵਰਣ-ਮਿੱਤਰ ਉਦਯੋਗਿਕ ਪ੍ਰਕਿਰਿਆਵਾਂ ਆਦਿ।

ਸਥਾਨਕ ਸਮੂਹਾਂ ਅਤੇ ਸਰਕਾਰਾਂ ਨੇ ਸਮਝ ਲਿਆ ਸੀ ਕਿ ਇਹੀ ਤਰੀਕਾ ਹੈ ਭਵਿੱਖੀ ਪੀੜ੍ਹੀਆਂ ਲਈ ਜਿੰਨਾ ਸੰਭਵ ਹੋ ਸਕੇ ਸਰੋਤਾਂ ਨੂੰ ਬਚਾਉਣ ਦਾ। ਇਸ ਲਈ ਉਹ ਉਤਸ਼ਾਹ ਨਾਲ ਅਕਵਾਮੁਰਾ ਨਾਲ ਮਿਲ ਕੇ ਕੰਮ ਕਰਨ ਲੱਗੇ। ਇਕੱਠੇ ਹੋ ਕੇ ਉਨ੍ਹਾਂ ਨੇ ਇਹ ਹੱਲ ਲਾਗੂ ਕੀਤੇ ਅਤੇ ਹੌਲੀ-ਹੌਲੀ ਦਰਿਆ ਮੁੜ ਜੀਵੰਤ ਹੋਣ ਲੱਗੇ।

ਖੇਤਾਂ ਵਿੱਚ, ਅਕਵਾਮੁਰਾ ਨੇ ਕਿਸਾਨ ਰਮੇਸ਼ ਨਾਲ ਮੁਲਾਕਾਤ ਕੀਤੀ, ਜਿਸਨੇ ਰਸਾਇਣਾਂ ਦੀ ਵਰਤੋਂ ਦਾ ਬਚਾਅ ਕੀਤਾ: "ਅਸੀਂ

ਲੱਖਾਂ ਲੋਕਾਂ ਨੂੰ ਖਾਣਾ ਖਵਾਉਣਾ ਹੈ। ਖਾਦਾਂ ਤੋਂ ਬਿਨਾਂ ਅਸੀਂ ਜੀ ਨਹੀਂ ਸਕਦੇ।"

ਅਕਵਾਮੁਰਾ ਵਿਗਿਆਨੀ ਲਿਓਰਾ ਨੇ ਜਵਾਬ ਦਿੱਤਾ: "ਪਰ ਹਰ ਬੂੰਦ ਜ਼ਹਿਰ ਹੈ ਜੋ ਤੁਸੀਂ ਮਿੱਟੀ ਵਿੱਚ ਪਾਉਂਦੇ ਹੋ, ਉਹ ਦਰਿਆਵਾਂ ਤੱਕ ਪਹੁੰਚਦੀ ਹੈ। ਤੁਸੀਂ ਅੱਜ ਆਪਣੇ ਲੋਕਾਂ ਨੂੰ ਖਵਾਉਂਦੇ ਹੋ, ਪਰ ਉਨ੍ਹਾਂ ਦੇ ਭਵਿੱਖ ਨੂੰ ਭੁੱਖਾ ਬਣਾ ਰਹੇ ਹੋ।"

ਰਮੇਸ਼ ਹੱਕਾ-ਬੱਕਾ ਰਹਿ ਗਿਆ, ਸਮਝਦਿਆਂ: "ਅਸੀਂ ਕਦੇ ਇਸ ਤਰ੍ਹਾਂ ਨਹੀਂ ਸੋਚਿਆ। ਅਸੀਂ ਸਿਰਫ਼ ਫਸਲ ਵੇਖੀ, ਨੁਕਸਾਨ ਨਹੀਂ।"

ਸ਼ਹਿਰਾਂ ਵਿੱਚ, ਪਲਾਸਟਿਕ ਦਾ ਕੂੜਾ ਦਰਿਆ ਦੇ ਕੰਢਿਆਂ 'ਤੇ ਢੇਰਾਂ ਵਿੱਚ ਪਿਆ ਸੀ। ਬੱਚੇ ਬੋਤਲਾਂ ਅਤੇ ਥੈਲਿਆਂ ਦੇ ਢੇਰਾਂ ਨੇੜੇ ਖੇਡ ਰਹੇ ਸਨ, ਜਦੋਂ ਕਿ ਵੱਡੇ ਬੇਪਰਵਾਹੀ ਨਾਲ ਕੂੜਾ ਸੁੱਟ ਰਹੇ ਸਨ। ਕਾਰਕੁਨ ਸੁਨੰਦਾ ਮਿਤ੍ਰਾ ਨੇ ਪੁਕਾਰਿਆ: "ਇਹ ਵੇਖੋ! ਲੋਕ ਦਰਿਆਵਾਂ ਨੂੰ ਕੂੜੇਦਾਨ ਸਮਝਦੇ ਹਨ। ਉਹ ਭੁੱਲ ਗਏ ਹਨ ਕਿ ਇਹ ਪਾਣੀ ਉਨ੍ਹਾਂ ਨੂੰ ਜੀਵਨ ਦਿੰਦੇ ਹਨ।"

ਮਿਸਥਾ ਦੀ ਗੂੰਜਦਾਰ ਆਵਾਜ਼ ਗੱਜੀ: "ਹਰ ਬੋਤਲ ਦਰਿਆ ਦੇ ਦਿਲ 'ਤੇ ਇੱਕ ਖੰਜਰ ਹੈ। ਇੱਕ ਹਜ਼ਾਰਾਂ ਬਣ ਜਾਂਦੀ ਹੈ, ਹਜ਼ਾਰਾਂ ਲੱਖਾਂ ਬਣ ਜਾਂਦੀਆਂ ਹਨ। ਕੀ ਤੁਸੀਂ ਨਹੀਂ ਵੇਖਦੇ ਕਿ ਤੁਸੀਂ ਕਿਵੇਂ ਇਸਨੂੰ ਘੁੱਟ ਰਹੇ ਹੋ?"

ਗੰਗਾ, ਜੋ ਕਦੇ ਅਧਿਆਤਮਿਕ ਅਤੇ ਸੱਭਿਆਚਾਰਕ ਮਹੱਤਤਾ ਦੀ ਪ੍ਰਤੀਕ ਸੀ, ਹੁਣ ਨਵੇਂ ਜੀਵਨ ਨਾਲ ਭਰ ਗਈ। ਦਰੱਖਤ, ਜੋ ਲੰਮੇ ਸਮੇਂ ਤੋਂ ਚੁੱਪ ਖੜੇ ਸਨ, ਹੁਣ ਆਪਣੀਆਂ ਟਾਹਣੀਆਂ ਪਾਣੀ ਵੱਲ ਝੁਕਾ ਰਹੇ ਸਨ, ਜਿਵੇਂ ਮੁੜ ਜਨਮੇ ਦਰਿਆ ਨੂੰ ਅਸੀਸਾਂ ਦੇ ਰਹੇ ਹੋਣ। ਹਵਾ, ਜੋ ਪਹਿਲਾਂ ਸੜਨ ਦੀ ਬਦਬੂ ਨਾਲ ਭਰੀ ਸੀ, ਹੁਣ ਗਿੱਲੀ ਮਿੱਟੀ ਅਤੇ ਖਿੜੇ ਕੰਵਲਾਂ ਦੀ ਖੁਸ਼ਬੂ ਨਾਲ ਮਹਿਕ ਰਹੀ ਸੀ। ਪਿੰਡ ਵਾਸੀ ਘਾਟਾਂ 'ਤੇ ਇਕੱਠੇ ਹੋਏ, ਅੱਖਾਂ ਵਿੱਚ ਹੈਰਾਨੀ, ਹੋਠਾਂ 'ਤੇ ਧੰਨਵਾਦ ਦੀਆਂ ਫੁਸਫੁਸਾਹਟਾਂ। ਦਹਾਕਿਆਂ ਵਿੱਚ ਪਹਿਲੀ ਵਾਰ, ਗੰਗਾ ਨੇ ਆਕਾਸ਼ ਨੂੰ ਇੱਕ ਚਮਕਦਾਰ ਦਰਪਣ ਵਾਂਗ ਪਰਤਾਇਆ, ਮਨੁੱਖਤਾ ਨੂੰ ਯਾਦ ਦਿਵਾਉਂਦੀ ਕਿ ਪਾਣੀ ਸਿਰਫ਼ ਸਰੋਤ ਨਹੀਂ, ਸਗੋਂ ਧਰਤੀ ਦੀ ਰੂਹ ਹੈ।

ਸਿਰਫ਼ ਮਨੁੱਖ ਹੀ ਨਹੀਂ, ਜਲ-ਜੀਵ ਵੀ ਖਿੜੇ। ਮੱਛੀਆਂ ਦਾ ਇੱਕ ਸਮੂਹ, ਜਿਸਦੀ ਅਗਵਾਈ ਇੱਕ ਬੁੱਧੀਮਾਨ ਮਹਸੀਰ ਰਘੂ ਕਰ ਰਿਹਾ ਸੀ, ਆਪਣੇ ਘਰ ਦੀ ਸ਼ੁੱਧਤਾ ਦਾ ਜਸ਼ਨ ਮਨਾਉਣ ਲਈ ਇਕੱਠਾ ਹੋਇਆ।

"ਹਾਏ, ਮੈਂ ਸਾਫ਼ ਪਾਣੀਆਂ ਵਿੱਚ ਤੈਰਨ ਦੀ ਖੁਸ਼ੀ ਭੁੱਲ ਗਿਆ ਸੀ!" ਇੱਕ ਨੌਜਵਾਨ ਗੰਗਾ ਚਿਤਲ ਨੇ ਖੇਡਦੇ ਹੋਏ ਕਿਹਾ।

"ਬਿਲਕੁਲ," ਰਘੂ ਨੇ ਜਵਾਬ ਦਿੱਤਾ। "ਅਕਵਾਮੁਰਾ ਦੀ ਤਕਨੀਕ ਨੇ ਕਮਾਲ ਕਰ ਦਿੱਤਾ ਹੈ। ਸਾਡਾ ਘਰ ਮੁੜ ਜੀਵੰਤ ਹੋ ਗਿਆ ਹੈ। ਧੰਨਵਾਦ ਹੈ ਕਿ ਮਨੁੱਖ ਉਨ੍ਹਾਂ ਨਾਲ ਮਿਲ ਕੇ ਕੰਮ ਕਰ ਰਹੇ ਹਨ।"

ਇੱਕ ਬੁੱਧੀਮਾਨ ਕੱਛੂ ਕੁੰਭਕਰਣ ਨੇ ਸਹਿਮਤੀ ਵਿੱਚ ਸਿਰ ਹਿਲਾਇਆ। "ਮਨੁੱਖਾਂ ਨੇ ਅਖੀਰਕਾਰ ਸਾਡੇ ਪਾਣੀਆਂ ਦੀ ਇੱਜ਼ਤ ਕਰਨੀ ਸਿੱਖ ਲਈ ਹੈ। ਆਸ ਹੈ ਕਿ ਉਹ ਇਸਨੂੰ ਜਾਰੀ ਰੱਖਣਗੇ।"

ਰੋਹੂ ਮੱਛੀਆਂ ਦਾ ਇੱਕ ਸਮੂਹ ਚਮਕਦਾਰ ਸਕੇਲਾਂ ਨਾਲ ਖੁਸ਼ੀ ਨਾਲ ਕਹਿਣ ਲੱਗਾ: "ਅਸੀਂ ਮੁੜ ਪ੍ਰਜਨਨ ਕਰ ਰਹੇ ਹਾਂ, ਸਾਡੀ ਗਿਣਤੀ ਵਧ ਰਹੀ ਹੈ! ਦਰਿਆ ਜੀਵਨ ਨਾਲ ਭਰਿਆ ਹੋਇਆ ਹੈ।"

ਰਘੂ ਮੁਸਕਰਾਇਆ, ਉਸਦੇ ਪੱਖੇ ਖੁਸ਼ੀ ਨਾਲ ਹਿਲ ਰਹੇ ਸਨ। "ਇਹ ਸਾਡੇ ਸਭ ਲਈ ਇੱਕ ਨਵੀਂ ਸ਼ੁਰੂਆਤ ਹੈ। ਆਓ ਇਸਦਾ ਪੂਰਾ ਲਾਭ ਲਈਏ ਅਤੇ ਆਪਣੇ ਮੁੜ ਜੀਵੰਤ ਘਰ ਵਿੱਚ ਖਿੜੀਏ।"

ਪਰ ਚੰਗਿਆਈ ਹਮੇਸ਼ਾਂ ਚੁਣੌਤੀਆਂ ਲਿਆਉਂਦੀ ਹੈ। ਉਦਯੋਗਪਤੀ ਮਿਸਟਰ ਗੌਤਮ ਭੀੜ ਦੇ ਕੰਢੇ ਖੜਾ ਸੀ, ਉਸਦੀ ਨਿਗਾਹ ਤਿੱਖੀ ਅਤੇ ਗਿਣਤੀ ਵਾਲੀ ਹੈ। "ਸਾਫ਼ ਦਰਿਆ ਸੁੰਦਰ ਹਨ," ਉਹ ਬੜਬੜਾਇਆ, "ਪਰ ਸੁੰਦਰਤਾ ਖਜ਼ਾਨੇ ਨਹੀਂ ਭਰਦੀ।" ਉਸਦੇ ਸ਼ਬਦ ਤੇਲ ਵਾਂਗ ਟਪਕ ਰਹੇ ਸਨ ਚਿੱਪੜੇ ਅਤੇ ਭਾਰੀ—ਜੋ ਬਦਲਾਅ ਦੇ ਸਾਫ਼ ਪਾਣੀਆਂ ਨਾਲ ਮਿਲਣ ਤੋਂ ਇਨਕਾਰ ਕਰ ਰਹੇ ਸਨ।

ਮਿਸਟਰ ਗੌਤਮ ਨੇ ਆਰਥਿਕ ਚਿੰਤਾਵਾਂ ਦੱਸਦਿਆਂ ਵਿਰੋਧ ਕੀਤਾ: "ਇਹ ਸਾਡੇ ਕਾਰੋਬਾਰ ਨੂੰ ਬਰਬਾਦ ਕਰ ਦੇਵੇਗਾ।"

ਅੰਬੈਸਡਰ ਮਿਸਥਾ ਨੇ ਉਸ ਵੱਲ ਮੁੜ ਕੇ, ਆਪਣੀ ਆਵਾਜ਼ ਨੂੰ ਦਰਿਆ ਦੀ ਲਹਿਰ ਵਾਂਗ ਗੂੰਜਦਾਰ ਬਣਾਇਆ: "ਦਰਿਆਵਾਂ ਤੋਂ ਬਿਨਾਂ ਲਾਭ ਰੇਗਿਸਤਾਨਾਂ ਵਿੱਚ ਮ੍ਰਿਗਤ੍ਰਿਸ਼ਨਾ ਵਾਂਗ ਹਨ। ਉਹ ਇਕ ਪਲ ਲਈ ਚਮਕਦੇ ਹਨ, ਫਿਰ ਤ੍ਰਿਸ਼ਨਾ ਆਉਂਦੀ ਹੈ ਤਾਂ ਗਾਇਬ ਹੋ ਜਾਂਦੇ ਹਨ। ਅਸਲੀ ਧਨ ਸੰਤੁਲਨ ਵਿੱਚ ਹੈ—ਵਿਕਾਸ ਜੋ ਪਾਲਦਾ ਹੈ, ਨਾ ਕਿ ਨਿਗਲਦਾ।"

ਮਿਸਥਾ ਨੇ ਜੋੜਿਆ: "ਅਸੀਂ ਇੱਕ ਮਕਸਦ ਨਾਲ ਆਏ ਹਾਂ। ਅਸੀਂ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਣਾ ਨਹੀਂ ਚਾਹੁੰਦੇ, ਸਗੋਂ ਇੱਕ ਟਿਕਾਊ ਭਵਿੱਖ ਯਕੀਨੀ ਬਣਾਉਣਾ ਹੈ। ਸਾਡੇ ਕੋਲ ਹੱਲ ਹਨ ਜੋ ਵਿਕਾਸ ਅਤੇ ਵਾਤਾਵਰਣੀ ਸੁਰੱਖਿਆ ਵਿਚ ਸੰਤੁਲਨ ਬਣਾਉਂਦੇ ਹਨ।"

ਭੀੜ ਚੁੱਪ ਹੋ ਗਈ, ਸਮਝਦਿਆਂ ਕਿ ਅਕਵਾਮੁਰਾ ਦਾ ਤੋਹਫ਼ਾ ਸਿਰਫ਼ ਤਕਨੀਕ ਨਹੀਂ, ਸਗੋਂ ਇੱਕ ਦਰਸ਼ਨ ਸੀ: ਦਰਿਆਵਾਂ ਨੂੰ ਜੀਵਨ ਦੀਆਂ ਨਸਾਂ ਵਾਂਗ ਦੇਖਣਾ, ਨਾ ਕਿ ਸੁਵਿਧਾ ਦੇ ਨਿਕਾਸ ਵਾਂਗ।



ਡਾ. ਗੁਰਪ੍ਰੀਤ ਕੌਰ, ਸਹਾਇਕ ਪ੍ਰੋਫੈਸਰ ਅਤੇ ਮੁਖੀ ਅੰਗਰੇਜ਼ੀ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਆਨੰਦਪੁਰ ਸਾਹਿਬ, ਇੱਕ ਪ੍ਰਸਿੱਧ ਅਧਿਆਪਕ, ਲੇਖਿਕਾ, ਕਵਿਤਰੀ, ਸੰਪਾਦਕ ਅਤੇ ਅਵਾਰਡ ਪ੍ਰਾਪਤ ਵਿਦਵਾਨ ਹਨ। ਉਨ੍ਹਾਂ ਕੋਲ ਵੀਹ ਸਾਲ ਤੋਂ ਵੱਧ ਦਾ ਅਧਿਆਪਨ ਅਨੁਭਵ ਹੈ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੀਐਚ.ਡੀ. ਕੀਤੀ ਹੈ। ਖੋਜ ਅਤੇ ਪ੍ਰਕਾਸ਼ਨ ਦੇ ਖੇਤਰ ਵਿੱਚ ਉਨ੍ਹਾਂ ਦਾ ਵਿਸ਼ਾਲ ਯੋਗਦਾਨ ਹੈ। ਉਨ੍ਹਾਂ ਨੇ 16 ਕਿਤਾਬਾਂ, 70 ਲੇਖ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਜਰਨਲਾਂ ਅਤੇ ਕਿਤਾਬਾਂ ਵਿੱਚ ਪ੍ਰਕਾਸ਼ਿਤ ਕੀਤੇ ਹਨ। ਉਨ੍ਹਾਂ ਨੇ 56 ਤੋਂ ਵੱਧ ਕਾਨਫਰੰਸਾਂ ਵਿੱਚ ਪੇਪਰ ਪੇਸ਼ ਕੀਤੇ ਹਨ। ਵਿਸਥਾਰ ਲੈਕਚਰਾਂ ਅਤੇ ਕੀਨੋਟ ਸੰਬੋਧਨ ਦੇਣ ਵਿੱਚ ਉਨ੍ਹਾਂ ਦੀ ਮੁਹਾਰਤ ਹੈ।

# ਅੱਗ ਤੇ ਬਰਫ਼

## ਰੌਬਰਟ ਫਰੌਸਟ

ਕਈ ਕਹਿੰਦੇ— ਦੁਨੀਆਂ ਅੱਗ ਵਿੱਚ ਸੜ ਕੇ ਮੁੱਕੇਗੀ,
ਕਈ ਕਹਿੰਦੇ—ਬਰਫ਼ ਵਿੱਚ ਜੰਮ ਜਾਵੇਗੀ।
ਜਿੰਨਾ ਮੈਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਅੱਗ ਨੂੰ ਜਾਣਿਆ,
ਮੈਂ ਉਨ੍ਹਾਂ ਨਾਲ ਹਾਂ—
ਜੋ ਕਹਿੰਦੇ ਨੇ, ਇਹ ਅੱਗ ਵਿੱਚ ਹੀ ਸੜ ਜਾਵੇਗੀ।
ਪਰ ਜੇ ਤਬਾਹੀ ਦੂਜੀ ਵਾਰ ਵੀ ਆਉਣੀ ਹੋਵੇ ਤਾਂ
ਮੈਂ ਨਫ਼ਰਤ* ਨੂੰ ਵੀ ਘੱਟ ਨਹੀਂ ਵੇਖਿਆ—
ਮੈਨੂੰ ਲੱਗਦਾ ਹੈ,
ਪਰਲੋ ਵਾਲੀ ਬਰਫ਼ੀਲੀ ਹਵਾ ਆਏਗੀ -
ਸਾਰੀ ਧਰਤੀ ਨੂੰ ਠੰਡਾ ਯਖ਼ ਕਰ ਜਾਏਗੀ।



* ਜਨੂੰਨ ਜਾਂ ਠੰਡੀ ਉਦਾਸੀਨਤਾ

**ਅਨੁਵਾਦ**: ਅਮਨਦੀਪ ਸਿੰਘ

# ਨਫ਼ਰਤ ਦੀ ਅੱਗ

## ਅਮਨਦੀਪ ਸਿੰਘ

ਮਨੁੱਖ ਸਾਰੇ ਹੱਦਾਂ-ਬੰਨੇ ਤੋੜ ਰਿਹਾ ਹੈ।
ਧਰਤੀ ਦੀ ਸਮਰੱਥਾ ਮਾਪ ਰਿਹਾ ਹੈ।
ਹਰ ਜਗ੍ਹਾ ਕੂੜਾ-ਕਰਕਟ ਖਿਲਾਰ ਕੇ
ਧਰਤੀ ਤੇ ਬੋਝ ਵਧਾ ਰਿਹਾ ਹੈ।
ਆਲਮੀ ਤਪਿਸ਼ ਦਾ ਤਾਪ
ਤੇਈਆ ਹੈ ਬਣਦਾ ਜਾ ਰਿਹਾ।
ਤੂਫ਼ਾਨਾਂ ਤੇ ਹੜ੍ਹਾਂ ਦੇ ਰੂਪ 'ਚ
ਕੁਦਰਤ ਦਾ ਕਹਿਰ ਵਿਖਾ ਰਿਹਾ।
ਸਾਡੀ ਪਿਆਰੀ ਧਰਤੀ ਮਾਂ
ਇੰਨਾ ਬੋਝ ਕਿਵੇਂ ਸਹੇ?
ਕੋਈ ਵੀ ਤਾਂ ਨਹੀਂ ਸੁਣਦਾ—
ਆਪਣਾ ਦੁੱਖੜਾ ਕਿਸ ਨੂੰ ਕਹੇ।

ਕਦੇ ਕਦੇ ਲੱਗਦਾ ਹੈ
ਆਲਮੀ ਤਪਿਸ਼ ਦੇ ਤਾਪ ਵਿੱਚ
ਇਹ ਸੰਸਾਰ ਸੜ ਜਾਵੇਗਾ,
ਜਾਂ ਫਿਰ ਉਸੇ ਤਪਿਸ਼ ਦੇ ਕਾਰਨ
ਬਰਫ਼ ਯੁੱਗ ਫੇਰ ਆਵੇਗਾ,
ਤੇ ਚੁੱਪਚਾਪ ਇਹ ਜਹਾਨ ਸਾਰਾ
ਬਰਫ਼ ਵਿੱਚ ਜੰਮ ਜਾਵੇਗਾ।
ਪਰ ਹੁਣ ਜਦੋਂ ਅੱਖਾਂ ਅੱਗੇ
ਅਗਨ ਹਥਿਆਰਾਂ ਦਾ ਨੰਗਾ ਨਾਚ ਹੈ।
ਜੰਗ ਦੀਆਂ ਲਪਟਾਂ ਵਿੱਚ
ਸੜਦੀ ਮਨੁੱਖਤਾ ਦੀ ਚੀਖ਼ੋ-ਪੁਕਾਰ ਹੈ।
ਤਾਂ ਇਹ ਅਹਿਸਾਸ ਹੁੰਦਾ ਹੈ—
ਨਾ ਤਪਿਸ਼, ਨਾ ਬਰਫ਼ ਫੈਸਲਾ ਕਰੇਗੀ।
ਨਫ਼ਰਤ ਦੀ ਅੱਗ ਵਿੱਚ ਇਹ ਦੁਨੀਆਂ
ਆਪਣੇ ਆਪ ਨੂੰ ਹੀ ਸਾੜ ਲਵੇਗੀ।

(ਰੌਬਰਟ ਫਰੌਸਟ ਦੀ ਕਵਿਤਾ ਤੋਂ ਪ੍ਰੇਰਿਤ)

ਵਿਗਿਆਨਕ ਨਿਬੰਧ

# ਸੌ ਸੌ ਸਾਲ ਜਿਉਂਦੇ ਨੇ ਜਾਪਾਨੀ



ਹਰੀ ਕ੍ਰਿਸ਼ਨ ਮਾਇਰ

ਜਾਪਾਨ ਨੂੰ ਚੜ੍ਹਦੇ ਸੂਰਜ ਦਾ ਮੁਲਕ ਕਿਹਾ ਜਾਂਦਾ ਹੈ। ਦੂਜੇ ਵਿਸ਼ਵ ਯੁੱਧ ਵੇਲੇ ਪ੍ਰਮਾਣੂ ਬੰਬਾਂ ਨੇ ਇਸ ਮੁਲਕ ਨੂੰ ਢਹਿ-ਢੇਰੀ ਕਰਨ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪਤਾ ਨਹੀਂ ਲੱਗਦਾ ਇੱਥੇ ਕਦ ਭੁਚਾਲ਼ ਆ ਜਾਂਦੇ ਹਨ। ਜਾਪਾਨ ਨੇ ਸੁਨਾਮੀ ਨਾਲ ਵੀ ਮੱਥਾ ਲਾਇਆ ਸੀ। ਹਰ ਵਾਰ ਜਾਪਾਨ ਉੱਜੜ ਉਜੜ ਕੇ ਮੁੜ ਵਸਦਾ ਰਿਹਾ। ਜਾਪਾਨ ਦੀ ਤਾਜ਼ੀ ਉਪਲਬਧੀ ਅੱਜ-ਕੱਲ੍ਹ ਅਖ਼ਬਾਰਾਂ ਦੀ ਖ਼ਬਰ ਬਣੀ ਹੋਈ ਹੈ। ਜਾਪਾਨ ਦੇ ਲੋਕਾਂ ਦੀ ਲੰਬੀ ਉਮਰ ਦੇ ਅੰਕੜੇ ਤੁਹਾਨੂੰ ਸਭ ਨੂੰ ਹੈਰਾਨ ਕਰ ਦੇਣਗੇ। ਜਾਪਾਨੀ ਔਰਤਾਂ ਔਸਤਨ 87.3 ਸਾਲ ਦੀ ਉਮਰ ਤੱਕ ਜਿਉਂਦੀਆਂ ਹਨ। ਹਾਂਗਕਾਂਗ ਤੋਂ ਬਾਅਦ ਵਿਸ਼ਵ ਭਰ ਵਿੱਚੋਂ,ਉਮਰ ਪੱਖੋਂ ਜਾਪਾਨੀ ਔਰਤਾਂ ਦੂਜੇ ਸਥਾਨ ਤੇ ਹਨ। ਜਦ ਕਿ ਜਾਪਾਨੀ ਮਰਦ ਔਸਤਨ 81.3 ਸਾਲ ਦੀ ਉਮਰ ਤੱਕ ਜਿਉਂਦੇ ਹਨ ਜਿਹੜੇ ਵਿਸ਼ਵ ਭਰ ਵਿੱਚੋਂ ਤੀਜੇ ਸਥਾਨ 'ਤੇ ਹਨ। ਸਰਕਾਰ ਨੇ ਹੁਣੇ ਇਕ ਐਲਾਨ ਕੀਤਾ ਹੈ ਕਿ ਜਾਪਾਨ ਵਲੋਂ ਇੱਕ ਵਿਲੱਖਣ ਰਿਕਾਰਡ ਬਣਾਇਆ ਗਿਆ ਹੈ ਕਿ ਜਾਪਾਨ ਵਿੱਚ ਇਸ ਵੇਲੇ ਤਕਰੀਬਨ ਇੱਕ ਲੱਖ ਲੋਕਾਂ ਦੀ ਉਮਰ 100 ਸਾਲ ਤੋਂ ਉੱਪਰ ਹੈ। ਉਨ੍ਹਾਂ ਵਿਚ 88% ਔਰਤਾਂ ਹਨ। ਹੁਣ ਤੀਕ ਸਭ ਤੋਂ ਵੱਡੀ ਉਮਰ ਦੀ ਜਾਪਾਨੀ ਔਰਤ ਕਾਨੇ ਤਨਕਾ( Kane Tanaka) ਸੀ। ਜਿਸ ਦੀ 119 ਸਾਲ 107 ਦਿਨ ਦੀ ਉਮਰ ਭੋਗਣ ਉਪਰੰਤ,ਸੰਨ 2022 'ਚ ਮੌਤ ਹੋ ਗਈ ਸੀ। ਮੌਜੂਦਾ ਨਿਬੰਧ ਉਨ੍ਹਾਂ ਕਾਰਕਾਂ ਬਾਰੇ ਚਰਚਾ ਛੇੜੇਗਾ, ਜਿਨ੍ਹਾਂ ਕਰਕੇ ਜਾਪਾਨੀ ਐਨੀ ਲੰਬੀ ਉਮਰ ਜਿਉਂਦੇ ਹਨ। ਆਓ ਇਕ ਇੱਕ ਕਰਕੇ ਸਮਝਣ ਦਾ ਯਤਨ ਕਰੀਏ।

## ਖਾਣ ਪੀਣ:

ਜਾਪਾਨੀ ਲੋਕ ਦਿਨ ਵਿੱਚ ਤਿੰਨ ਵਾਰੀ ਖਾਣਾ ਖਾਂਦੇ ਹਨ। ਜਾਣੀ ਕਿ ਨਾਸ਼ਤਾ, ਦੁਪਹਿਰ ਅਤੇ ਰਾਤ ਦਾ ਖਾਣਾ। ਖਾਣੇ ਵਿੱਚ ਭਰਪੂਰ ਤਾਜ਼ੀਆਂ ਮੌਸਮੀ ਸਬਜ਼ੀਆਂ,ਮੱਛੀ, ਸੋਇਆ ਉਤਪਾਦ ਟੋਫੂ,ਮੀਚੋ ਬਗੈਰਾ, ਸਮੁੰਦਰੀ ਭੋਜਨ ਆਦਿ ਸ਼ਾਮਲ ਹੁੰਦੇ ਹਨ। ਲਾਲ ਮੀਟ ਦੀ ਥਾਂ ਮੱਛੀ,ਆਂਡੇ ਅਤੇ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਸਮੁੰਦਰੀ ਭੋਜਨ ਦਾ ਸੇਵਨ ਕੀਤਾ ਜਾਂਦਾ ਹੈ। ਜਾਪਾਨੀ ਹਾਰਾ ਹਾਸ਼ੀ ਬੂ (Hara hachi bu)ਦੇ ਅਸੂਲ- ਜਦ ਤੁਸੀਂ 80% ਰੱਜ ਗਏ,ਉਸ ਤੋਂ ਵੱਧ ਖਾਣਾ ਨਹੀਂ ਖਾਣਾ ਤੇ ਅਮਲ ਕਰਦੇ ਹਨ।

ਭੋਜਨ ਵਿੱਚ ਚਾਵਲ ਤੇ ਨੂਡਲ,ਫਲਾਂ ਵਿੱਚ ਕਿਚਨ ਗਾਰਡਨ ਵਿੱਚ ਸਬਜ਼ੀਆਂ ਉਗਾਉਦੇ ਅਤੇ ਗੋਡੀ ਕਰਦੇ ਨਜ਼ਰ ਆ ਜਾਂਦੇ ਪਪੀਤਾ,ਸੰਗਤਰਾ,ਕੀਵੀ,ਪਾਈਨ ਐਪਲ,ਕੇਲਾ,ਕਿੰਨੂ ਸਬਜ਼ੀਆਂ ਵਿੱਚ ਪਾਲਕ, ਬੰਦ ਗੋਭੀ, ਗਾਜਰ, ਮਿਰਚਾਂ, ਟਮਾਟਰ, ਫਲੀਆਂ, ਪੁੰਗਰੀਆਂ ਦਾਲਾਂ, ਸ਼ਕਰਕੰਦੀ,ਨੋਰੀ, ਕੋਂਬੂ ਬਗੈਰਾ ਸ਼ਾਮਿਲ ਕੀਤੇ ਜਾਂਦੇ ਹਨ। ਪੀਣ ਲਈ ਪਾਣੀ,ਗ੍ਰੀਨ ਟੀ,ਮਾਚਾ, ਕਾਲੀ ਚਾਹ ਦੀ ਵਰਤੋਂ ਕੀਤੀ ਜਾਂਦੀ ਹੈ। ਭੋਜਨ ਵਿੱਚ ਡਾਇਰੀ ਉਤਪਾਦ,ਚਰਬੀ,ਸੂਰਜਮੁਖੀ ਦਾ ਤੇਲ, ਚਟਣੀਆਂ, ਮਿੱਠੇ ਸੀਰੀਅਲ, ਗੋਲ਼ੀਆਂ ਟਾਫ਼ੀਆਂ, ਸਾਫਟ ਡਰਿਕਾਂ, ਫਾਸਟ ਫੂਡ, ਆਈਸਕ੍ਰੀਮ, ਜੰਮੇ ਭੋਜਨ ਤੋਂ ਪ੍ਰਹੇਜ ਕੀਤਾ ਜਾਂਦਾ ਹੈ। ਭਾਵੇਂ ਪੱਛਮੀ ਖਾਣ ਪਾਣ ਵੀ ਜਾਪਾਨੀਆ ਲਈ ਇੱਕ ਚੁਣੌਤੀ ਬਣਿਆ ਹੋਇਆ ਹੈ। ਫਿਰ ਵੀ ਅਮਰੀਕਾ ਵਿੱਚ ਕੁੱਲ ਵੱਸੋਂ ਦੇ 36% ਅਤੇ ਇੰਗਲੈਂਡ ਵਿੱਚ 28% ਨਾਲੋਂ ਜਾਪਾਨੀਆਂ ਵਿੱਚ ਮੋਟਾਪਾ ਤਕਰੀਬਨ 5% ਹੀ ਹੈ। ਜਿੱਥੇ ਵਿਸ਼ਵ ਭਰ ਵਿੱਚ ਖੰਡ ਅਤੇ ਨਮਕ ਦਾ ਰੁਝਾਨ ਵੱਧ ਰਿਹਾ ਹੈ, ਜਾਪਾਨੀ ਘੱਟ ਮਿੱਠਾ ਖਾਂਦੇ ਹਨ ਅਤੇ ਖਾਣ-ਪੀਣ ਵਿੱਚ ਨਮਕ ਦੀ ਵਰਤੋਂ ਨਾ-ਮਾਤਰ ਕਰਦੇ ਹਨ।

### ਸਿਹਤ ਦੀ ਦੇਖਭਾਲ

ਜਾਪਾਨ ਵਿੱਚ ਸਿਹਤ ਦੀ ਦੇਖ-ਰੇਖ ਦਾ ਵਿਆਪਕ ਪ੍ਰਬੰਧ ਹੈ। ਸਰਕਾਰ ਸਾਰਿਆਂ ਲਈ ਬਰਾਬਰ ਸਿਹਤ ਬੀਮਾ ਸਕੀਮ ਅਦਾ ਕਰਦੀ ਹੈ। ਨਿਰੰਤਰ ਰੋਗਾਂ ਦੀ ਚੈੱਕ ਅੱਪ,ਸਕੂਲਾਂ ਅਤੇ ਕੰਮ ਕਰਨ ਵਾਲੀਆਂ ਥਾਵਾਂ ਤੇ ਕੀਤੀ ਜਾਂਦੀ ਹੈ। ਪੀਣ ਲਈ ਸਾਫ ਪਾਣੀ, ਕੂੜਾ ਕਰਕਟ ਸਮੇਟਣ ਦਾ ਵਧੀਆ ਪ੍ਰਬੰਧਨ, ਘੱਟ ਪ੍ਰਦੂਸ਼ਣ ਹੋਣ ਕਰਕੇ ਬਜ਼ੁਰਗਾਂ ਦੇ ਰੋਗ ਨੇੜੇ ਵੀ ਨਹੀਂ ਢੁੱਕਦੇ। ਜਾਪਾਨ ਵਿੱਚ ਨਿੱਕੇ ਬੱਚਿਆਂ ਦੀ ਮੌਤ ਦਰ ਹੋਰਨਾਂ ਮੁਲਕਾਂ ਨਾਲੋਂ ਬੜੀ ਘੱਟ ਹੈ। ਵਡੇਰੀ ਉਮਰ ਦੇ ਲੋਕਾਂ ਨੂੰ ਵਿਸ਼ੇਸ਼ ਮੈਡੀਕਲ ਸਹੂਲਤਾਂ ਉਪਲਬਧ ਹੁੰਦੀਆਂ ਹਨ। ਉਹ ਸਮਾਜਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਦੇ ਹਨ।

ਜਾਪਾਨੀਆਂ ਦਾ ਜਿਉਣ ਦਾ ਆਪਣਾ ਢੰਗ ਹੈ। ਖਾਣ ਪੀਣ, ਕਸਰਤ, ਪੈਦਲ ਤੁਰਨ,ਇਸ਼ਨਾਨ ਕਰਨ ਦੀਆਂ ਵੱਖਰੀਆਂ ਆਦਤਾਂ ਹਨ। ਜਪਾਨੀ ਜ਼ਿਆਦਾ ਸੈਰ ਕਰਦੇ,ਜ਼ਿਆਦਾ ਪੌੜੀਆਂ ਚੜ੍ਹਦੇ ਉਤਰਦੇ, ਸਰੀਰਕ ਕਸਰਤ ਕਰਦੇ ਹਨ। ਅੱਸੀ ਨੱਬੇ ਸਾਲ ਦੇ ਤੰਦਰੁਸਤ ਬਜ਼ੁਰਗ ਉੱਥੇ ਆਮ ਮਿਲ ਜਾਂਦੇ ਹਨ। ਕਾਰਾਂ ਚਲਾਉਂਦੇ ਹਨ।

### ਰੋਗਾਂ ਦੀ ਘਾਟ

ਜਾਪਾਨ ਵਿੱਚ ਛਾਤੀ ਅਤੇ ਪ੍ਰੋਸਟੈਟ ਦੇ ਕੈਂਸਰ ਨਾਲ ਘੱਟ ਲੋਕ ਮਰਦੇ ਹਨ। ਪੱਛਮੀ ਮੁਲਕਾਂ ਤੋਂ ਦਿਲ ਦੇ ਰੋਗੀ ਘੱਟ ਹਨ। ਹਨ। ਕੱਠੇ ਹੋਕੇ ਗੱਪ-ਸ਼ੱਪ ਕਰਦੇ ਹਨ।

### ਸਮਾਜਿਕ ਭਾਈਚਾਰਾ

ਜਾਪਾਨੀਆਂ ਵਿੱਚ ਮਾਨਸਿਕ ਅਤੇ ਜਿਸਮਾਨੀ ਸਰਗਰਮੀ ਅਤੇ ਆਪਸੀ ਮੇਲਜੋਲ ਬੜਾ ਨੇੜਤਾ ਵਾਲਾ ਅਤੇ ਉਦੇਸ਼ ਦੀ ਸੰਵੇਦਨਾ ਭਰਪੂਰ(ikigai) ਹੁੰਦਾ ਹੈ

ਗੂੜ੍ਹੀ ਤੇ ਮਜ਼ਬੂਤ ਸਮਾਜੀ ਸਾਂਝ ਹੁੰਦੀ ਹੈ। ਜਾਪਾਨ ਦੇ ਉਮਰ ਦਰਾਜ਼ ਲੋਕਾਂ ਵਿੱਚ ਇਹ ਰਿਵਾਜ ਹੈ ਕਿ ਉਹ ਨਵਾਂ ਕੁਝ ਸਿੱਖਦੇ ਹਨ। ਜਿਵੇਂ ਕੋਈ ਸਾਇਕਲ ਚਲਾਉਣਾ ਸਿੱਖ ਰਿਹਾ। ਕੋਈ ਸੰਗੀਤ ਸਿੱਖ ਰਿਹਾ। ਕੋਈ ਗੱਡੀ ਚਲਾਉਣੀ ਸਿੱਖ ਰਿਹਾ। ਕੋਈ ਨਵੀਂ ਭਾਸ਼ਾ ਸਿੱਖ ਰਿਹਾ ਹੈ। ਆਪਣੀ ਹਾਂ ਪੱਖੀ ਸੋਚ ਨਾਲ ਅੱਗੇ ਤੁਰ ਰਿਹਾ ਹੈ। ਬਜ਼ੁਰਗ ਇਕੱਠੇ ਸਮਾਗਮ ਕਰਦੇ ਹੱਸਦੇ ਗਾਉਂਦੇ ਕਸਰਤਾਂ ਵੀ ਕਰਦੇ ਹਨ। ਸਮਾਜ ਲਈ ਕੰਮ ਵੀ ਕਰਦੇ ਹਨ। ਸਰਗਰਮ ਰਹਿੰਦੇ ਹਨ। ਰੋਜ਼ ਮਰਾਂ ਦੀ ਜ਼ਿੰਦਗੀ ਵਿੱਚ ਸਰੀਰਕ ਕਾਰਜ, ਸੈਰ ਕਰਨੀ, ਬਾਗਬਾਨੀ, ਕਸਰਤਾਂ, ਘਰ ਦੇ ਕੰਮ ਕਾਜ ਲਈ ਸਕੂਟਰ ਕਾਰਾਂ ਦੀ ਥਾਂ ਪਬਲਿਕ ਵਾਹਨਾਂ ਦੀ ਵਰਤੋਂ ਕਰਦੇ ਹਨ।

ਰੇਡੀਉ ਟਾਇਸੋ (Taiso) ਸਦੀ ਤੋਂ ਜਾਪਾਨ ਵਿੱਚ ਪ੍ਰਚੱਲਤ ਸਰੀਰਕ ਕਸਰਤਾਂ ਦਾ ਆਵਾਜ਼ ਅਧਾਰਿਤ ਰੇਡੀਉ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਨੂੰ ਲੋਕ ਸੁਣ ਕੇ ਸੌਖੀਆਂ ਸਰੀਰਕ ਕਸਰਤਾਂ ਕਰਦੇ ਆ ਰਹੇ ਹਨ। ਇਨ੍ਹਾਂ ਕਸਰਤਾਂ ਦਾ ਸਰੀਰ ਦੇ ਚੱਲਣ ਫਿਰਨ ਵਿੱਚ ਕਾਫ਼ੀ ਫਾਇਦਾ ਹੁੰਦਾ ਹੈ।

ਇਕੀਗਾਈ (Ikigai) ਹੈਕਟਰ ਗਾਰਸੀਆ ਅਤੇ ਫਰਾਂਸੇਕ ਮਿਰਾਲੇਸ ਦੀ ਇੱਕ ਲਾਜਵਾਬ ਜਾਪਾਨੀ ਪੁਸਤਕ ਹੈ ਜੋ ਲੰਬੀ ਖੁਸ਼ਹਾਲ ਜ਼ਿੰਦਗੀ ਜੀਣ ਅਤੇ ਮਾਨਣ ਦੇ ਭੇਤ ਸਮਝਾਉਂਦੀ ਹੈ, ਅੱਜਕੱਲ੍ਹ ਵਿਸ਼ਵ ਪੱਧਰ ਤੇ ਇਹ ਪੁਸਤਕ ਚਰਚਿਤ ਹੋ ਰਹੀ ਹੈ।

### ਅਣੂਵੰਸ਼ਿਕ ਜਾਂ ਗੈਰਅਣੂਵੰਸ਼ਿਕ ਕਾਰਨ

ਖੋਜੀਆਂ ਅਨੁਸਾਰ ਕੁਝ ਜਾਪਾਨੀਆਂ ਦੀ ਵੱਧ ਉਮਰ ਅਣੂਵੰਸ਼ਿਕ ਕਾਰਨਾ ਕਰਕੇ ਵੀ ਹੈ। ਜਿਨ੍ਹਾਂ ਦੇ ਬਾਬੇ ਦਾਦੇ ਅਰੋਗ ਉਮਰ ਜੀਅ ਕੇ ਗਏ, ਉਨ੍ਹਾਂ ਦੀ ਔਲਾਦ ਵਡੇਰੀ ਉਮਰ ਵਾਲੀ ਅਤੇ ਤੰਦਰੁਸਤ ਰਹਿੰਦੀ ਹੈ। ਉਮਰ ਦੇ ਵਡੇਰੀ ਹੋਣ ਦੇ ਹੋਰ ਗੈਰ ਅਣੂਵੰਸ਼ਿਕ ਕਾਰਨ ਵੀ ਹੋ ਸਕਦੇ ਹਨ। ਮਨੁੱਖ ਦੇ ਰਹਿਣ ਸਹਿਣ, ਖਾਣ-ਪੀਣ, ਰੋਗ ਨਿਵਾਰਕ ਦਵਾਈਆਂ ਲੈਣ, ਸਰੀਰਕ ਕ੍ਰਿਆਵਾਂ ਦੇ ਵਧੀਆ ਕਾਰਜਸ਼ੀਲ ਹੋਣ ਨਾਲ ਵੀ ਉਮਰ ਲੰਬੀ ਹੋ ਸਕਦੀ ਹੈ।

### ਮਾਨਸਿਕਤਾ ਅਤੇ ਕਦਰਾਂ ਕੀਮਤਾਂ

ਬਜ਼ੁਰਗਾਂ ਨੂੰ ਸਤਿਕਾਰ ਮਿਲਦਾ ਹੈ। ਸਮੁਦਾਇ ਵਿੱਚ ਮਾਨਤਾ ਮਿਲਦੀ ਹੈ। ਉਮਰ ਦਰਾਜ਼ ਲੋਕਾਂ ਪ੍ਰਤੀ ਲੋਕਾਂ ਦਾ ਰਵੱਈਆ ਹਾਂ ਪੱਖੀ ਹੈ। ਇਹ ਮਨੋਵਿਗਿਆਨਕ ਵਰਤਾਰੇ ਹਨ ਜੋ ਬਜ਼ੁਰਗਾਂ ਨੂੰ ਢਹਿੰਦੀ ਕਲਾ ਵਿੱਚ ਨਹੀਂ ਜਾਣ ਦਿੰਦੇ। ਸੌ ਸਾਲਾਂ ਦੇ ਬਜ਼ੁਰਗ ਆਪਣੇ ਆਪ ਨੂੰ ਉਪਯੋਗੀ ਮੰਨਦੇ ਹਨ। ਲੋਕਾਂ ਨਾਲ ਜੁੜੇ ਹੁੰਦੇ ਹਨ। ਸ਼ਾਂਤ ਅਤੇ ਸੰਤੁਸ਼ਟ ਹੁੰਦੇ ਹਨ। ਸਮਾਜਿਕ ਤੌਰ ਤੇ ਹਰ ਵੇਲੇ ਸਰਗਰਮ ਅਤੇ ਮਦਦਗਾਰ ਸਾਬਤ ਹੁੰਦੇ ਹਨ।

### ਦੁਨੀਆਂ ਜਾਪਾਨੀਆਂ ਤੋਂ ਕੁਝ ਸਿੱਖ ਸਕਦੀ ਹੈ

ਆਪਣੇਆਪ ਨੂੰ ਜਿਵੇਂ ਤੁਹਾਨੂੰ ਕੁਦਰਤ ਨੇ ਬਣਾਇਆ ਉਸੇ ਨੂੰ ਪ੍ਰਵਾਨ ਕਰੋ। ਸਾਦਾ ਤੇ ਸੰਤੁਲਿਤ ਆਹਾਰ ਲਓ। ਚਿੰਤਾ ਮੁਕਤ ਜੀਵਨ ਜੀਓ। ਸਮਾਜ ਨਾਲ ਜੁੜੇ ਰਹੋ। ਨੀਂਦ ਪੂਰੀ ਲਓ। ਚੁਸਤ ਫੁਰਤ ਰਹੋ। ਸੈਰ ਕਰੋ ਕਸਰਤਾਂ ਕਰੋ। ਗੱਪ-ਸ਼ੱਪ ਕਰੋ, ਖੁੱਲ੍ਹ ਕੇ ਹੱਸੋ, ਗਾਓ, ਮਸਤੀ ਕਰੋ। ਜਾਪਾਨੀਆਂ ਇਹ ਦਿਖਾ ਦਿੱਤਾ ਹੈ ਕਿ ਬੁਢਾਪਾ ਵੀ ਉਮਰ ਦਾ ਖੁਸ਼ਗਵਾਰ ਪੜਾਅ ਹੁੰਦਾ ਹੈ। ਬੁੱਢਾ ਕਮਜ਼ੋਰ ਨਹੀਂ ਸਗੋਂ ਸਮਾਜ ਦਾ ਆਦਰਯੋਗ ਹਿੱਸਾ ਹੁੰਦੇ ਹਨ। ਰੈਫਰੈਂਸ ਪੁਸਤਕਾਂ ਵਰਗੇ, ਜਿਨ੍ਹਾਂ ਦਾ ਹਰ ਪੰਨਾ ਤੁਹਾਡੀ ਜ਼ਿੰਦਗੀ ਦੀ ਅਗਵਾਈ ਕਰਦਾ ਹੈ। ਆਓ ਆਪਾਂ ਵੀ ਉਮਰ ਜਿਉਣ ਲਈ ਆਪਣਾ ਨਜ਼ਰੀਆ ਬਦਲੀਏ।

ਹਰੀ ਕ੍ਰਿਸ਼ਨ ਮਾਇਰ ਨੇ ਵਿਗਿਆਨ ਦੇ ਵਿਸ਼ੇ ਫਿਜ਼ਿਕਸ ਦਾ ਤਿੰਨ ਦਹਾਕੇ ਅਧਿਆਪਨ ਕੀਤਾ। ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਵਿਗਿਆਨ ਦੇ ਵਿਸ਼ਿਆਂ ਤੇ ਨਿਬੰਧ ਅਕਸਰ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਬਾਲ ਸਾਹਿਤ ਵਿੱਚ ਕਹਾਣੀ, ਕਵਿਤਾ, ਜੀਵਨੀਆਂ, ਬੁਝਾਰਤਾਂ ਦੀਆਂ ਤਕਰੀਬਨ ਪੰਦਰਾਂ ਪੁਸਤਕਾਂ ਛਪੀਆਂ ਹਨ। ਕੁਝ ਛਪਾਈ ਅਧੀਨ ਹਨ। ਉਹਨਾਂ ਦੀਆਂ ਪੁਸਤਕਾਂ 'ਮਹਾਨ ਖੋਜਕਾਰ', 'ਭਾਰਤੀ ਖੋਜਕਾਰ', 'ਅਸੀਂ ਜੀਵ ਜੰਤੂ' ਭਾਗ 1 ਅਤੇ 2 ਪੁਸਤਕਾਂ ਕਾਫ਼ੀ ਚਰਚਿਤ ਰਹੀਆਂ ਹਨ।



## ਚੰਦਰਮਾ ਦੇ ਰਹੱਸਾਂ ਤੋਂ ਉੱਠੇਗਾ ਪਰਦਾ

### ਸੁਖਮੰਦਰ ਸਿੰਘ ਤੂਰ

ਕਿਹਾ ਜਾਂਦਾ ਹੈ ਕਿ ਅਰਬਾਂ ਸਾਲ ਪਹਿਲਾਂ ਸੂਰਜ ਦਾ ਇਕ ਹਿੱਸਾ ਟੁੱਟਿਆ ਅਤੇ ਠੰਢਾ ਹੋ ਕੇ ਧਰਤੀ ਬਣ ਗਿਆ। ਇਸ ਧਰਤੀ ਨਾਲ ਮੰਗਲ ਗ੍ਰਹਿ ਵਰਗਾ ਇਕ ਗ੍ਰਹਿ, ਜਿਸਨੂੰ ਅਕਸਰ ਥੀਆ (Theia) ਕਿਹਾ ਜਾਂਦਾ ਹੈ, ਟਕਰਾਇਆ ਜਿਸ ਨਾਲ ਇਸ ਦਾ ਇਕ ਹਿੱਸਾ ਟੁੱਟ ਗਿਆ ਤੇ ਧਰਤੀ ਦਾ ਇਹੋ ਹਿੱਸਾ ਚੰਦਰਮਾ ਬਣਿਆ। ਧਰਤੀ ਅਤੇ ਚੰਦਰਮਾ ਮੂਲ ਰੂਪ ਨਾਲ ਸੂਰਜ ਦੇ ਹੀ ਟੁੱਟੇ ਹੋਏ ਹਿੱਸੇ ਹਨ, ਇਸ ਲਈ ਆਪਣੀ ਮਾਨਤਾ ਦੇ ਮੁਤਾਬਕ ਅਸੀਂ ਧਰਤੀ ਅਤੇ ਚੰਦਰਮਾ ਨੂੰ ਭੈਣ-ਭਰਾ ਦਾ ਦਰਜਾ ਦਿੱਤਾ ਹੈ । ਇਸ ਤਰ੍ਹਾਂ ਧਰਤੀ ਨੂੰ ਅਸੀਂ ਆਪਣੀ ਮਾਂ ਦੇ ਬਰਾਬਰ ਦਾ ਰੁਤਬਾ ਦਿੱਤਾ ਤਾਂ ਨਿਸ਼ਚਿਤ ਰੂਪ ਨਾਲ ਚੰਦਰਮਾ ਨੂੰ ਆਪਣਾ ਮਾਮਾ ਮੰਨਣਾ ਹੀ ਸੀ। ਆਪਣੀ ਧਰਤੀ ਨੂੰ ਸੁਲਝਾਉਣ ਵਿਚ ਜਦ ਸਾਨੂੰ ਥੋੜ੍ਹੀ ਜਿਹੀ ਸਫਲਤਾ ਮਿਲਣ ਲੱਗੀ ਤਾਂ ਅਸੀਂ ਚੰਦਾਮਾਮਾ ਦੇ ਰਹੱਸਾਂ ਤੋਂ ਪਰਦਾ ਉਠਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ । ਧਰਤੀ ਦੇ ਵਿਗਿਆਨੀ ਹਾਲਾਂਕਿ ਚੰਨ 'ਤੇ ਪਹੁੰਚ ਚੁੱਕੇ ਹਨ ਅਤੇ ਚੰਨ.'ਤੇ ਭੂ-ਖੰਡ ਵੀ ਵੰਡੇ ਜਾ ਚੁੱਕੇ ਹਨ, ਪਰ ਚੰਨ ਦੇ ਵਾਤਾਵਰਣ, ਵਿਸ਼ੇਸ਼ ਰੂਪ ਨਾਲ ਉਸ ਦੀ ਬਣਤਰ ਬਾਰੇ ਲੋੜੀਂਦੀ ਜਾਣਕਾਰੀ ਹੁਣ ਤੱਕ ਪ੍ਰਾਪਤ ਨਹੀਂ ਕੀਤੀ ਜਾ ਸਕੀ। ਚੰਦਰਮਾ 'ਤੇ ਹੁਣ ਤੱਕ ਜੋ ਵੀ ਪੁਲਾੜੀ ਵਿਮਾਨ ਉਤਰੇ ਹਨ, ਉਹ ਚੰਦਰਮਾ ਦੇ ਉਸ ਤਲ 'ਤੇ ਉਤਰੇ ਹਨ ਜੋ ਧਰਤੀ ਦੇ ਸਭ ਤੋਂ ਨੇੜੇ ਹੈ, ਪਰ 1994 ਵਿਚ ਕਲੀਮੈਂਟਾਈਨ ਨਾਂ ਦੇ ਪੁਲਾੜ ਵਿਮਾਨ ਨੇ ਜਦੋਂ ਦੋ ਮਹੀਨੇ ਤੱਕ ਚੰਦਰਮਾ ਦੀ ਪਰਿਕਰਮਾ ਕੀਤੀ ਤਾਂ ਪਤਾ ਲੱਗਾ ਕਿ ਚੰਦਰਮਾ ਉੱਪਰ ਘੱਟੋ ਘੱਟ ਤਿੰਨ ਤਰ੍ਹਾਂ ਦੇ ਭੂ-ਭਾਗ ਹਨ। ਇਸ ਤਰ੍ਹਾਂ ਇਹ ਗੁੱਥੀ ਹੋਰ ਉਲਝ ਗਈ ਕਿ ਧਰਤੀ ਤੋਂ ਗੋਲ ਦਿਸਣ ਵਾਲੇ ਚੰਦਰਮਾ ਦੀ ਬਣਤਰ ਕਿਹੋ ਜਿਹੀ ਹੈ? ਇਸ ਗੁੱਥੀ ਨੂੰ ਸੁਲਝਾਉਣ ਲਈ ਬ੍ਰਿਟੇਨ ਦੇ ਤਾਰਾ ਵਿਗਿਆਨੀਆਂ ਨੇ ਇਕ ਅਜਿਹਾ ਉਪਕਰਨ ਤਿਆਰ ਕੀਤਾ ਹੈ, ਜੋ ਚੰਦਰਮਾ ਦੀ ਬਣਤਰ ਦਾ ਸਹੀ-ਸਹੀ ਪਤਾ ਲਗਾ ਸਕੇਗਾ। ਨਾਸਾ ਵੀ ਹੁਣ ਆਰਟੇਮਿਸ ਮਿਸ਼ਨ ਲਾਂਚ ਕਰ ਰਿਹਾ ਹੈ, ਜੋ ਕਿ ਚੰਦਰਮਾ ਦੇ ਆਲੇ-ਦੁਆਲੇ ਚਾਰ ਪੁਲਾੜ ਯਾਤਰੀਆਂ ਨੂੰ ਲੈ ਕੇ ਜਾਵੇਗਾ। ਇਹ ਮਿਸ਼ਨ, ਬਿਨਾਂ ਕਿਸੇ ਚਾਲਕਵਾਲੇ ਆਰਟੇਮਿਸ । ਮਿਸ਼ਨ ਦੀ ਸਫਲਤਾ ਨੂੰ ਆਧਾਰ ਬਣਾ ਕੇ ਡੂੰਘੇ ਪੁਲਾੜ ਮਿਸ਼ਨਾਂ ਲਈ ਲੋੜੀਂਦੀਆਂ ਯੋਗਤਾਵਾਂ ਦਾ ਪ੍ਰਦਰਸ਼ਨ ਕਰੇਗਾ। ਹੁਣ ਚੀਨ ਵੀ ਇਸ ਦੌੜ ਵਿੱਚ ਸ਼ਾਮਲ ਹੋ ਗਿਆ ਹੈ ਤੇ 2030 ਤੱਕ ਚੰਦਰਮਾ 'ਤੇ ਪੁਲਾੜ ਯਾਤਰੀਆਂ ਨੂੰ ਉਤਾਰਨ ਦੀ ਤਿਆਰੀ ਕਰ ਰਿਹਾ ਹੈ, ਜਿਸ ਨਾਲ ਅਮਰੀਕਾ 'ਤੇ ਦਬਾਅ ਵਧ ਰਿਹਾ ਹੈ।




ਰੇਡੀਏਸ਼ਨ ਜਾਂ ਵਿਕਿਰਨਾਂ ਇਕ ਇਹੋ ਜੇਹਾ ਸ਼ਬਦ ਹੈ ਜੋ ਸੁਣਦੇ ਹੀ ਕਈ ਲੋਕਾਂ ਦੇ ਮਨ ਵਿੱਚ ਡਰ ਪੈਦਾ ਕਰ ਦਿੰਦਾ ਹੈ। ਜ਼ਿਆਦਾਤਰ ਲੋਕ ਇਸ ਨੂੰ ਪ੍ਰਮਾਣੂ ਬੰਬ, ਕੈਂਸਰ ਨਾਲ ਜਾਂ ਵੱਡੀਆਂ ਦੁਰਘਟਨਾਵਾਂ ਨਾਲ ਜੋੜ ਕੇ ਦੇਖਦੇ ਹਨ। ਪਰ ਹਕੀਕਤ ਇਹ ਹੈ ਕਿ ਰੇਡੀਏਸ਼ਨ ਕੋਈ ਅਜੀਬ ਜਾਂ ਕਦਾਚਿਤ ਹੋਣ ਵਾਲੀ ਚੀਜ਼ ਨਹੀਂ ਹੈ। ਮਨੁੱਖ ਹਮੇਸ਼ਾ ਧਰਤੀ ਤੋਂ ਅਤੇ ਧਰਤੀ ਤੋਂ ਬਾਹਰੋਂ ਆਉਣ ਵਾਲੀਆਂ ਕੁਦਰਤੀ ਕਿਰਨਾਂ ਦੇ ਸੰਪਰਕ ਵਿੱਚ ਰਿਹਾ ਹੈ। ਇਹ ਸਾਡੇ ਕੁਦਰਤੀ ਵਾਤਾਵਰਣ ਦਾ ਹਿੱਸਾ ਹੈ ਅਤੇ ਬ੍ਰਹਿਮੰਡ ਦੇ ਬਣਨ ਤੋਂ ਹੀ ਮੌਜੂਦ ਹੈ। ਅਸੀਂ ਹਰ ਰੋਜ਼ ਬਿਨਾਂ ਜਾਣੇ ਰੇਡੀਏਸ਼ਨ ਦੇ ਸੰਪਰਕ ਵਿੱਚ ਆਉਂਦੇ ਹਾਂ—ਸੂਰਜ ਦੀ ਰੌਸ਼ਨੀ ਤੋਂ, ਧਰਤੀ ਦੀ ਮਿੱਟੀ ਤੋਂ, ਹਵਾ ਤੋਂ, ਭੋਜਨ ਤੋਂ ਅਤੇ ਇੱਥੋਂ ਤੱਕ ਕਿ ਆਪਣੇ ਹੀ ਸਰੀਰ ਤੋਂ। ਜਦੋਂ ਅਸੀਂ ਰੇਡੀਏਸ਼ਨ ਨੂੰ ਵਿਗਿਆਨਕ ਢੰਗ ਨਾਲ ਸਮਝਦੇ ਹਾਂ ਤਾਂ ਬੇਵਜ੍ਹਾ ਡਰ ਦੂਰ ਹੋ ਜਾਂਦਾ ਹੈ ਅਤੇ ਉਸ ਦੀ ਥਾਂ ਸਚੇਤਤਾ ਅਤੇ ਤਰਕਸੰਗਤ ਸੋਚ ਆ ਜਾਂਦੀ ਹੈ।

ਸਧਾਰਨ ਭਾਸ਼ਾ ਵਿੱਚ ਕਹੀਏ ਤਾਂ ਰੇਡੀਏਸ਼ਨ ਊਰਜਾ ਹੈ ਜੋ ਤਰੰਗਾਂ ਜਾਂ ਕਣਾਂ ਦੇ ਰੂਪ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਤੱਕ ਯਾਤਰਾ ਕਰਦੀ ਹੈ। ਜਦੋਂ ਊਰਜਾ ਬਿਨਾਂ ਸਿੱਧੇ ਸੰਪਰਕ ਦੇ ਫੈਲਦੀ ਹੈ, ਉਸ ਨੂੰ ਰੇਡੀਏਸ਼ਨ ਕਿਹਾ ਜਾਂਦਾ ਹੈ। ਸੂਰਜ ਤੋਂ ਆਉਣ ਵਾਲੀ ਗਰਮੀ, ਬੱਲਬ ਦੀ ਰੌਸ਼ਨੀ, ਮੋਬਾਈਲ ਫੋਨ ਦੇ ਸੰਕੇਤ, ਰੇਡੀਓ ਪ੍ਰਸਾਰਣ ਅਤੇ ਡਾਕਟਰੀ ਐਕਸ-ਰੇ—ਇਹ ਸਾਰੇ ਰੇਡੀਏਸ਼ਨ ਦੇ ਹੀ ਵੱਖ-ਵੱਖ ਰੂਪ ਹਨ। ਸੂਰਜ ਦੀ ਰੌਸ਼ਨੀ ਵਿੱਚ ਲੋਕਾਂ ਦੁਆਰਾ ਮਹਿਸੂਸ ਕੀਤੀ ਗਈ ਗਰਮੀ ਅਸਲ ਵਿੱਚ ਉਹਨਾਂ ਦੁਆਰਾ ਸੋਖੀ ਗਈ ਰੇਡੀਏਸ਼ਨ ਹੈ। ਇਸ ਲਈ ਰੇਡੀਏਸ਼ਨ ਕੋਈ ਵਿਲੱਖਣ ਜਾਂ ਡਰਾਉਣੀ ਚੀਜ਼ ਨਹੀਂ, ਬਲਕਿ ਕੁਦਰਤ ਅਤੇ ਤਕਨਾਲੋਜੀ ਦਾ ਆਮ ਹਿੱਸਾ ਹੈ।

ਰੇਡੀਏਸ਼ਨ ਨੂੰ ਮੁੱਖ ਤੌਰ 'ਤੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ— ਆਇਨੀਕਰਨ ਰੇਡੀਏਸ਼ਨ ਅਤੇ ਗੈਰ-ਆਇਨੀਕਰਨ ਰੇਡੀਏਸ਼ਨ। ਇਹ ਵੰਡ ਇਸ ਗੱਲ 'ਤੇ ਆਧਾਰਿਤ ਹੈ ਕਿ ਰੇਡੀਏਸ਼ਨ ਵਿੱਚ ਕਿੰਨੀ ਊਰਜਾ ਹੁੰਦੀ ਹੈ। ਆਇਨੀਕਰਨ ਰੇਡੀਏਸ਼ਨ ਵਿੱਚ ਊਰਜਾ ਵੱਧ ਹੁੰਦੀ ਹੈ ਅਤੇ ਇਹ ਪਰਮਾਣੂਆਂ ਵਿੱਚੋਂ ਇਲੈਕਟ੍ਰਾਨ ਕੱਢ ਸਕਦੀ ਹੈ। ਇਸ ਵਿੱਚ ਐਲਫਾ ਕਣ, ਬੀਟਾ ਕਣ, ਗੈਮਾ ਕਿਰਣਾਂ ਅਤੇ ਐਕਸ-ਰੇ ਸ਼ਾਮਲ ਹਨ। ਆਇਓਨਾਈਜ਼ਿੰਗ ਰੇਡੀਏਸ਼ਨ ਸੈੱਲਾਂ ਦੇ ਆਮ ਢਾਂਚੇ ਅਤੇ ਕੰਮਕਾਜ ਨੂੰ ਵਿਗਾੜ ਸਕਦੀ ਹੈ, ਜਾਂ ਉਹਨਾਂ ਨੂੰ ਮਾਰ ਵੀ ਸਕਦੀ ਹੈ। ਇਸ ਤਰ੍ਹਾਂ ਇਹ ਮਨੁੱਖੀ ਸਿਹਤ ਲਈ ਸੰਭਾਵੀ ਤੌਰ 'ਤੇ ਨੁਕਸਾਨਦੇਹ ਹੈ । ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਆਇਨੀਕਰਨ ਰੇਡੀਏਸ਼ਨ ਦੇ ਕਈ ਲਾਭਕਾਰੀ ਉਪਯੋਗ ਹਨ, ਖਾਸਕਰ ਚਿਕਿਤਸਾ ਅਤੇ ਉਦਯੋਗ ਵਿੱਚ।

ਦੂਜੇ ਪਾਸੇ ਗੈਰ-ਆਇਨੀਕਰਨ ਰੇਡੀਏਸ਼ਨ ਵਿੱਚ ਊਰਜਾ ਘੱਟ ਹੁੰਦੀ ਹੈ ਅਤੇ ਇਹ ਪਰਮਾਣੂਆਂ ਵਿੱਚੋਂ ਇਲੈਕਟ੍ਰਾਨ ਨਹੀਂ ਕੱਢ ਸਕਦੀ। ਇਸ ਵਿੱਚ ਰੇਡੀਓ ਤਰੰਗਾਂ, ਮਾਈਕਰੋਵੇਵ, ਇਨਫ੍ਰਾਰੈੱਡ, ਦ੍ਰਿਸ਼ਜ ਰੌਸ਼ਨੀ ਅਤੇ ਕੁਝ ਹੱਦ ਤੱਕ ਅਲਟਰਾ ਵਾਇਲਟ ਰੇਡੀਏਸ਼ਨ ਸ਼ਾਮਲ ਹਨ। ਅਸੀਂ ਇਹਨਾਂ ਨਾਲ ਹਰ ਰੋਜ਼ ਜੁੜੇ ਹੋਏ ਹਾਂ। ਰੇਡੀਓ ਅਤੇ ਟੀਵੀ ਪ੍ਰਸਾਰਣ ਰੇਡੀਓ ਤਰੰਗਾਂ ਨਾਲ ਹੁੰਦਾ ਹੈ। ਮੋਬਾਈਲ ਫੋਨ ਅਤੇ ਵਾਈ-ਫਾਈ ਵੀ ਇਨ੍ਹਾਂ ਤਰੰਗਾਂ ਦੀ ਮਦਦ ਨਾਲ ਕੰਮ ਕਰਦੇ ਹਨ। ਮਾਈਕਰੋਵੇਵ ਓਵਨ ਭੋਜਨ ਨੂੰ ਗਰਮ ਕਰਨ ਲਈ ਮਾਈਕਰੋਵੇਵ ਤਰੰਗਾਂ ਵਰਤਦਾ ਹੈ। ਇਨਫ੍ਰਾਰੈੱਡ ਰੇਡੀਏਸ਼ਨ ਗਰਮੀ ਦਾ ਅਹਿਸਾਸ ਕਰਵਾਉਂਦੀ ਹੈ। ਦ੍ਰਿਸ਼ਟਮਾਨ ਰੌਸ਼ਨੀ ਸਾਨੂੰ ਦੇਖਣ ਦੀ ਸਮਰਥਾ ਦਿੰਦੀ ਹੈ। ਇਹ ਸਪੱਸ਼ਟ ਨਹੀਂ ਹੈ ਕਿ ਕੀ ਗੈਰ-ਆਇਨਾਈਜ਼ਿੰਗ ਰੇਡੀਏਸ਼ਨਾਂ ਦਾ ਸੰਪਰਕ ਮਨੁੱਖੀ ਸਿਹਤ ਲਈ ਨੁਕਸਾਨਦੇਹ ਹੈ, ਹਾਲਾਂਕਿ ਅਲਟਰਾ ਵਾਇਲਟ ਰੇਡੀਏਸ਼ਨ ਦਾ ਲੰਮਾ ਸੰਪਰਕ ਚਮੜੀ ਨੂੰ ਟੈਨ ਕਰ ਸਕਦਾ ਹੈ ਅਤੇ ਵੱਧ ਮਾਤਰਾ ਵਿੱਚ ਨੁਕਸਾਨ ਵੀ ਪਹੁੰਚਾ ਸਕਦਾ ਹੈ।

ਜ਼ਿਆਦਾਤਰ ਲੋਕ ਸੋਚਦੇ ਹਨ ਕਿ ਰੇਡੀਏਸ਼ਨ ਸਿਰਫ਼ ਮਨੁੱਖੀ ਕਿਰਿਆਵਾਂ ਕਾਰਨ ਹੁੰਦੀ ਹੈ, ਪਰ ਸੱਚ ਇਹ ਹੈ ਕਿ ਸਾਡੀ ਜ਼ਿਆਦਾਤਰ ਰੇਡੀਏਸ਼ਨ ਕੁਦਰਤੀ ਸਰੋਤਾਂ ਤੋਂ ਆਉਂਦੀ ਹੈ। ਕੁਦਰਤੀ ਤੌਰ 'ਤੇ ਹੋਣ ਵਾਲੀ ਰੇਡੀਏਸ਼ਨ ਨੂੰ ਬੈਕਗ੍ਰਾਊਂਡ ਰੇਡੀਏਸ਼ਨ ਕਿਹਾ ਜਾਂਦਾ ਹੈ। ਬੈਕਗ੍ਰਾਊਂਡ ਰੇਡੀਏਸ਼ਨ ਦੇ ਸਰੋਤਾਂ ਵਿੱਚ ਧਰਤੀ ਵਿੱਚ ਯੂਰੇਨੀਅਮ, ਹਵਾ ਵਿੱਚ ਰੇਡੋਨ (Radon) ਅਤੇ ਭੋਜਨ ਵਿੱਚ ਪੋਟਾਸ਼ੀਅਮ ਸ਼ਾਮਲ ਹਨ। ਬੈਕਗ੍ਰਾਊਂਡ ਰੇਡੀਏਸ਼ਨ ਨੂੰ ਇਸਦੇ ਮੂਲ ਦੇ ਅਧਾਰ ਤੇ, ਪੁਲਾੜ, ਧਰਤੀ ਜਾਂ ਅੰਦਰੂਨੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਅੰਤਰਿਕਸ਼ ਤੋਂ ਆਉਣ ਵਾਲੀ ਕੋਸਮਿਕ ਰੇਡੀਏਸ਼ਨ ਲਗਾਤਾਰ ਧਰਤੀ 'ਤੇ ਪੈਂਦੀ ਰਹਿੰਦੀ ਹੈ। ਇਹ ਸੂਰਜ ਅਤੇ ਦੂਰਲੇ ਤਾਰਿਆਂ ਤੋਂ ਆਉਂਦੀ ਹੈ। ਉੱਚਾਈ ਵਾਲੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ ਥੋੜ੍ਹੀ ਵੱਧ ਕੋਸਮਿਕ ਰੇਡੀਏਸ਼ਨ ਦਾ ਸਾਹਮਣਾ ਕਰਦੇ ਹਨ ਕਿਉਂਕਿ ਉੱਥੇ ਵਾਤਾਵਰਣ ਦੀ ਪਰਤ ਪਤਲੀ ਹੁੰਦੀ ਹੈ। ਧਰਤੀ ਦੀ ਮਿੱਟੀ ਅਤੇ ਪੱਥਰਾਂ ਵਿੱਚ ਯੂਰੇਨੀਅਮ, ਥੋਰੀਅਮ ਅਤੇ ਪੋਟਾਸ਼ੀਅਮ-40 ਵਰਗੇ ਤੱਤ ਮੌਜੂਦ ਹਨ ਜੋ ਹੌਲੀ-ਹੌਲੀ ਵਿਘਟਿਤ ਹੁੰਦੇ ਹਨ ਅਤੇ ਰੇਡੀਏਸ਼ਨ ਛੱਡਦੇ ਹਨ। ਰੇਡੋਨ ਗੈਸ ਵੀ ਇੱਕ ਮਹੱਤਵਪੂਰਨ ਕੁਦਰਤੀ ਸਰੋਤ ਹੈ। ਇਹ ਬੇਰੰਗ ਅਤੇ ਬੇਗੰਧ ਗੈਸ ਮਿੱਟੀ ਤੋਂ ਨਿਕਲ ਕੇ ਘਰਾਂ ਵਿੱਚ ਇਕੱਠੀ ਹੋ ਸਕਦੀ ਹੈ। ਠੀਕ ਹਵਾ-ਦਾਰੀ ਨਾਲ ਇਸ ਨੂੰ ਘਟਾਇਆ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਮਨੁੱਖੀ ਸਰੀਰ ਖੁਦ ਵੀ ਥੋੜ੍ਹਾ ਰੇਡੀਓਐਕਟਿਵ ਹੈ। ਸਾਡੇ ਸਰੀਰ ਵਿੱਚ ਪੋਟਾਸ਼ੀਅਮ-40, ਰੁਬਿਡਿਊਮ-87 ਅਤੇ ਕਾਰਬਨ-14 ਵਰਗੇ ਆਇਸੋਟੋਪ ਮੌਜੂਦ ਹਨ। ਇਹ ਕੁਦਰਤੀ ਹਨ ਅਤੇ ਸਾਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ।

ਕੁਝ ਰੇਡੀਓਐਕਟਿਵ ਪਦਾਰਥ, ਜਿਵੇਂ ਕਿ, ਯੂਰੇਨੀਅਮ, ਥੋਰੀਉਮ, ਬਿਸਮਥ ਅਤੇ ਲੈੱਡ, ਸਰੀਰ ਵਿੱਚ ਵੱਖ-ਵੱਖ ਤਰੀਕਿਆਂ ਨਾਲ ਦਾਖਲ ਹੋ ਸਕਦੇ ਹਨ - ਉਦਾਹਰਣ ਵਜੋਂ, ਹਵਾ ਜਿਸ ਵਿੱਚ ਲੋਕ ਸਾਹ ਲੈਂਦੇ ਹਨ ਅਤੇ ਭੋਜਨ ਜੋ ਉਹ ਖਾਂਦੇ ਹਨ; ਜਾਂ ਇੱਕ ਖੁੱਲ੍ਹੇ ਜ਼ਖ਼ਮ ਰਾਹੀਂ। ਇਸ ਤੋਂ ਇਲਾਵਾ ਕੁਝ ਮਨੁੱਖੀ ਸਰੋਤ ਵੀ ਹਨ। ਡਾਕਟਰੀ ਐਕਸ-ਰੇ ਅਤੇ ਸੀਟੀ ਸਕੈਨ ਸਭ ਤੋਂ ਵੱਡੇ ਮਨੁੱਖ-ਨਿਰਮਿਤ ਸਰੋਤ ਹਨ। ਇਹਨਾਂ ਦੀ ਮਦਦ ਨਾਲ ਡਾਕਟਰ ਸਰੀਰ ਦੇ ਅੰਦਰੂਨੀ ਹਿੱਸਿਆਂ ਦੀ ਜਾਂਚ ਕਰਦੇ ਹਨ। ਕੈਂਸਰ ਦੇ ਇਲਾਜ ਵਿੱਚ ਰੇਡੀਏਸ਼ਨ ਥੈਰੇਪੀ ਜੀਵਨ ਬਚਾਉਂਦੀ ਹੈ। ਕਈ ਉਤਪਾਦਾਂ ਜਾਂ ਗਤੀਵਿਧੀਆਂ ਵਿੱਚ - ਜਿਵੇਂ ਕਿ ਸਮੋਕ ਡਿਟੈਕਟਰ, ਤੰਬਾਕੂ ਉਤਪਾਦਾਂ ਜਾਂ ਇਮਾਰਤੀ ਸਮੱਗਰੀ ਦਾ ਸੇਵਨ - ਰੇਡੀਏਸ਼ਨ ਦਾ ਹੋਣਾ ਸੁਭਾਵਕ ਹੈ । ਰੇਡੀਏਸ਼ਨ ਦੇ ਹੋਰ ਸਰੋਤਾਂ ਵਿੱਚ ਯੂਰੇਨੀਅਮ ਖਾਣਾਂ, ਫਿਊਲ ਪ੍ਰੋਸੈਸਿੰਗ ਪਲਾਂਟਾਂ ਅਤੇ ਪ੍ਰਮਾਣੂ ਊਰਜਾ ਪਲਾਂਟਾਂ ਵਰਗੀਆਂ ਪ੍ਰਮਾਣੂ ਸਹੂਲਤਾਂ ਤੋਂ ਰੇਡੀਓਐਕਟਿਵ ਪਦਾਰਥਾਂ ਦਾ ਨਿਕਾਸ; ਖਣਿਜ ਕੱਢਣ ਦੀਆਂ ਸਹੂਲਤਾਂ ਤੋਂ ਨਿਕਾਸ; ਅਤੇ ਰੇਡੀਓਐਕਟਿਵ ਪਦਾਰਥਾਂ ਦੀ ਆਵਾਜਾਈ ਸ਼ਾਮਲ ਹੈ। ਕੁਝ ਕਿੱਤਿਆਂ ਵਿੱਚ ਕੰਮ ਕਰਨ ਵਾਲੇ ਕਾਮੇ ਆਪਣੀਆਂ ਨੌਕਰੀਆਂ ਕਾਰਨ ਵੀ ਰੇਡੀਏਸ਼ਨ ਦੇ ਸੰਪਰਕ ਵਿੱਚ ਆ ਸਕਦੇ ਹਨ। ਇਨ੍ਹਾਂ ਕਿੱਤਿਆਂ ਵਿੱਚ ਦਵਾਈ, ਪਾਇਲਟ, ਖੋਜ ਅਤੇ ਸਿੱਖਿਆ ਦੇ ਖੇਤਰ ਵਿੱਚ ਅਹੁਦੇ ਸ਼ਾਮਲ ਹਨ।

ਰੇਡੀਏਸ਼ਨ ਦਾ ਮਨੁੱਖੀ ਸਰੀਰ ਤੇ ਪ੍ਰਭਾਵ ਉਸ ਦੀ ਕਿਸਮ, ਮਾਤਰਾ ਅਤੇ ਸਮੇਂ ਤੇ ਨਿਰਭਰ ਕਰਦਾ ਹੈ। ਘੱਟ ਮਾਤਰਾ ਵਿੱਚ ਮਿਲਣ ਵਾਲੀ ਬੈਕਗਰਾਉਂਡ ਰੇਡੀਏਸ਼ਨ ਆਮ ਤੌਰ 'ਤੇ ਹਾਨੀਕਾਰਕ ਨਹੀਂ ਹੁੰਦੀ। ਸਰੀਰ ਵਿੱਚ ਖੁਦ ਮੁਰੰਮਤ ਕਰਨ ਦੀ ਸਮਰਥਾ ਹੁੰਦੀ ਹੈ। ਪਰ ਵੱਧ ਮਾਤਰਾ ਵਿੱਚ ਆਇਨੀਕਰਨ ਰੇਡੀਏਸ਼ਨ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਕੈਂਸਰ ਦਾ ਖਤਰਾ ਵਧਾ ਸਕਦੀ ਹੈ। ਬਹੁਤ ਉੱਚੀ ਮਾਤਰਾ ਵਿੱਚ ਰੇਡੀਏਸ਼ਨ ਬੀਮਾਰੀ ਵੀ ਹੋ ਸਕਦੀ ਹੈ, ਜੋ ਆਮ ਤੌਰ ਤੇ ਵੱਡੀਆਂ ਦੁਰਘਟਨਾਵਾਂ ਨਾਲ ਸੰਬੰਧਿਤ ਹੁੰਦੀ ਹੈ।

ਭਾਵੇਂ ਅਸੀਂ ਰੇਡੀਏਸ਼ਨ ਦੀ ਮੌਜੂਦਗੀ ਨੂੰ ਦੇਖ ਜਾਂ ਮਹਿਸੂਸ ਨਹੀਂ ਕਰ ਸਕਦੇ, ਪਰ ਇਸਨੂੰ ਬਹੁਤ ਹੀ ਸਰਲ ਰੇਡੀਏਸ਼ਨ ਮਾਪਣ ਵਾਲੇ ਯੰਤਰਾਂ ਨਾਲ ਸਭ ਤੋਂ ਛੋਟੀ ਮਾਤਰਾ ਵਿੱਚ ਖੋਜਿਆ ਅਤੇ ਮਾਪਿਆ ਜਾ ਸਕਦਾ ਹੈ। ਰੇਡੀਏਸ਼ਨ ਨੂੰ ਮਾਪਣ ਲਈ ਵੱਖ-ਵੱਖ ਇਕਾਈਆਂ ਵਰਤੀਆਂ ਜਾਂਦੀਆਂ ਹਨ ਜਿਵੇਂ ਬੈਕਰੇਲ, ਗਰੇ ਅਤੇ ਸੀਵਰਟ। ਦੁਨੀਆ ਵਿੱਚ ਔਸਤ ਕੁਦਰਤੀ

ਬੈਕਗਰਾਉਂਡ ਰੇਡੀਏਸ਼ਨ ਲਗਭਗ 2–3 ਮਿਲੀਸੀਵਰਟ ਪ੍ਰਤੀ ਸਾਲ ਹੈ। ਇੱਕ ਸਧਾਰਣ ਛਾਤੀ ਐਕਸ-ਰੇ ਲਗਭਗ 0.2 ਮਿਲੀਸੀਵਰਟ ਦੇ ਬਰਾਬਰ ਹੁੰਦੀ ਹੈ, ਜਦਕਿ ਸੀਟੀ ਸਕੈਨ ਕੁਝ ਮਿਲੀਸੀਵਰਟ ਹੋ ਸਕਦਾ ਹੈ। ਇਹ ਮਾਤਰਾਂ ਡਾਕਟਰੀ ਲੋੜ ਅਨੁਸਾਰ ਸੁਰੱਖਿਅਤ ਮੰਨੀਆਂ ਜਾਂਦੀਆਂ ਹਨ। ਔਸਤਨ, ਸਾਰੇ ਕੁਦਰਤੀ ਸਰੋਤਾਂ ਦੇ ਕਾਰਨ ਸਾਡਾ ਰੇਡੀਏਸ਼ਨ ਐਕਸਪੋਜਰ ਪ੍ਰਤੀ ਸਾਲ ਲਗਭਗ 3 ਮਿਲੀਸੀਵਰਟ ਹੁੰਦਾ ਹੈ - ਹਾਲਾਂਕਿ ਇਹ ਅੰਕੜਾ ਭੂਗੋਲਿਕ ਸਥਿਤੀ ਦੇ ਆਧਾਰ ਤੇ ਕਈ ਸੌ ਪ੍ਰਤੀਸ਼ਤ ਤੱਕ ਵੱਖਰਾ ਹੋ ਸਕਦਾ ਹੈ।

ਰੇਡੀਏਸ਼ਨ ਬਾਰੇ ਕਈ ਗਲਤਫ਼ਹਮੀਆਂ ਵੀ ਹਨ। ਕੁਝ ਲੋਕ ਸੋਚਦੇ ਹਨ ਕਿ ਹਰ ਕਿਸਮ ਦੀ ਰੇਡੀਏਸ਼ਨ ਮਾਰੂ ਹੁੰਦੀ ਹੈ, ਜੋ ਸਹੀ ਨਹੀਂ। ਕੁਝ ਲੋਕ ਮੋਬਾਈਲ ਟਾਵਰਾਂ ਨੂੰ ਕੈਂਸਰ ਦਾ ਕਾਰਨ ਮੰਨਦੇ ਹਨ, ਪਰ ਆਮ ਪੱਧਰ ਦੀ ਐਕਸਪੋਜ਼ਰ ਨੂੰ ਲੈ ਕੇ ਸਪਸ਼ਟ ਵਿਗਿਆਨਕ ਸਬੂਤ ਨਹੀਂ ਮਿਲੇ। ਪਰਮਾਣੂ ਬਿਜਲੀ ਘਰਾਂ ਬਾਰੇ ਵੀ ਡਰ ਹੈ, ਪਰ ਇਹ ਸਖ਼ਤ ਨਿਗਰਾਨੀ ਹੇਠ ਚਲਦੇ ਹਨ।

ਰੇਡੀਏਸ਼ਨ ਦੇ ਕਈ ਲਾਭ ਹਨ। ਚਿਕਿਤਸਾ ਵਿੱਚ ਇਹ ਬਿਮਾਰੀਆਂ ਦੀ ਪਹਿਚਾਣ ਅਤੇ ਇਲਾਜ ਲਈ ਜ਼ਰੂਰੀ ਹੈ। ਹਸਪਤਾਲ ਅਤੇ ਡਾਕਟਰ ਮਨੁੱਖਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਡਾਕਟਰੀ ਸਥਿਤੀਆਂ ਦਾ ਨਿਦਾਨ, ਨਿਗਰਾਨੀ ਅਤੇ ਇਲਾਜ ਕਰਨ ਲਈ ਕਈ ਤਰ੍ਹਾਂ ਦੀਆਂ ਪ੍ਰਮਾਣੂ ਪਦਾਰਥਾਂ ਅਤੇ ਪ੍ਰਕਿਰਿਆਵਾਂ ਦੀ ਵਰਤੋਂ ਕਰਦੇ ਹਨ। ਨਤੀਜੇ ਵਜੋਂ, ਰੇਡੀਏਸ਼ਨ ਦੀ ਵਰਤੋਂ ਕਰਨ ਵਾਲੀਆਂ ਡਾਕਟਰੀ ਪ੍ਰਕਿਰਿਆਵਾਂ ਨੇ ਕੈਂਸਰ ਤੋਂ ਲੈ ਕੇ ਹਾਈਪਰਥਾਇਰਾਇਡਿਜ਼ਮ ਤੱਕ ਦੀਆਂ ਸਥਿਤੀਆਂ ਦਾ ਪਤਾ ਲਗਾਉਣ ਅਤੇ ਇਲਾਜ ਕਰਕੇ ਹਜ਼ਾਰਾਂ ਜਾਨਾਂ ਬਚਾਈਆਂ ਹਨ। ਐਕਸ-ਰੇ ਡਾਕਟਰੀ ਪ੍ਰਕਿਰਿਆਵਾਂ ਲਈ ਵਰਤੇ ਜਾਣ ਵਾਲੇ ਸਭ ਤੋਂ ਆਮ ਰੇਡੀਏਸ਼ਨ ਕਿਸਮ ਹਨ। ਐਕਸ-ਰੇ ਅਤੇ ਰੇਡੀਏਸ਼ਨ ਦੇ ਹੋਰ ਰੂਪਾਂ ਦੇ ਵੀ ਕਈ ਤਰ੍ਹਾਂ ਦੇ ਇਲਾਜ ਅਤੇ ਉਪਯੋਗ ਹਨ। ਉਦਾਹਰਣ ਵਜੋਂ, ਰੇਡੀਓਐਕਟਿਵ ਆਇਓਡੀਨ (ਖਾਸ ਕਰਕੇ ਆਇਓਡੀਨ-131) ਅਕਸਰ ਥਾਇਰਾਇਡ ਅਤੇ ਕੈਂਸਰ ਦੇ ਇਲਾਜ ਲਈ ਵਰਤੀ ਜਾਂਦੀ ਹੈ। ਚਿਕਿਤਸਾ ਤੋਂ ਇਲਾਵਾ ਉਦਯੋਗ ਦੇ ਖੇਤਰ ਵਿੱਚ ਵੀ ਰੇਡੀਏਸ਼ਨ ਮਸ਼ੀਨਾਂ ਦੀ ਜਾਂਚ ਲਈ ਵਰਤੀ ਜਾਂਦੀ ਹੈ। ਰੇਡੀਏਸ਼ਨ ਦੇ ਉਦਯੋਗਿਕ ਉਪਯੋਗਾਂ ਵਿੱਚ ਭੋਜਨ, ਡਾਕਟਰੀ ਉਪਕਰਣਾਂ ਅਤੇ ਹੋਰ ਪਦਾਰਥਾਂ ਨੂੰ ਕੁਝ ਖਾਸ ਕਿਸਮਾਂ ਦੇ ਰੇਡੀਏਸ਼ਨ (ਜਿਵੇਂ ਕਿ ਐਕਸ-ਰੇ) ਨਾਲ ਇਰੇਡੀਏਸ਼ਨ ਕਰਨਾ ਵੀ ਸ਼ਾਮਲ ਹੈ ਤਾਂ ਜੋ ਕੀਟਾਣੂ ਰਹਿਤ ਪਦਾਰਥ ਨੂੰ ਨੁਕਸਾਨ ਪਹੁੰਚਾਏ ਬਿਨਾਂ ਅਤੇ ਉਸਨੂੰ ਰੇਡੀਓਐਕਟਿਵ ਬਣਾਏ ਬਿਨਾਂ ਕੀਟਾਣੂਆਂ ਨੂੰ ਮਾਰਿਆ ਜਾ ਸਕੇ। ਖੇਤੀ ਵਿੱਚ ਨਵੀਆਂ ਕਿਸਮਾਂ ਦੇ ਬੀਜ ਤਿਆਰ ਕਰਨ ਲਈ ਵੀ ਰੇਡੀਏਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ। ਵਿਗਿਆਨਕ ਖੋਜ ਅਤੇ ਅੰਤਰਿਕਸ਼ ਅਧਿਐਨ ਵਿੱਚ ਵੀ ਇਹ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਇਲਾਵਾ, ਪ੍ਰਮਾਣੂ ਵਿਖੰਡਨ ਦੀ ਪ੍ਰਕਿਰਿਆ ਰਾਹੀਂ ਬਿਜਲੀ ਪੈਦਾ ਕਰਨ ਲਈ ਪ੍ਰਮਾਣੂ ਰੇਡੀਏਸ਼ਨਾਂ ਦੀ ਨਿਰੰਤਰ ਵਰਤੋਂ ਕੀਤੀ ਜਾਂਦੀ ਹੈ। ਜੇ ਰੇਡੀਏਸ਼ਨ ਨਾ ਹੁੰਦੀ ਤਾਂ ਆਧੁਨਿਕ ਤਕਨਾਲੋਜੀ ਅਤੇ ਚਿਕਿਤਸਾ ਇੰਨੀ ਅੱਗੇ ਨਾ ਵਧ ਸਕਦੀ।

ਸੁਰੱਖਿਅਤ ਰਹਿਣ ਲਈ ਰੇਡੀਏਸ਼ਨ ਤੋਂ ਬਚਾਅ ਬਹੁਤ ਜ਼ਰੂਰੀ ਹੈ, ਖਾਸ ਕਰਕੇ ਰੇਡੀਏਸ਼ਨ ਸੰਵੇਦਨਸ਼ੀਲ ਵਾਤਾਵਰਣ ਵਿੱਚ ਕੰਮ ਕਰਨ ਵਾਲੇ ਕਾਮਿਆਂ ਲਈ। ਰੇਡੀਏਸ਼ਨ ਤੋਂ ਸੁਰੱਖਿਆ ਲਈ ਤਿੰਨ ਮੂਲ ਸਿਧਾਂਤ ਮੰਨੇ ਜਾਂਦੇ ਹਨ—ਸਮਾਂ ਘਟਾਉਣਾ, ਦੂਰੀ ਵਧਾਉਣਾ ਅਤੇ ਢਾਲ ਵਰਤਣਾ। ਰੇਡੀਏਸ਼ਨ ਨਾਲ ਘੱਟ ਸਮੇਂ ਲਈ ਸੰਪਰਕ ਰੱਖਣ ਨਾਲ ਖਤਰਾ ਘਟਦਾ ਹੈ। ਇਸਤੋਂ ਇਲਾਵਾ ਦੂਰੀ ਵਧਾਉਣ ਨਾਲ ਰੇਡੀਏਸ਼ਨ ਦੀ ਤੀਬਰਤਾ ਘਟਦੀ ਹੈ ਅਤੇ ਉਸ ਦਾ ਅਸਰ ਫਿੱਕਾ ਹੋ ਜਾਂਦਾ ਹੈ । ਸ਼ੀਸ਼ਾ ਅਤੇ ਕੰਕਰੀਟ ਰੇਡੀਏਸ਼ਨ ਤੋਂ ਬਚਾਅ ਪ੍ਰਦਾਨ ਕਰਦੇ ਹਨ। ਇਹ ਇੱਕ ਢਾਲ ਵਜੋਂ ਕੰਮ ਕਰਦੇ ਹਨ ਅਤੇ ਵਾਤਾਵਰਣ ਵਿੱਚ ਰੇਡੀਏਸ਼ਨਾਂ ਨੂੰ ਲੀਕ ਨਹੀਂ ਹੋਣ ਦਿੰਦੇ। ਇਸ ਸਭ ਦੇ ਬਾਵਜੂਦ ਰੇਡੀਏਸ਼ਨ ਦੇ ਬੇਲੋੜੇ ਸੰਪਰਕ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ। ਵਿਅਕਤੀਗਤ ਪੱਧਰ ਤੇ ਬਿਨਾਂ ਲੋੜ ਡਾਕਟਰੀ ਸਕੈਨ ਤੋਂ ਬਚਣਾ, ਘਰਾਂ ਵਿੱਚ ਹਵਾ-ਦਾਰੀ ਰੱਖਣਾ ਅਤੇ ਧੁੱਪ ਵਿੱਚ ਸੁਰੱਖਿਆ ਉਪਕਰਣ ਵਰਤਣਾ, ਜਿਵੇਂ ਕਿ ਸਨਸਕ੍ਰੀਨ ਲਗਾਨਾ, ਸੁਰੱਖਿਅਤ ਕਦਮ ਹਨ।

ਸਾਲਾਂ ਦੌਰਾਨ, ਵਿਗਿਆਨੀ ਰੇਡੀਏਸ਼ਨ ਦੀਆਂ ਵੱਡੀਆਂ ਖੁਰਾਕਾਂ ਦੇ ਸੰਪਰਕ ਦੇ ਸੰਭਾਵੀ ਨੁਕਸਾਨਦੇਹ ਪ੍ਰਭਾਵਾਂ ਬਾਰੇ ਚਿੰਤਤ ਹੁੰਦੇ ਗਏ। ਰੇਡੀਏਸ਼ਨ ਦੇ ਸੰਪਰਕ ਨੂੰ ਨਿਯਮਤ ਕਰਨ ਦੀ ਜ਼ਰੂਰਤ ਨੇ ਕਈ ਮਾਹਰ ਸੰਸਥਾਵਾਂ ਦੇ ਗਠਨ ਨੂੰ ਪ੍ਰੇਰਿਤ ਕੀਤਾ ਹੈ। 1928 ਵਿੱਚ, ਖੇਤਰ ਦੇ ਮਾਹਿਰਾਂ ਦੀ ਇੱਕ ਸੁਤੰਤਰ ਗੈਰ-ਸਰਕਾਰੀ ਸੰਸਥਾ, ਅੰਤਰਰਾਸ਼ਟਰੀ ਐਕਸ-ਰੇ ਅਤੇ ਰੇਡੀਅਮ ਸੁਰੱਖਿਆ ਕਮੇਟੀ ਦੀ ਸਥਾਪਨਾ ਕੀਤੀ ਗਈ ਸੀ। ਬਾਅਦ ਵਿੱਚ ਇਸਦਾ ਨਾਮ ਬਦਲ ਕੇ ਅੰਤਰਰਾਸ਼ਟਰੀ ਰੇਡੀਓਲੋਜੀਕਲ ਪ੍ਰੋਟੈਕਸ਼ਨ ਕਮਿਸ਼ਨ (ICRP) ਰੱਖਿਆ ਗਿਆ। ਇਸਦਾ ਉਦੇਸ਼ ਰੇਡੀਏਸ਼ਨ ਸੁਰੱਖਿਆ ਲਈ ਬੁਨਿਆਦੀ ਸਿਧਾਂਤ ਸਥਾਪਤ ਕਰਨਾ ਅਤੇ ਇਸ ਬਾਰੇ ਸਿਫ਼ਾਰਸ਼ਾਂ ਜਾਰੀ ਕਰਨਾ ਹੈ। ਇਹ ਸਿਧਾਂਤ ਅਤੇ ਸਿਫ਼ਾਰਸ਼ਾਂ ਰੇਡੀਏਸ਼ਨ ਵਰਕਰਾਂ ਅਤੇ ਜਨਤਾ ਦੇ ਮੈਂਬਰਾਂ ਦੇ ਸੰਪਰਕ ਨੂੰ ਨਿਯੰਤਰਿਤ ਕਰਨ ਵਾਲੇ ਰਾਸ਼ਟਰੀ ਨਿਯਮਾਂ ਦਾ ਆਧਾਰ ਬਣਦੇ ਹਨ। ਇਹਨਾਂ ਨੂੰ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (IAEA) ਦੁਆਰਾ ਵਿਸ਼ਵ ਸਿਹਤ ਸੰਗਠਨ (WHO),

ਅੰਤਰਰਾਸ਼ਟਰੀ ਕਿਰਤ ਸੰਗਠਨ (ILO), ਅਤੇ ਪ੍ਰਮਾਣੂ ਊਰਜਾ ਏਜੰਸੀ (NEA) ਨਾਲ ਸਾਂਝੇ ਤੌਰ 'ਤੇ ਪ੍ਰਕਾਸ਼ਿਤ ਰੇਡੀਏਸ਼ਨ ਸੁਰੱਖਿਆ ਲਈ ਆਪਣੇ ਬੁਨਿਆਦੀ ਸੁਰੱਖਿਆ ਮਿਆਰਾਂ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਇਹਨਾਂ ਮਿਆਰਾਂ ਦੀ ਵਰਤੋਂ ਦੁਨੀਆ ਭਰ ਵਿੱਚ ਰੇਡੀਏਸ਼ਨ ਵਰਕਰਾਂ ਅਤੇ ਆਮ ਜਨਤਾ ਦੀ ਸੁਰੱਖਿਆ ਅਤੇ ਰੇਡੀਏਸ਼ਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਰੇਡੀਏਸ਼ਨ ਸਾਡੇ ਆਲੇ-ਦੁਆਲੇ ਹਰ ਥਾਂ ਮੌਜੂਦ ਹੈ। ਇਹ ਕੁਦਰਤ ਦਾ ਹਿੱਸਾ ਹੈ ਅਤੇ ਮਨੁੱਖੀ ਤਰੱਕੀ ਦਾ ਸਾਥੀ ਹੈ। ਜਦੋਂ ਕਿ ਅਸੀਂ ਲਗਾਤਾਰ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਈਆਂ ਗਈਆਂ ਰੇਡੀਏਸ਼ਨ ਨਾਲ ਘਿਰੇ ਰਹਿੰਦੇ ਹਾਂ, ਇਹਨਾਂ ਸਰੋਤਾਂ ਨੂੰ ਸਮਝਣਾ ਸਾਨੂੰ ਸੰਭਾਵੀ ਜੋਖਮਾਂ ਦਾ ਪ੍ਰਬੰਧਨ ਕਰਨ ਅਤੇ ਰੇਡੀਓਐਕਟਿਵ ਦੁਨੀਆ ਵਿੱਚ ਸੁਰੱਖਿਅਤ ਢੰਗ ਨਾਲ ਰਹਿਣ ਵਿੱਚ ਮਦਦ ਕਰਦਾ ਹੈ।

ਡਾ. ਪ੍ਰੀਤ ਕੌਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ , ਫ਼ਤਿਹਗੜ੍ਹ ਸਾਹਿਬ (ਪੰਜਾਬ) ਵਿਖੇ ਭੌਤਿਕ ਵਿਗਿਆਨ ਵਿਭਾਗ ਵਿੱਚ ਬਤੌਰ ਮੁੱਖੀ ਸੇਵਾ ਨਿਭਾ ਰਹੇ ਹਨ। ਉਹ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਸਮਰਪਿਤ ਅਧਿਆਪਕ ਅਤੇ ਖੋਜਕਾਰ ਹਨ। ਉਹਨਾਂ ਨੇ ਅੰਤਰਰਾਸ਼ਟਰੀ ਪ੍ਰਤਿਸ਼ਠਿਤ ਜਰਨਲਾਂ ਵਿੱਚ ਕਈ ਖੋਜ ਪੇਪਰ ਪ੍ਰਕਾਸ਼ਿਤ ਕੀਤੇ ਹਨ। ਇਸ ਤੋਂ ਇਲਾਵਾ, ਉਹ ਕਈ ਪੀ.ਐਚ.ਡੀ. ਵਿਦਿਆਰਥੀਆਂ ਦੀ ਰਹਿਨੁਮਾਈ ਵੀ ਕਰ ਰਹੇ ਹਨ।ਅਧਿਆਪਨ ਖੇਤਰ ਵਿੱਚ ਉਹ ਨਵੀਂਨਤਮ ਤਰੀਕਿਆਂ ਨੂੰ ਅਪਣਾਉਂਦੇ ਹਨ ਅਤੇ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਵੱਲ ਪ੍ਰੇਰਿਤ ਕਰਦੇ ਹਨ। ਉਹਨਾਂ ਦਾ ਉਦੇਸ਼ ਖੋਜ, ਨਵੀਨਤਾ ਅਤੇ ਸਮਾਜਕ ਭਲਾਈ ਨੂੰ ਇਕੱਠੇ ਲੈ ਕੇ ਅੱਗੇ ਵਧਣਾ ਹੈ।



## ਰੇਡੀਏਸ਼ਨ ਪ੍ਰਸ਼ਨਾਵਲੀ

ਆਓ ਇਸ ਪ੍ਰਸ਼ਨਾਵਲੀ ਰਾਹੀਂ ਰੇਡੀਏਸ਼ਨ ਬਾਰੇ ਆਪਣੀ ਜਾਣਕਾਰੀ ਪੱਕੀ ਕਰੀਏ?

**1.** ਕੀ ਐਕਸ-ਰੇ ਇੱਕ ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ ਹੈ ਜਾਂ ਇੱਕ ਕਣ ਰੇਡੀਏਸ਼ਨ?

**2.** ਕੀ ਅਲਫ਼ਾ ਕਿਰਨਾਂ ਇੱਕ ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ ਹਨ ਜਾਂ ਇੱਕ ਕਣ ਰੇਡੀਏਸ਼ਨ?

**3.** ਕੀ ਬੀਟਾ ਕਿਰਨਾਂ ਇੱਕ ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ ਹਨ ਜਾਂ ਇੱਕ ਕਣ ਰੇਡੀਏਸ਼ਨ?

**4.** ਕੀ ਗੈਮਾ ਕਿਰਨਾਂ ਇੱਕ ਇਲੈਕਟ੍ਰੋਮੈਗਨੈਟਿਕ ਰੇਡੀਏਸ਼ਨ ਹਨ ਜਾਂ ਇੱਕ ਕਣ ਰੇਡੀਏਸ਼ਨ?

**5.** ਮੋਬਾਈਲ ਫੋਨ ਰਾਹੀਂ ਸੁਨੇਹਿਆਂ ਨੂੰ ਸੰਚਾਰਿਤ ਕਰਨ ਲਈ ਕਿਸ ਕਿਸਮ ਦੀਆਂ ਤਰੰਗਾਂ ਵਰਤੀਆਂ ਜਾਂਦੀਆਂ ਹਨ?

- ਦ੍ਰਿਸ਼ਟਮਾਨ ਪ੍ਰਕਾਸ਼
- ਰੇਡੀਓ
- ਐਕਸ-ਰੇ
- ਗਾਮਾ ਕਿਰਨਾਂ

**6.** ਰੇਡੀਓਐਕਟਿਵ ਸਮੱਗਰੀ ਕਿਸ ਕਿਸਮ ਦੇ ਨਿਕਾਸ ਦਾ ਕਾਰਨ ਬਣ ਸਕਦੀ ਹੈ:

- ਰੇਡੀਓ
- ਐਕਸ-ਰੇ
- ਗਾਮਾ ਕਿਰਨਾਂ
- ਬੀਟਾ ਕਿਰਨਾਂ

**7.** ਇਲੈਕਟ੍ਰੋਮੈਗਨੈਟਿਕ ਤਰੰਗਾਂ ਜੋ ਤੁਸੀਂ ਦੇਖ ਸਕਦੇ ਹੋ ਉਹਨਾਂ ਨੂੰ ਕਿਹਾ ਜਾਂਦਾ ਹੈ:

- ਇਨਫਰਾਰੈੱਡ ਕਿਰਨਾਂ
- ਮਾਈਕ੍ਰੋਵੇਵ ਕਿਰਨਾਂ
- ਐਕਸ-ਰੇ
- ਦ੍ਰਿਸ਼ਟਮਾਨ ਰੌਸ਼ਨੀ

**8.** ਤਾਰਿਆਂ ਵਿਚਕਾਰਲੀ ਧੂੜ ਨੂੰ ਦੇਖਣ ਤੇ ਨਕਸ਼ਾ ਬਣਾਉਣ ਲਈ ਕਿਹੜੀਆਂ ਕਿਰਨਾਂ ਵਰਤੀਆਂ ਜਾਂਦੀਆਂ ਹਨ?

- ਇਨਫਰਾਰੈੱਡ
- ਪਰਾ-ਬੈਂਗਣੀ (ਅਲਟਰਾਵਾਇਲਟ)
- ਐਕਸ-ਰੇ
- ਗਾਮਾ ਕਿਰਨਾਂ

**9.** ਸਹੀ ਜਾਂ ਗ਼ਲਤ: ਦ੍ਰਿਸ਼ਟਮਾਨ ਪ੍ਰਕਾਸ਼ ਆਇਓਨਾਈਜ਼ਿੰਗ ਰੇਡੀਏਸ਼ਨ ਦਾ ਇੱਕ ਰੂਪ ਹੈ।

**10.** ਸਹੀ ਜਾਂ ਗ਼ਲਤ: ਆਇਓਨਾਈਜ਼ਿੰਗ ਰੇਡੀਏਸ਼ਨ ਗੈਰ-ਆਇਨਾਈਜ਼ਿੰਗ ਰੇਡੀਏਸ਼ਨ ਨਾਲੋਂ ਘੱਟ ਊਰਜਾਮਈ ਹੁੰਦੀ ਹੈ।

ਉੱਤਰ ਜਾਣਨ ਲਈ ਇਹ ਪ੍ਰਸ਼ਨਾਵਲੀ ਹੇਠਲੇ ਲਿੰਕ ਤੇ ਹੱਲ ਕਰੋ ਜਾਂ ਤੁਸੀਂ ਪੰਨਾ 6 'ਤੇ ਉੱਤਰ ਦੇਖ ਸਕਦੇ ਹੋ।

https://www.udaanpunjabi.com/home/quiz




ਦੂਰ ਦੂਰ ਤੱਕ ਫੈਲਿਆ ਸਮੁੰਦਰ, ਕਿਨਾਰਿਆਂ ਤੇ ਪਏ ਪੱਥਰਾਂ ਨਾਲ ਟਕਰਾਉਂਦੀਆਂ ਸਮੁੰਦਰੀ ਲਹਿਰਾਂ। ਕੁੱਝ ਤਾਂ ਟਕਰਾ ਕੇ ਮੁੜ ਜਾਂਦੀਆਂ, ਕੁੱਝ ਨੀਵੇਂ ਪੱਥਰਾਂ ਦੇ ਉਪਰੋਂ ਦੀ ਵਹਿ ਜਾਂਦੀਆਂ ਅਤੇ ਕੁੱਝ ਚਟਾਨਾਂ ਦੀਆਂ ਵਿਰਲਾਂ ਵਿਚੋਂ ਬਰੀਕ ਜਿਹੀ ਤਤੀਰੀ ਬਣ ਪੂਰੇ ਵੇਗ ਨਾਲ ਬਾਹਰ ਨਿਕਲਦੀਆਂ। ਕੁਦਰਤ ਦੀ ਕਾਇਨਾਤ ਦਾ ਅਜਬ ਨਜ਼ਾਰਾ ਚੁਫ਼ੇਰੇ ਦ੍ਰਿਸ਼ਟੀਮਾਨ ਸੀ। ਜਿੱਥੇ ਰੇਤਲਾ ਕਿਨਾਰਾ ਦੂਰ ਦੂਰ ਤੱਕ ਫੈਲਿਆ ਸੀ ਉੱਥੇ ਸਮੁੰਦਰ ਦਾ ਪਾਣੀ ਥੌੜ੍ਹੀ ਥੋੜ੍ਹੀ ਦੇਰ ਬਾਦ ਜ਼ੋਰ ਸ਼ੋਰ ਨਾਲ ਆਉਂਦਾ, ਦੂਰ ਤੱਕ ਫੈਲ ਜਾਂਦਾ ਅਤੇ ਫਿਰ ਪਲ ਛਿਣ ਵਿੱਚ ਪਿੱਛੇ ਮੁੜ ਜਾਂਦਾ। ਰੇਤ ਗਿੱਲੀ ਹੁੰਦੀ ਤੇ ਝੱਟ ਹੀ ਪਾਣੀ ਰੇਤ ਦੇ ਮੋਟੇ ਕਣਾਂ ਵਿਚੋਂ ਖਿਸਕ ਹੇਠਾਂ ਚਲਾ ਜਾਂਦਾ ਅਤੇ ਉਪਰਲੀ ਤਹਿ ਮੁੜ ਖੁਸ਼ਕ ਹੋ ਜਾਂਦੀ। ਪਰ ਹੇਠਾਂ ਗਿੱਲੀ ਤੇ ਸਿੱਲੀ ਜਿਹੀ ਰੇਤ। ਇਹ ਕਿਰਿਆ ਨਿਰੰਤਰ ਬਿਨਾ ਰੁਕੇ ਵਰਤਦੀ ਰਹਿੰਦੀ। ਰਾਤ-ਦਿਨ, ਚੌਵੀ ਘੰਟੇ, ਸੱਤੇ ਦਿਨ, ਅੱਠੇ ਪਹਿਰ, ਹਰ ਪਲ। ਨਾ ਲਹਿਰਾਂ ਥੱਕਦੀਆਂ, ਨਾ ਅੱਕਦੀਆਂ, ਨਾ ਰੁਕਦੀਆਂ। ਇਸ ਸਿੱਲੀ ਰੇਤ ਉੱਤੇ ਕਈ ਲੋਕ ਪੋਲੇ ਪੋਲੇ ਪੈਰੀਂ ਤੁਰਦੇ, ਕਈ ਲੇਟ ਕੇ ਇਹਦੀ ਠੰਢਕ ਦਾ ਆਨੰਦ ਮਾਣਦੇ ਅਤੇ ਕੁੱਝ ਲੋਕ ਦੂਰ ਚੁੱਪ ਬੈਠੇ ਸ਼ਾਂਤ ਚਿੱਤ ਇਹ ਨਜ਼ਾਰਾ ਵਿੰਹਦੇ ਕੁਦਰਤ ਦੀ ਅਸੀਮਤਾ ਤੇ ਰਸ਼ਕ ਕਰਦੇ ਰਹਿੰਦੇ। ਨੰਨ੍ਹੇ ਮੁਨ੍ਹੇ ਬੱਚੇ ਪੋਲੀ ਪੋਲੀ ਰੇਤ ਨੂੰ ਆਪਣੇ ਪੈਰਾਂ ਤੇ ਥੱਪ ਘਰ ਉਸਾਰਦੇ, ਢਾਹੁੰਦੇ ਤੇ ਮੁੜ ਬਣਾਉਂਦੇ ਆਪਣੀ ਕਲਾ ਦੇ ਜੌਹਰ ਵਖਾਉਣ ਦਾ ਯਤਨ ਕਰਦੇ ਸਾਗਰ ਦੇ ਕਾਰਜ ਦਾ ਛੋਟਾ ਜਿਹਾ ਰੂਪ ਲਗਦੇ। ਇੰਝ ਸਮੁੰਦਰ ਦਾ ਇਹ ਕਿਨਾਰਾ ਸਮੁੰਦਰ ਦੀ ਹਲਚਲ ਵਾਂਗ ਹੀ ਹਲਚਲ ਨਾਲ ਭਰ ਜਾਂਦਾ ਸੀ ਜਦੋਂ ਕਦੇ ਛੁੱਟੀਆਂ ਬਿਤਾਉਣ ਜਾਂ ਵਿਹਲ ਦਾ ਆਨੰਦ ਮਾਣਨ ਲੋਕ ਇਸ ਕਿਨਾਰੇ ਤੇ ਆ ਰੌਣਕ ਲਾਉਂਦੇ ਸਨ। ਉਂਜ ਇਹ ਹਿੱਸਾ ਬਹੁਤਾ ਇਕਾਂਤ ਤੇ ਸ਼ਾਂਤ ਹੀ ਹੁੰਦਾ ਸੀ ਕਿਉਂਕਿ ਇਧਰ ਲੋਕਾਂ ਦੀ ਆਵਾਜਾਈ ਘੱਟ ਹੀ ਹੁੰਦੀ ਸੀ।

ਪ੍ਰੰਤੂ ਇੱਕ ਪਰਿਵਾਰ ਅਕਸਰ ਹੀ ਸਮੁੰਦਰ ਦੇ ਇਸ ਕਿਨਾਰੇ ਤੇ ਆਉਂਦਾ ਰਹਿੰਦਾ ਸੀ। ਦੋ ਛੋਟੇ ਬੱਚੇ, ਇੱਕ ਮਰਦ ਤੇ ਇੱਕ ਔਰਤ। ਇਸ ਵੇਲੇ ਵੀ ਬੱਚੇ ਜਿਨ੍ਹਾਂ ਦੀ ਉਮਰ ਚਾਰ ਕੁ ਸਾਲ ਦੀ ਸੀ, ਰੇਤ ਤੇ ਖੇਡ ਰਹੇ ਸਨ। ਉਹ ਇੱਕ ਦੂਜੇ ਪਿੱਛੇ ਦੌੜਦੇ ਕਿੰਨ੍ਹੀ ਦੂਰ ਨਿਕਲ ਜਾਂਦੇ। ਤੇਜ਼ੀ ਨਾਲ ਆਉਂਦੀਆਂ ਛੱਲਾਂ ਸਾਹਮਣੇ ਖਲੋ ਪਾਣੀ ਦੇ ਅੱਗੇ ਪਿੱਛੇ ਜਾਣ ਦੀ ਖੇਡ ਦਾ ਆਨੰਦ ਮਾਣਦੇ। ਨਿੱਕੇ ਨਿੱਕੇ ਪੈਰਾਂ ਤੇ ਗਿੱਲੀ ਰੇਤ ਥੱਪ ਘਰ ਉਸਾਰਦੇ, ਉੱਚੀ ਉੱਚੀ ਹੱਸਦੇ ਆਪਣੇ ਆਪ ਵਿੱਚ ਮਸਤ ਗੁਟਰਗੂੰ ਗੁਟਰਗੂੰ ਕਰ ਰਹੇ ਸਨ। ਮਰਦ ਤੇ ਔਰਤ ਆਲੇ ਦੁਆਲੇ ਦੀ ਵਿਸ਼ਾਲਤਾ ਵਿੱਚ ਲੀਨ ਆਪੋ ਆਪਣੀਆਂ ਸੋਚਾਂ ਵਿੱਚ ਗੁਆਚੇ ਬੈਠੇ ਸਨ। ਅਚਾਨਕ ਬੱਚੇ ਕਿਸੇ ਗਲੋਂ ਆਪਸ ਵਿੱਚ ਖਹਿਬੜ ਪਏ। ਇਨ੍ਹਾਂ ਦੀ ਤੰਦਰਾ ਭੰਗ ਹੋਈ ਤਾਂ ਦੋਵੇਂ ਬੱਚਿਆਂ ਵੱਲ ਨੂੰ ਅਹੁਲੇ।

"ਕੀ ਗੱਲ ਏ ਤਿਸ਼?" ਮਰਦ ਨੇ ਪੁੱਛਿਆ।

"ਕੀ ਹੋਇਆ ਕਿਨ?" ਔਰਤ ਨੇ ਕਿਹਾ।

"ਕਿਉਂ ਲੜਦੇ ਪਏ ਜੇ?" ਦੋਵਾਂ ਦੇ ਮੂੰਹੋਂ ਇੱਕਠਿਆਂ ਨਿਕਲਿਆ। ਇੰਝ ਲਗਦਾ ਸੀ ਜਿਵੇਂ ਬੱਚਿਆਂ ਨੇ ਉਨ੍ਹਾਂ ਦੀ ਗੱਲ ਸੁਣੀ ਹੀ ਨਾ ਹੋਵੇ। ਦੋਵੇਂ ਕਿਚ ਕਿਚ ਕਰਦੇ ਇੱਕ ਦੂਜੇ ਦੇ ਗਲ਼ ਪਏ ਹੋਏ ਸਨ।

"ਚਲੋ ਵਾਪਸ ਚਲੋ! ਚਲੋ ਤਿਸ਼, ਚਲੋ ਕਿਨ!" ਔਰਤ ਨੇ ਦੋਵਾਂ ਨੂੰ ਵੱਖ ਕਰਦੇ ਹੁਕਮੀ ਲਹਿਜ਼ੀ ਵਿੱਚ ਕਿਹਾ।

"ਮੈਂ ਨਾ ਜਾਇਬੋ, ਕਿਨ ਜਾਇਬੋ," ਤਿਸ਼ ਊਲ ਜਲੂਲ ਜਿਹਾ ਬੋਲੀ ਜਾ ਰਿਹਾ ਸੀ। ਕਿਨ ਵੀ ਕੁੱਝ ਕਹਿ ਰਹੀ ਸੀ ਜਿਹਦੀ ਸਮਝ ਦੋਵਾਂ ਨੂੰ ਨਹੀਂ ਲਗ ਰਹੀ ਸੀ।

"ਡਾ: ਮਾਹੀ ਇਹ ਕੀ ਬੋਲ ਰਹੇ ਨੇ? ਮੈਨੂੰ ਤਾਂ ਸਮਝ ਨਹੀਂ ਪੈਂਦੀ। ਇਨ੍ਹਾਂ ਨੂੰ ਕੀ ਹੋ ਗਿਆ ਅੱਜ?" ਔਰਤ ਨੇ ਹੈਰਾਨੀ ਨਾਲ ਕਿਹਾ।

"ਹਾਂ ਸਵੀ, ਮੈਂ ਖ਼ੁਦ ਹੈਰਾਨ ਆਂ, ਇਹ ਕਿਹੜੀ ਭਾਸ਼ਾ ਬੋਲਦੇ ਨੇ ਜਿਹੜੀ ਸਾਡੀ ਸਮਝ ਵਿੱਚ ਨਹੀਂ ਆ ਰਹੀ। ਜਦੋਂ ਆਏ ਆਂ ਉਦੋਂ ਤਾਂ ਚੰਗੇ ਭਲੇ ਤੋਤਲੀਆਂ ਗੱਲਾਂ ਕਰਦੇ ਆ।" ਡਾ: ਮਾਹੀ ਕੁੱਝ ਘਬਰਾਇਆ ਹੋਇਆ ਸੀ। ਉਹ ਬਦੋਬਦੀ ਉਨ੍ਹਾਂ ਨੂੰ ਗੱਡੀ ਤੱਕ ਲੈ ਗਏ ਅਤੇ ਸੀਟਾਂ ਤੇ ਬਠਾ ਦਿੱਤਾ।

ਇਨ੍ਹਾਂ ਦਾ ਘਰ ਨੇੜੇ ਹੀ ਸੀ। ਇਸ ਟਾਪੂ ਤੇ ਵਸੋਂ ਘੱਟ ਹੀ ਸੀ ਡੱਚ ਬਹੁਤਾ ਮੇਲ-ਮਿਲਾਪ ਨਾ ਹੋਣ ਕਰਕੇ ਇਹ ਆਪਣੇ ਆਪ ਵਿੱਚ ਮਸਤ ਚਾਰੇ ਜੀਅ ਨਿਰਲੇਪ ਜਿਹਾ ਜੀਵਨ ਬਤੀਤ ਕਰ ਰ ਆਪ ਹੀ ਰਚਣ ਲਗ ਪਏ ਸਨ। ਇਹ ਆਮ ਬੱਚਿਆਂ ਨਾਲੋਂ ਵੱਧ ਜ਼ਹੀਨ, ਚੁਸਤ ਤੇ ਬੇਖ਼ੌਫ਼ ਸਨ। ਹਰ ਕੰਮ ਬੜੀ ਛੇਤੀ ਤੇ ਤੇਜ਼ੀ ਨਾਲ ਸਿੱਖ ਲੈਂਦੇ ਅਤੇ ਖਤਰੇ ਸਹੇੜਨ ਤੋਂ ਵੀ ਨਾ ਡਰਦੇ। ਪਰ ਅੱਜ ਵਾਂਗ ਚੀਕ-ਚਿਹਾੜਾ ਇਨ੍ਹਾਂ ਕਦੇ ਨਹੀਂ ਸੀ ਪਾਇਆ।

ਡਾ: ਮਾਹੀ ਤੇ ਡਾ: ਸਵਰੀਨਾ ਅਚੰਭੇ ਵਿੱਚ ਸਨ। ਉਨ੍ਹਾਂ ਨੂੰ ਇਨ੍ਹਾਂ ਦੀ ਕੋਈ ਗੱਲ ਵੀ ਸਮਝ ਨਹੀਂ ਸੀ ਆ ਰਹੀ। ਲਗਦਾ ਉਹ ਦੋਵੇਂ ਵੀ ਇੱਕ ਦੂਜੇ ਦੀ ਗੱਲ ਨਹੀਂ ਸਮਝ ਰਹੇ ਸਨ। ਸ਼ਾਇਦ ਇਸੇ ਲਈ ਉੱਚੀ ਬੋਲ ਕੇ ਸਮਝਾਉਣ ਦਾ ਯਤਨ ਕਰ ਰਹੇ ਸਨ। ਖ਼ੈਰ! ਕਿਸੇ ਨਾ ਕਿਸੇ ਤਰ੍ਹਾਂ ਸਵੀ ਨੇ ਉਨ੍ਹਾਂ ਨੂੰ ਸ਼ਾਂਤ ਕੀਤਾ। ਮਾਹੀਪਾਲ ਨੇ ਗੱਡੀ ਸਟਾਰਟ ਕੀਤੀ ਅਤੇ ਚਹੁੰ ਜੀਆਂ ਦਾ ਇਹ ਪਰਿਵਾਰ ਇਥੋਂ ਚਾਲੇ ਪਾ ਗਿਆ।

ਅਗਲੇ ਦਿਨ ਘਰ ਦੇ ਲਿਵਿੰਗ ਰੂਮ ਵਿੱਚ ਡਾ: ਸਵੀ ਤੇ ਮਹੀਪਾਲ ਤੋਂ ਇਲਾਵਾ ਪ੍ਰੋ: ਚੈਟਰਜੀ ਅਤੇ ਡਾ: ਜੌਨ੍ਹ ਸੋਫ਼ਿਆਂ ਤੇ ਬੈਠੇ ਚਾਹ ਪੀ ਰਹੇ ਸਨ। "ਪ੍ਰੋ: ਚੈਟਰਜੀ ਚੰਗਾ ਹੋਇਆ ਤੁਸੀਂ ਡਾ: ਜੌਨ੍ਹ ਨੂੰ ਵੀ ਨਾਲ ਲੈ ਆਏ," ਮਾਹੀਪਾਲ ਨੇ ਚਾਹ ਦਾ ਘੁੱਟ ਭਰਦਿਆਂ ਆਖਿਆ।

"ਅਸੀਂ ਤਾਂ ਕੱਲ੍ਹ ਬਹੁਤ ਹੀ ਘਬਰਾ ਗਏ ਸਾਂ।" ਸਵੀ ਬੋਲੀ।

"ਹਾਂ ਸਵੀ, ਮੇਰੇ ਕੋ ਜਭ ਤੁਮਨੇ ਫੋਨ ਕੀਆ ਮੈਂਨੇ ਉਸੀ ਵਕਤ ਡਾ: ਜੌਨ੍ਹ ਕੋ ਕਾਂਟੈਕਟ ਕੀਆ। ਮੈਂਨੇ ਸੋਚਾ ਯਹ ਸ਼ਾਇਦ ਪੂਰੀ ਸਿਚੂਏਸ਼ਨ ਕੋ ਹਮ ਸੇ ਬੇਹਤਰ ਸਮਝ ਸਕੇਂਗੇ।" ਪ੍ਰੋ: ਚੈਟਰਜੀ ਦਾ ਸੁਰ ਵੀ ਚਿੰਤਤ ਸੀ।

"ਐਕਚੁਅਲੀ, ਵੱਟ ਹੈਪੰਡ? ਟੈੱਲ ਮੀ ਇਨ ਡੀਟੇਲ,' ਡਾ: ਜੌਨ੍ਹ ਨੇ ਪੁੱਛਿਆ ਤਾਂ ਮਾਹੀਪਾਲ ਨੇ ਸਾਰੀ ਗੱਲ ਵਿਸਥਾਰ ਨਾਲ ਦੱਸਦਿਆਂ ਕਿਹਾ, "ਜਿਹੜੀ ਗੱਲ ਇਨ੍ਹਾਂ ਵਿੱਚ ਅਬਨਾਰਮਲ ਲਗੀ ਉਹ ਸੀ ਇਨ੍ਹਾਂ ਦੀ ਲੜਾਈ ਅਤੇ ਜਿਹਦੀ ਸਾਨੂੰ ਬਿਲਕੁਲ ਸਮਝ ਨਾ ਲਗਣਾ। ਖਾਸ ਤੌਰ ਤੇ ਇਨ੍ਹਾਂ ਦਾ ਇੱਕ ਦੂਜੇ ਨਾਲ ਕਿਸੇ ਹੋਰ ਹੀ ਭਾਸ਼ਾ ਵਿੱਚ ਝਗੜਨਾ ਜਿਹਦੀ ਸਾਨੂੰ ਦੋਵਾਂ ਨੂੰ ਹੀ ਸਮਝ ਨਹੀਂ ਸੀ ਆਉਂਦੀ।" ਮਾਹੀਪਾਲ ਨੇ ਮੁਸ਼ਖਲ ਬਿਆਨੀ।

"ਮਸਲਨ ਕਿਆ ਸ਼ਬਦ ਬੋਲਤੇ ਥੇ? ਕੋਈ ਏਕ ਆਧ ਯਾਦ ਹੋ ਤੋ," ਪ੍ਰੋ: ਚੈਟਰਜੀ ਨੇ ਪੁੱਛਿਆ ਤਾਂ ਸਵੀ ਨੇ ਦੱਸਿਆ, "ਤਿਸ਼ ਬਾਰ ਬਾਰ ਕਹਿੰਦਾ ਸੀ 'ਮੈਂ ਨਾ ਜਾਇਬੋ, ਕਿਨ ਜਾਇਬੋ' ਮੈਨੂੰ ਤਾਂ 'ਜਾਇਬੋ' 'ਖਾਇਬੋ' ਦੋ ਹੀ ਅੱਖਰ ਯਾਦ ਨੇ। ਕਿਨ ਦਾ ਬੋਲਿਆ ਤਾਂ ਮੈਨੂੰ ਇੱਕ ਵੀ ਅੱਖਰ ਸਮਝ ਨਹੀਂ ਲਗਾ।"

"ਜਾਇਬੋ ਔਰ ਖਾਇਬੋ ਤੋ ਬੰਗਾਲੀ ਭਾਸ਼ਾ ਕੇ ਸ਼ਬਦੋਂ ਜੈਸੇ ਹੈਂ," ਪ੍ਰੋ: ਚੈਟਰਜੀ ਨੇ ਮੱਥਾ ਖੁਰਕਦੇ ਨੇ ਕਿਹਾ।

"ਅਸੀਂ ਤਾਂ ਦੋਵੇਂ ਬੰਗਾਲੀ ਜਾਣਦੇ ਨਹੀਂ ਤੇ ਹੋਰ ਕਿਸੇ ਨਾਲ ਇਹ ਕਦੇ ਖੇਡਦੇ ਨਹੀਂ। ਨਾ ਕਦੇ ਅਸਾਂ ਇਨ੍ਹਾਂ ਨੂੰ ਕਿਸੇ ਨਾਲ ਮਿਲਣ ਗਿਲਣ ਦਿੱਤਾ। ਫਿਰ ਇਹ ਸ਼ਬਦ ਇਨ੍ਹਾਂ ਦੀ ਜ਼ੁਬਾਨ ਤੇ ਕਿੰਵੇਂ ਆਏ?" ਡਾ: ਮਾਹੀਪਾਲ ਨੇ ਜ਼ਿਹਨ ਨੂੰ ਕੁਰੇਦਿਆ। ਇਹ ਚਾਰੋਂ

ਜਣੇ ਕਿਨੀ ਦੇਰ ਵਾਪਰੀ ਘਟਨਾ ਅਤੇ ਇਨ੍ਹਾਂ ਪ੍ਰਸ਼ਨਾਂ ਦਾ ਵਿਸ਼ਲੇਸ਼ਣ ਕਰਦੇ ਰਹੇ।

ਆਖਰ ਡਾ: ਜੌਨ੍ਹ ਨੇ ਕਿਹਾ, "ਆਈ ਥਿੰਕ ਸਮਥਿੰਗ ਸਪੈਸ਼ਲ ਇਜ਼ ਹੈਪਨਿੰਗ, ਮਤਲਬ ਕਿ ਕੁਛ ਖਾਸ ਹੋ ਰਿਹਾ ਹੈ। ਆਈ ਮੀਨ ਸਮ ਸਪੈਸ਼ਲ ਡਿਵੈਲਪਮੈਂਟ ਇਨ ਦਾ ਬਰੇਨ। ਦੇ ਮਸਟ ਬੀ ਸ਼ੇਅਰਿੰਗ ਦੇਅਰ ਪਾਸਟ ਐਕਸਪੀਰੀਐਂਸਜ਼।" ਡਾ: ਜੌਨ੍ਹ ਦੇ ਇਹ ਬੋਲ ਸੁਣ ਤਿੰਨਾਂ ਦੇ ਚਿਹਰੇ ਹੈਰਾਨੀ ਨਾਲ ਫੈਲ ਗਏ ਅਤੇ ਮੂੰਹ ਖੁੱਲੇ ਦੇ ਖੁੱਲੇ ਰਹਿ ਗਏ।

ਜਦੋਂ ਡਾ: ਜੌਨ੍ਹ ਨੇ ਦੱਸਿਆ ਕਿ ਇਨ੍ਹਾਂ ਦੇ ਦਿਮਾਗਾਂ ਦਾ ਜੋ ਟ੍ਰਾਂਫਿਊਜ਼ਨ ਇਨ੍ਹਾਂ ਦੇ ਡੋਨਰਜ਼ ਨਾਲ ਕੀਤਾ ਗਿਆ ਹੈ ਉਸ ਦਾ ਵਿਕਾਸ ਸ਼ੁਰੂ ਹੋ ਗਿਆ ਹੋਵੇ ਅਤੇ ਇਨ੍ਹਾਂ ਨੂੰ ਉਹ ਅਨੁਭਵ ਤੇ ਵਿਚਾਰ ਯਾਦ ਆਉਣ ਲਗ ਪਏ ਹੋਣ ਤਾਂ ਪ੍ਰੋ: ਚੈਟਰਜੀ ਇਕਦਮ ਬੋਲ ਪਏ, "ਇਟ ਇਜ਼ ਪਾਸੀਬਲ, ਯਹ ਦੋਨੋਂ ਅਪਨੀ ਅਪਨੀ ਭਾਸ਼ਾ ਬੋਲ ਰਹੇ ਹੋਂ। ਤਰੁਣ ਘੋਸ਼ ਬੰਗਾਲੀ ਥਾ, ਹੋ ਸਕਤਾ ਹੈ ਤਿਸ਼ ਬੰਗਾਲੀ ਮੇਂ ਬਾਤੇਂ ਕਰ ਰਹਾ ਹੋ। ਔਰ ਕਨਿਕਾ ਨਾਇਡੋ ਆਂਧਰਾ ਪ੍ਰਦੇਸ਼ ਕੀ ਥੀ, ਵੋਹ ਤਾਮਿਲ ਬੋਲ ਰਹੀ ਹੋ ਜੋ ਤੁਮ ਲੋਗੋਂ ਕੋ ਸਮਝ ਨਹੀਂ ਲਗੀ।"

ਇਹ ਸੁਣ ਮਾਹੀਪਾਲ ਤੇ ਸਵੀ ਤਾਂ ਅਜੇ ਅਵਾਕ ਹੀ ਸਨ ਕਿ ਡਾ: ਜੌਨ੍ਹ ਬੋਲਿਆ, "ਯੈੱਸ! ਇਟ ਵੁਡ ਹੈਵ ਬਿਨ ਸੋ, ਪ੍ਰੋ: ਚੈਟਰਜੀ! ਐਬਸੋਲੂਟਲੀ ਰਾਈਟ, ਦਿਸ ਇਜ਼ ਵੱਟ ਹੈਪੰਡ। ਆਈ ਐਮ ਪਰਿਟੀ ਸ਼ੋਅਰ।"

"ਇਹਦਾ ਮਤਲਬ ਇਨ੍ਹਾਂ ਦੇ ਦਿਮਾਗਾਂ ਵਿੱਚ ਤਰੁਣ ਘੋਸ਼ ਤੇ ਕਨਿਕਾ ਨਾਇਡੋ ਦੇ ਦਿਮਾਗ ਦੇ ਅੰਸ਼ ਪ੍ਰਫੁਲਤ ਹੋਣ ਲਗ ਪਏ ਨੇ। ਸੋ ਨੇੜ ਭਵਿੱਖ ਵਿੱਚ ਇਨ੍ਹਾਂ ਨੂੰ ਚੰਦਰਮਾ ਉੱਤੇ ਬਿਤਾਇਆ ਸਾਰਾ ਸਮਾਂ ਤੇ ਉੱਥੇ ਕੀਤੇ ਗਏ ਅਧਿਐਨ ਬਾਰੇ ਵੀ ਯਾਦ ਆ ਜਾਵੇਗਾ।" ਡਾ: ਮਾਹੀ ਨੇ ਆਪਣੀ ਉਤਸੁਕਤਾ ਸਾਂਝੀ ਕੀਤੀ।

"ਇਟਸ ਪਾਸੀਬਲ, ਵੈਰੀ ਮੱਚ ਪਾਸੀਬਲ। ਦੈਟਸ ਵੱਟ ਐਕਚੁਲੀ ਹੈਪੰਡ ਡਾ: ਮਾਹੀ!" ਡਾ: ਜੌਨ੍ਹ ਪੁਰਯਕੀਨ ਸੀ।

"ਇਸ ਕਾ ਮਤਲਬ ਹਮ ਨੇ ਜੈਸਾ ਸੋਚਾ ਥਾ ਵੈਸਾ ਹੀ ਹੋ ਰਹਾ ਹੈ। ਡਾ: ਜੌਨ੍ਹ ਅਬ ਆਗੇ ਕਾ ਕਯਾ ਪ੍ਰੋਗਰਾਮ ਹੈ?" ਪ੍ਰੋ: ਚੈਟਰਜੀ ਥੋੜ੍ਹੇ ਉਤਸੁਕ ਸਨ।

"ਸਰ, ਇਨ੍ਹਾਂ ਨੂੰ ਅੰਡਰ ਓਬਜ਼ਰਵੇਸ਼ਨ ਰਖਾਂਗੇ ਐਂਡ ਵੁਈ ਵਿਲ ਡੂ ਸਮ ਮੋਰ ਐਕਟੀਵੇਸ਼ਨ ਆਫ ਦੇਅਰ ਬਰੇਨਜ਼। ਵੱਟ ਇਜ਼ ਯੂਅਰ ਓਪੀਨੀਅਨ ਡਾ: ਮਾਹੀ ਐਂਡ ਡਾ: ਸਵੀ?" ਡਾ: ਜੌਨ੍ਹ ਨੇ ਆਪਣੇ ਸਾਥੀਆਂ ਦੀ ਰਾਏ ਪੁੱਛੀ।

"ਹਾਂ, ਇਹੋ ਹੀ ਰਾਈਟ ਐਂਡ ਰਾਈਪ ਟਾਈਮ ਹੈ ਅਗਲੇਰੀ ਕਾਰਵਾਈ ਲਈ," ਡਾ: ਮਾਹੀ ਨੇ ਰਾਏ ਦਿੱਤੀ।

"ਮੇਰਾ ਵੀ ਖਿਆਲ ਹੈ ਹੁਣ ਦੇਰ ਨਹੀਂ ਕਰਨੀ ਚਾਹੀਦੀ," ਡਾ: ਸਵੀ ਬੋਲੀ।

"ਠੀਕ ਹੈ ਆਪ ਲੋਗ ਕੱਲ੍ਹ ਹੀ ਯਹਾਂ ਸੇ ਰਵਾਨਾ ਹੋ ਜਾਓ ਔਰ ਆਗੇ ਕਾ ਕਾਮ ਸ਼ੁਰੂ ਕਰ ਦੋ," ਪ੍ਰੋ: ਚੈਟਰਜੀ ਨੇ ਹਦਾਇਤ ਦਿੱਤੀ ਅਤੇ ਛੇਤੀ ਹੀ ਡਾ: ਜੌਨ੍ਹ ਨੂੰ ਨਾਲ ਲੈ ਵਾਪਸ ਚਲੇ ਗਏ।

ਡਾ: ਮਾਹੀ ਤੇ ਡਾ: ਸਵੀ ਇਸ ਥਾਂ ਨੂੰ ਪੱਕੇ ਤੌਰ ਤੇ ਛੱਡ ਕੇ ਜਾਣ ਦੀ ਤਿਆਰੀ ਵਿੱਚ ਰੁੱਝ ਗਏ। ਉਹ ਛੇਤੀ ਤੋਂ ਛੇਤੀ ਇਸ ਥਾਂ ਨੂੰ ਛੱਡ ਕੇ ਚਲੇ ਜਾਣਾ ਚਾਹੁੰਦੇ ਸਨ ਇਸ ਤੋਂ ਪਹਿਲਾਂ ਕਿ ਤਿਸ਼ ਤੇ ਕਿਨ ਕੋਈ ਹੋਰ ਅਜੀਬੋ ਗਰੀਬ ਹਰਕਤ ਕਰਨ।

**(15)**

ਪਿਛਲੇ ਕਈ ਸਾਲਾਂ ਤੋਂ ਡਾ: ਮਾਹੀਪਾਲ ਨੇ ਸਵੇਰ ਦੀ ਸੈਰ ਕਰਨ ਦੀ ਪੱਕੀ ਆਦਤ ਪਾ ਲਈ ਸੀ। ਚਾਹੇ ਹੋਰ ਕੋਈ ਕੰਮ ਖੁੰਝ ਜਾਵੇ ਪਰ ਲਗਦੀ ਵਾਹ ਉਹ ਸੈਰ ਨਹੀਂ ਸੀ ਖੁੰਝਾਉਂਦਾ। ਸੈਰ ਤੋਂ ਵਾਪਸ ਮੁੜਦਿਆਂ ਗੇਟ ਦੇ ਅੰਦਰਵਾਰ ਪਈ ਅਖ਼ਬਾਰ ਚੁੱਕ ਲਿਆਉਣੀ ਵੀ ਉਹਦੇ ਨਿੱਤਨੇਮ ਵਿੱਚ ਸ਼ਾਮਲ ਸੀ। ਅੱਜ ਵੀ ਗੇਟ ਦੇ ਅੰਦਰ ਵੜਦਿਆਂ ਉਸ ਅਖ਼ਬਾਰ ਚੁੱਕੀ ਅਤੇ ਲਾਅਨ ਵਿੱਚ ਪਈਆਂ ਕੁਰਸੀਆਂ ਵੱਲ ਤੁਰ ਪਿਆ। ਉਹ ਉੱਥੇ ਬੈਠ ਕੇ ਸਵੇਰ ਦੀ ਚਾਹ ਦੀਆਂ ਚੁਸਕੀਆਂ ਨਾਲ ਤਾਜ਼ਾ ਖ਼ਬਰਾਂ 'ਤੇ ਨਿਗਾਹ ਮਾਰ ਲੈਂਦਾ ਸੀ।

ਰਸੋਈ ਵਿਚੋਂ ਭਾਂਡੇ ਖੜਕਣ ਦੀ ਅਵਾਜ਼ ਆ ਰਹੀ ਸੀ। ਉਹਨੂੰ ਪਤਾ ਲਗ ਗਿਆ ਕਿ ਉਸ ਦੀ ਪਤਨੀ ਵੀ ਜਾਗ ਚੁੱਕੀ ਸੀ ਤੇ ਚਾਹ ਬਣਾ ਰਹੀ ਸੀ। ਉਂਝ ਉਸ ਨੂੰ ਆਪ ਵੀ ਚਾਹ ਬਣਾਉਣ ਦੀ ਘੌਲ਼ ਨਹੀਂ ਸੀ। ਜੇਕਰ ਉਸ ਦੀ ਪਤਨੀ ਨਾ ਉੱਠੀ ਹੁੰਦੀ ਤਾਂ ਉਹ ਆਪ ਹੀ ਦੋ ਕੱਪ ਚਾਹ ਬਣਾ ਲੈਂਦਾ ਸੀ, ਇੱਕ ਕੱਪ ਆਪਣੇ ਲਈ ਤੇ ਇੱਕ ਆਪਣੀ ਪਤਨੀ ਲਈ। ਹੁਣ ਰਸੋਈ ਵੱਲ ਜਾਣ ਦੀ ਬਜਾਏ ਉਹ ਲਾਅਨ ਵੱਲ ਆ ਗਿਆ ਸੀ ਜਿੱਥੇ ਬੈਠ ਉਹ ਦੋਵੇਂ ਜਣੇ ਸਵੇਰ ਦੀ ਚਾਹ ਪੀਂਦੇ ਸੀ।

ਉਸ ਕੁਰਸੀ ਤੇ ਬੈਠ ਅਖ਼ਬਾਰ ਸਵਾਹਰੀ ਕਰਕੇ ਅਜੇ ਪੜ੍ਹਨੀ ਹੀ ਸ਼ੁਰੂ ਕੀਤੀ ਸੀ ਕਿ ਉਹਦੀ ਪਤਨੀ ਟਰੇਅ ਵਿੱਚ ਦੋ ਕੱਪ ਚਾਹ ਅਤੇ ਬਿਸਕੁਟ ਰਖੀ ਆਉਂਦੀ ਵਿਖਾਈ ਦਿੱਤੀ। ਖ਼ਬਰ ਦੀ ਸੁਰਖ਼ੀ ਪੜ੍ਹਦਿਆਂ ਉਹ ਜਿਵੇਂ ਉੱਛਲ ਪਿਆ ਹੋਵੇ, "ਓਹ! ਆਹ ਤਾਂ ਕਮਾਲ ਹੋ ਗਿਆ! ਹੈਂਅ, ਯਕੀਨ ਹੀ ਨਹੀਂ ਆਉਂਦਾ!"

"ਕੀ ਯਕੀਨ ਨਹੀਂ ਆਉਂਦਾ? ਕੀ ਹੋ ਗਿਆ?" ਉਹਦੀ ਪਤਨੀ ਨੇ ਚਾਹ ਦੀ ਟਰੇਅ ਮੇਜ਼ ਤੇ ਰੱਖਦਿਆਂ ਪੁੱਛਿਆ।

"ਓਹ ਸਵੀ! ਤੂੰ ਵੀ ਸੁਣੇਂਗੀ ਤਾਂ ਇੰਝ ਹੀ ਉੱਛਲ ਪਵੇਂਗੀ, ਆਹ ਲੈ ਖ਼ਬਰ ਪੜ੍ਹ," ਉਸ ਅਖ਼ਬਾਰ ਦਾ ਪਹਿਲਾ ਪੰਨਾ ਆਪਣੀ

ਪਤਨੀ ਦੇ ਡਾ: ਸਵਰੀਨਾ ਨੂੰ ਫੜਾਉਂਦਿਆਂ ਕਿਹਾ। ਸਵਰੀਨਾ ਨੇ ਖ਼ਬਰ ਪੜ੍ਹੀ ਤਾਂ ਉਸ ਦੇ ਮੂੰਹੋਂ ਵੀ ਯਕਦਮ ਨਿਕਲ ਗਿਆ, "ਸੱਚ ਮਾਹੀ! ਕੀ ਸੱਚਮੁੱਚ ਇੰਝ ਹੋ ਗਿਆ?"

"ਆਪਣੇ ਬਣਾਏ ਕਲੋਨ ਤਿਸ਼ ਤੇ ਕਿਨ ਚੰਦਰਮਾ ਦੀ ਸਤ੍ਹਾ ਤੇ ਪਹੁੰਚ ਕੇ ਕਈ ਖੋਜ ਕਾਰਜ ਪੂਰੇ ਕਰ ਸੁਰੱਖਿਅਤ ਵਾਪਸ ਪਰਤ ਆਏ ਹਨ। ਆਹ ਵੇਖ, ਡੀਟੇਲ ਵਿੱਚ ਅੱਗੇ ਦਿੱਤਾ ਹੈ।"

"ਮਾਹੀ, ਆਪਾਂ ਤਾਂ ਇਸ ਪ੍ਰਾਜੈਕਟ ਨੂੰ ਲਗਪਗ ਭੁੱਲ ਹੀ ਗਏ ਸਾਂ। ਸਮਾਂ ਵੀ ਤਾਂ ਕਿੰਨ੍ਹਾ ਹੋ ਗਿਆ ਨਾ," ਸਵੀ ਦੀ ਪ੍ਰਤੀਕ੍ਰਿਆ ਸੀ।

"ਹਾਂ, ਦਸ ਬਾਰਾਂ ਸਾਲ ਹੋ ਗਏ ਆਪਾਂ ਨੂੰ ਇਸ ਪ੍ਰਾਜੈਕਟ ਤੋਂ ਅਲੱਗ ਹੋਇਆਂ। ਉਸ ਤੋਂ ਬਾਦ ਕਦੇ ਪ੍ਰੋ: ਚੈਟਰਜੀ ਨਾਲ ਮੁੜ ਮਿਲਣ ਦਾ ਸਬੱਬ ਹੀ ਨਹੀਂ ਬਣਿਆ ਅਤੇ ਪ੍ਰੋ: ਚੈਟਰਜੀ ਨੇ ਵੀ ਮੁੜ ਕਦੇ ਸਾਡੇ ਨਾਲ ਇਸ ਪ੍ਰਾਜੈਕਟ ਨੂੰ ਡਿਸਕਸ ਹੀ ਨਹੀਂ ਕੀਤਾ। ਤੇ ਹੁਣ ਅਚਾਨਕ ਐਡੀ ਵੱਡੀ ਕਾਮਯਾਬੀ ਦੀ ਖ਼ਬਰ!" ਮਾਹੀਪਾਲ ਹੈਰਾਨ ਹੋਈ ਜਾ ਰਿਹਾ ਸੀ।

"ਮਾਹੀ, ਐਕਚੁਅਲੀ ਪ੍ਰੋ: ਚੈਟਰਜੀ ਨੇ ਇਹ ਪ੍ਰਾਜੈਕਟ ਰਖਿਆ ਹੀ ਗੁਪਤ ਸੀ। ਕਨਸੰਰਡ ਬੰਦਿਆਂ ਤੋਂ ਇਲਾਵਾ ਕਿਸੇ ਨੂੰ ਇਹਦੀ ਭਿਣਕ ਨਹੀਂ ਸੀ ਪੈਣ ਦਿੱਤੀ। ਜਿਹਦਾ ਕੰਮ ਖਤਮ ਹੋ ਜਾਂਦਾ ਸੀ ਉਸ ਨੂੰ ਵੀ ਖਾਸ ਹਦਾਇਤਾਂ ਦੇ ਕੇ ਹੀ ਵਿਦਾ ਕੀਤਾ ਜਾਂਦਾ ਸੀ," ਆਪਾਂ ਵੀ ਤਾਂ ਤਿਸ਼ ਤੇ ਕਿਨ ਕਲੋਨਜ਼ ਮਸਾਂ ਚਾਰ ਕੁ ਸਾਲ ਦੇ ਹੋਣੇ ਆਂ ਜਦੋਂ ਇਸ ਪ੍ਰਾਜੈਕਟ ਵਿੱਚ ਆਪਣਾ ਕੰਮ ਖਤਮ ਕਰ ਇਸ ਪ੍ਰਾਜੈਕਟ ਨੂੰ ਅਲਵਿਦਾ ਆਖ ਆਏ ਸੀ।

"ਹਾਂ ਸਵੀ, ਉਹ ਸਮੁੰਦਰ ਕਿਨਾਰੇ ਵਾਲੀ ਘਟਨਾ ਤੋਂ ਬਾਦ......," ਗੱਲ ਅਜੇ ਮਾਹੀਪਾਲ ਦੇ ਮੂੰਹ ਵਿੱਚ ਹੀ ਸੀ ਕਿ ਸਵੀ ਵਿਚੋਂ ਹੀ ਬੋਲ ਪਈ, "ਜਦੋਂ ਉਹ ਦੋਵੇਂ ਲੜ ਪਏ ਸੀ। ਸੱਚੀਂ ਮਾਹੀ ਮੈਂ ਤਾਂ ਉਦੋਂ ਬਹੁਤ ਹੀ ਘਬਰਾ ਗਈ ਸਾਂ ਭਈ ਇਹ ਕੀ ਅਜੀਬੋ ਗਰੀਬ ਭਾਣਾ ਵਰਤੀ ਜਾਂਦਾ।" ਸਵੀ ਨੇ ਗੱਲ ਪੂਰੀ ਕੀਤੀ।

"ਉਸ ਤੋਂ ਬਾਦ ਕੁੱਝ ਚਿਰ ਆਪਾਂ ਅਹਿਮਦਾਬਾਦ ਰਹੇ ਸਾਂ ਜਿੱਥੇ ਲੈਬ ਵਿੱਚ ਡਾ: ਜੌਨ੍ਹ ਨੇ ਦੋਵਾਂ ਕਲੋਨਜ਼ ਨੂੰ ਚੌਵੀ ਘੰਟੇ ਸੱਤੇ ਦਿਨ ਆਪਣੀ ਦੇਖ-ਰੇਖ ਵਿੱਚ ਰੱਖਿਆ ਸੀ ਅਤੇ ਹੋਰ ਕਈ ਪ੍ਰਕਾਰ ਦੇ ਟ੍ਰਾਂਸਫ਼ਿਉਜ਼ਨ ਕਰ ਨਿਰੀਖਣ ਕੀਤੇ ਸਨ," ਮਾਹੀਪਾਲ ਨੇ ਯਾਦ ਕਰਵਾਇਆ।

"ਮਾਹੀ, ਸੱਚੀ ਗੱਲ ਇਹ ਹੈ ਕਿ ਚਾਹੇ ਸਾਡਾ ਉਨ੍ਹਾਂ ਕਲੋਨਜ਼ ਨਾਲ ਸਿਵਾਏ ਮਸ਼ੀਨੀ ਜਿਹੇ ਸਬੰਧਾਂ ਤੋਂ ਵੱਧ ਕੋਈ ਸਬੰਧ ਨਹੀਂ ਸੀ, ਕੋਈ ਰਿਸ਼ਤਾ ਨਹੀਂ ਸੀ ਪਰ ਨਾਲ ਰਹਿੰਦਿਆਂ ਕੁੱਝ ਨਾ ਕੁੱਝ ਲਗਾਅ ਜਿਹਾ ਤਾਂ ਹੋ ਹੀ ਗਿਆ ਸੀ। ਪਰ ਅਸ਼ਕੇ ਜਾਈਏ ਪ੍ਰੋ: ਚੈਟਰਜੀ ਦੇ ਜਿਹਨਾਂ ਕਿਸੇ ਦਾ ਵੀ ਭਾਵੁਕ ਰਿਸ਼ਤਾ ਨਹੀਂ ਬਣਨ ਦਿੱਤਾ। ਉਨ੍ਹਾਂ ਦੀ ਗਲਬਾਤ ਹੀ ਐਨੀ ਪ੍ਰੈਕਟੀਕਲ ਹੁੰਦੀ ਸੀ ਕਿ ਸਾਹਮਣੇ ਵਾਲਾ ਵੀ ਉਨ੍ਹਾਂ ਵਾਂਗ ਸੋਚਣ ਲਗ ਪੈਂਦਾ ਸੀ। ਉਥੋਂ ਵਾਪਸ ਆ ਕੇ ਇਸ ਸਬੰਧੀ ਕਿਸੇ ਨਾਲ ਗੱਲ ਕਰਨ ਦੀ ਲੋੜ ਹੀ ਨਹੀਂ ਪਈ ਅਤੇ ਨਾ ਹੀ ਕਦੇ ਕੁੱਝ  ਟੁੱਟ ਗਿਆ ਜਾਂ ਵਿੱਛੜ ਗਿਆ ਮਹਿਸੂਸ ਹੋਇਆ। ਜਿਵੇਂ ਖਾਲੀ ਹੱਥ ਗਏ ਉਵੇਂ ਹੀ ਖਾਲੀ ਹੱਥ ਵਾਪਸ ਆ ਗਏ ਹੋਈਏ।" ਸਵੀ ਬੀਤੇ ਦੀਆਂ ਯਾਦਾਂ ਵਿੱਚ ਵਹਿ ਗਈ ਲਗੀ।

"ਖਾਲੀ ਕਿਵੇਂ ਮੁੜ ਕੇ ਆਏ? ਆਪਣੇ ਸੁਪਨਿਆਂ ਦੇ ਸੰਸਾਰ ਨੂੰ ਹਕੀਕਤ ਵਿੱਚ ਬਦਲਣ ਦਾ ਸੰਕਲਪ ਲੈ ਆਏ ਸਾਂ ਆਪਾਂ ਉਥੋਂ," ਮਾਹੀਪਾਲ ਪਿਆਰ ਨਾਲ ਸਵੀ ਦਾ ਹੱਥ ਪਲੋਸਦਿਆਂ ਬੋਲਿਆ।

"ਇਹ ਤਾਂ ਠੀਕ ਏ। ਜੇਕਰ ਉੱਥੇ ਇੰਝ ਮਿਲ ਕੇ ਰਹਿਣ ਦਾ ਮੌਕਾ ਨਾ ਮਿਲਦਾ ਤਾਂ ਐਨਾ ਜ਼ਹੀਨ ਸਿਰਤਾਜ ਸ਼ਾਇਦ ਕਦੇ ਨਾ ਮਿਲਦਾ," ਉਸ ਰਤਾ ਨਖ਼ਰੇ ਨਾਲ ਕਿਹਾ।

"ਮੈਨੂੰ ਵੀ ਤਾਂ ਵਿਆਹ ਕਰਵਾਉਣ ਦੀ ਘੌਲ਼ ਹੀ ਹੋ ਜਾਣੀ ਸੀ ਤੇ ਹੁਣ ਤਾਈਂ ਮੈਂ ਛੜਾ ਹੀ ਵੱਜਣਾ ਸੀ।" ਮਾਹੀ ਨੇ ਹੱਸਦਿਆਂ ਕਿਹਾ। ਉਹ ਕਿੰਨਾ ਚਿਰ ਆਪਣੇ ਅਤੀਤ ਦੀਆਂ ਹੁਸੀਨ ਯਾਦਾਂ ਦੁਹਰਾਉਂਦੇ ਬੈਠੇ ਰਹੇ।

ਡਾ: ਮਾਹੀਪਾਲ ਹੁਣ ਇੰਸਟੀਚਿਊਟ ਵਿੱਚ ਚੰਗੇ ਉੱਚੇ ਅਹੁਦੇ ਤੇ ਹੈ। ਜੈਨੇਟਿਕ ਇੰਜਨੀਅਰਿੰਗ ਵਿੱਚ ਉਸ ਨੇ ਉੱਚਪਾਏ ਦੀਆਂ ਖੋਜਾਂ ਕੀਤੀਆਂ ਹਨ ਅਤੇ ਕਈ ਜੇਨੈਟਿਕ ਬਿਮਾਰੀਆਂ ਦਾ ਇਲਾਜ ਉਨ੍ਹਾਂ ਖੋਜਾਂ ਸਦਕਾ ਸੰਭਵ ਹੋ ਸਕਿਆ ਹੈ। ਆਪਣੀ ਖੋਜ ਸਬੰਧੀ ਪੇਪਰ ਪੇਸ਼ ਕਰਨ ਉਹ ਅਕਸਰ ਵੱਖ ਵੱਖ ਦੇਸ਼ਾਂ ਵਿੱਚ ਜਾਂਦਾ ਰਹਿੰਦਾ ਹੈ। ਅਮਰੀਕਾ ਗਿਆ ਉਹ ਇੱਕ ਦੋ ਵਾਰ ਡਾ: ਜੌਨ੍ਹ ਨੂੰ ਵੀ ਮਿਲ ਆਇਆ ਸੀ। ਡਾ: ਸਵੀ ਨੇ ਵੀ ਆਪਣੀ ਪੁਰਾਣੀ ਪੋਸਟ ਤੇ ਜਾਇਨ ਕਰ ਲਿਆ ਸੀ ਅਤੇ ਹੁਣ ਉਹ ਵੀ ਡਿਪਾਰਟਮੈਂਟ ਦੀ ਹੈੱਡ ਹੈ।

ਦੋਵਾਂ ਦੇ ਵਿਆਹ ਵਿੱਚ ਕੋਈ ਖਾਸ ਅੜਚਣ ਵਾਲੀ ਗੱਲ ਤਾਂ ਨਹੀਂ ਸੀ। ਹਾਂ, ਧਰਮ ਦਾ ਮਸਲਾ ਜ਼ਰੂਰ ਸੀ। ਪਰ ਇਹ ਵੀ ਕੋਈ ਉੱਭਰ ਕੇ ਸਾਹਮਣੇ ਨਹੀਂ ਸੀ ਆਇਆ। ਦੋਵੇਂ ਹੀ ਉਮਰ ਤੇ ਰੁਤਬੇ ਦੇ ਉਸ ਉਸ ਮੁਕਾਮ ਤੇ ਸਨ ਜਿੱਥੈ ਆਪਣੇ ਫੈਸਲਿਆਂ ਤੇ ਮਾਪਿਆਂ ਤੇ ਸਮਾਜ ਦੀ ਮੋਹਰ ਕੋਈ ਬਹੁਤੀ ਅਹਿਮੀਅਤ ਨਹੀਂ ਰਖਦੀ। ਵਿਆਹ ਵੀ ਵਾਜਿਆਂ ਗਾਜਿਆਂ ਦੇ ਰੌਲੇ ਰੱਪੇ ਦੇ ਬਗੈਰ ਸਾਦੀਆਂ ਜਿਹੀਆਂ ਰਸਮਾਂ ਨਾਲ ਸੰਪਨ ਹੋ ਗਿਆ ਸੀ। ਦੋਵਾਂ ਨੇ ਬੜੀ ਸਾਦਗੀ ਨਾਲ ਪਰ ਪੱਕੇ ਪੈਰੀਂ ਆਪਣੀ ਗ੍ਰਿਹਸਥੀ ਸ਼ੁਰੂ ਕਰ ਲਈ ਸੀ ਜਿਹੜੀ ਅੱਜ ਕੱਲ੍ਹ ਬਹੁਤਿਆਂ ਲਈ ਈਰਖਾ ਤੇ ਕਈਆਂ ਲਈ ਰਾਹ-ਦਸੇਰਾ ਵੀ ਹੈ।

ਪ੍ਰਮਾਤਮਾ ਨੇ ਇਨ੍ਹਾਂ ਤੇ ਬਖ਼ਸ਼ਿਸ਼ਾਂ ਦਾ ਰਹਿਮਤ ਵਰਸਾਉਣ ਦੀ ਵੀ ਕੋਈ ਕਸਰ ਨਹੀਂ ਛੱਡੀ। ਵਿਆਹ ਦਾ ਸਾਲ ਪੂਰਾ ਹੁੰਦਿਆਂ ਡਾ: ਸਵਰੀਨਾ ਦੀ ਗੋਦ ਭਰ ਗਈ। ਇੱਕ ਨਹੀਂ ਬਲਕਿ ਜੁੜਵਾਂ ਬੱਚਿਆਂ, ਬੇਟਾ ਤੇ ਬੇਟੀ ਦਾ ਬਾਪ ਬਣ ਗਿਆ ਡਾ: ਮਾਹੀਪਾਲ। ਕਈ ਮੂੰਹਫਟ ਕੁਲੀਗਜ਼ ਨੇ ਤਾਂ ਕਹਿ ਵੀ ਦਿੱਤਾ, " ਭਈ ਤੁਹਾਡੀ ਤਾਂ ਲਾਟਰੀ ਨਿਕਲ ਗਈ। ਜਿਨਾ ਦੇਰ ਨਾਲ ਵਿਆਹ ਕਰਵਾਇਆ ਓਨਾ ਰੱਬ ਨੇ ਇਕੋ ਵਾਰ ਹੀ ਪਰਿਵਾਰ ਪੂਰਾ ਕਰ ਦਿੱਤਾ।" ਖੇਰ ਦੋਵਾਂ ਨੇ ਇਨ੍ਹਾਂ ਗੱਲਾਂ ਨੂੰ ਵੀ ਤਹੱਮਲ ਨਾਲ ਹੀ ਲਿਆ ਤੇ ਹੱਸ ਕੇ ਟਾਲ਼ ਦਿੱਤਾ।

"ਚਲੋ, ਜੋ ਰੱਬ ਕਰਦਾ ਚੰਗਾ ਹੀ ਕਰਦਾ। ਆਪਾਂ ਕੌਣ ਹੁੰਦੇ ਆਂ ਉਹਦੀਆਂ ਗੱਲਾਂ ਵਿੱਚ ਦਖਲ ਦੇਣ ਵਾਲੇ।" ਇਹ ਆਖ ਸਵੀ ਨੇ ਗੱਲ ਮੁਕਦੀ ਕੀਤੀ।

"ਸਵੀ ਬੱਚਿਆਂ ਨੂੰ ਨਹੀਂ ਉਠਾਉਣਾ, ਸਕੂਲ ਨੂੰ ਲੇਟ ਹੋ ਜਾਣਗੇ। ਆਪਾਂ ਤਾਂ ਹੋਰ ਈ ਗੱਲਾਂ ਵਿੱਚ ਰੁੱਝ ਗਏ।" ਮਾਹੀਪਾਲ ਨੇ ਚੇਤਾ ਕਰਵਾਇਆ।

"ਹਾਂ ਸੱਚ, ਮੈਂ ਜਾਂਦੀ ਆਂ ਤੇ ਜਗਾਉਂਦੀ ਆਂ। ਗੱਲ ਸੁਣੋ ਤੁਸੀਂ ਅੱਜ ਪ੍ਰੋ: ਚੈਟਰਜੀ ਨੂੰ ਕਾਂਟੈਕਟ ਕਰਨ ਦਾ ਯਤਨ ਕਰਿਓ ਖਾਂ। ਆਪਾਂ ਵਧਾਈ ਹੀ ਦੇ ਦੇਵਾਂਗੇ।" ਸਵੀ ਨੇ ਜਾਂਦੇ ਜਾਂਦੇ ਮਾਹੀਪਾਲ ਨੂੰ ਯਾਦ ਕਰਵਾਇਆ।

"ਓ. ਕੇ. ਸਵੀ, ਜ਼ਰੂਰ ਕਾਂਟੈਕਟ ਨੰਬਰ ਲੱਭਣ ਦੀ ਕੋਸ਼ਿਸ਼ ਕਰਾਂਗਾ।" ਉਸ ਕਿਹਾ ਅਤੇ ਅਖ਼ਬਾਰ ਦੀਆਂ ਰਹਿੰਦੀਆਂ ਖ਼ਬਰਾਂ ਵਾਚਣ ਲਗ ਪਿਆ।

## (16)

ਅਗਲੇ ਦਿਨ ਦੀਆਂ ਅਖ਼ਬਾਰਾਂ ਜਿੱਥੇ 'ਚੰਦਰਯਾਨ-ਤਿਸ਼ਕਿਨ' ਦੇ ਚੰਦਰਮਾ ਤੇ ਕਾਮਯਾਬੀ ਭਰੇ ਸਫ਼ਰ ਨਾਲ ਭਰੀਆਂ ਸਨ ਉੱਥੇ ਹੀ 'ਤਿਸ਼' ਤੇ 'ਕਿਨ' ਕੋਲਨਾਂ ਦੇ ਅਚਾਨਕ ਪ੍ਰਗਟ ਹੋਣ ਤੇ ਪੱਤਰਕਾਰਾਂ ਵਲੋਂ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਲਗਾਏ ਜਾ ਰਹੇ ਸਨ। ਰੇਡੀਓ ਅਤੇ ਟੀ. ਵੀ. ਦੇ ਸਾਰੇ ਚੈਨਲਾਂ ਤੇ "ਇਹ ਤਿਸ਼ ਤੇ ਕਿਨ ਕਲੋਨ ਕੌਣ ਹਨ? ਇਹ ਕਦੋਂ ਤੇ ਕਿੱਥੇ ਬਣਾਏ ਗਏ? ਇਨ੍ਹਾਂ ਨੂੰ ਕਿਸ ਨੇ ਬਣਾਇਆ? ਕੀ ਇਹ ਗੱਲ ਸਰੋਤਿਆਂ ਤੇ ਦਰਸ਼ਕਾਂ ਦੇ ਮੰਨਣ ਵਿੱਚ ਆਉਂਦੀ ਹੈ?" ਵਰਗੇ ਪ੍ਰਸ਼ਨਾਂ ਦੀ ਬੁਛਾੜ ਕੀਤੀ ਜਾ ਰਹੀ ਸੀ। ਹਾਲ ਦੀ ਘੜੀ ਕਿਸੇ ਕੋਲ ਵੀ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਨਹੀਂ ਸਨ।

ਇਹ ਖ਼ਬਰਾਂ ਤੇ ਵਾਦ-ਵਿਵਾਦ ਡਾ: ਮਾਹੀਪਾਲ ਤੇ ਡਾ: ਸਵਰੀਨਾ ਵੀ ਸੁਣ ਰਹੇ ਸਨ। ਉਹ ਸਭ ਕੁੱਝ ਜਾਣਦੇ ਸਨ ਪਰ ਪ੍ਰੋ: ਚੈਟਰਜੀ ਦੀਆਂ ਹਦਾਇਤਾਂ ਦੇ ਮੱਦੇ ਨਜ਼ਰ ਉਹ ਕਿਸੇ ਨੂੰ ਕੁੱਝ ਵੀ ਦੱਸ ਨਹੀਂ ਸਕਦੇ ਸਨ।

"ਆਖਰ ਪ੍ਰੋ: ਚੈਟਰਜੀ ਸਾਰਾ ਖੁਲਾਸਾ ਕਰ ਕਿਉਂ ਨਹੀਂ ਦੇਂਦੇ?" ਦੋਵਾਂ ਦੇ ਮਨ ਵਿੱਚ ਆਉਂਦਾ ਸੀ, ਪਰ ਉਹ ਆਪਣੇ ਮਨ ਦੀ ਗੱਲ ਇੱਕ ਦੂਜੇ ਨਾਲ ਵੀ ਸਾਂਝੀ ਨਹੀਂ ਕਰ ਰਹੇ ਸਨ ਅਤੇ ਬਾਕੀ ਲੋਕਾਂ ਵਾਂਗ ਇਸ ਅਦਭੁਤ ਖ਼ਬਰ ਤੇ ਹੈਰਾਨੀ ਪ੍ਰਗਟ ਕਰ ਰਹੇ ਸਨ।

ਉਸੇ ਦਿਨ ਡਾ: ਐਮ. ਪੀ. ਸਿੰਘ ਦੀ ਡਿਪਾਰਟਮੈਂਟ ਈ-ਮੇਲ ਤੇ ਉਸ ਨੂੰ ਪ੍ਰੋ: ਚੈਟਰਜੀ ਦਾ ਸੁਨੇਹਾ ਮਿਲਿਆ, "ਦੋ ਦਿਨ ਬਾਦ ਪਰਿਵਾਰ ਸਮੇਤ ਅਹਿਮਦਾਬਾਦ ਪਹੁੰਚੋ।" ਡਾ: ਸਵਰੀਨਾ ਦੇ ਡਿਪਾਰਟਮੈਂਟ ਵਿੱਚ ਵੀ ਉਸ ਲਈ ਇਹੋ ਹੀ ਮੇਲ ਭੇਜੀ ਗਈ ਸੀ। ਉਸ ਸ਼ਾਮ ਦੋਵੇਂ ਅਹਿਮਦਾਬਾਦ ਜਾਣ ਦੀਆਂ ਤਿਆਰੀਆਂ ਵਿੱਚ ਰੁੱਝ ਗਏ। ਛੁੱਟੀ ਮਨਜ਼ੂਰ ਕਰਵਾਉਣੀ ਸੀ। ਬੱਚਿਆਂ ਦੇ ਸਕੂਲ ਵੀ ਛੁੱਟੀ ਲਈ ਅਰਜ਼ੀ ਭੇਜਣੀ ਸੀ। ਟਿਕਟਾਂ ਦਾ ਇੰਤਜ਼ਾਮ ਕਰਨਾ ਸੀ। ਲੋੜੀਂਦੇ ਕਪੜੇ-ਲੱਤੇ ਵੀ ਪੈਕ ਕਰਨੇ ਸਨ। ਸੋਚਿਆ ਦੋ ਚਾਰ ਦਿਨ ਬੱਚਿਆਂ ਨੂੰ ਘੁੰਮਾ ਫਿਰਾ ਲਿਆਵਾਂਗੇ। ਸੋ ਸਾਰੇ ਪ੍ਰਬੰਧ ਕਰ ਉਹ ਅਹਿਮਦਾਬਾਦ ਲਈ ਰਵਾਨਾ ਹੋ ਗਏ।

ਜਦ ਉਹ ਸਪੇਸ ਐਪਲੀਕੇਸ਼ਨ ਸੈਂਟਰ ਪਹੁੰਚੇ ਤਾਂ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਖਾਸ ਵਿਅਕਤੀ ਨਿਯੁਕਤ ਸੀ। ਉਸ ਉਨ੍ਹਾਂ ਨੂੰ ਉਨ੍ਹਾਂ ਦੇ ਠਹਿਰਨ ਦੇ ਸਥਾਨ ਤੇ ਪੁਚਾਇਆ ਅਤੇ ਨਾਲ ਹੀ ਰਾਤ ਦੇ ਖਾਣੇ ਲਈ ਤਿਆਰ ਹੋਣ ਬਾਰੇ ਆਖ ਖ਼ੁਦ ਆ ਕੇ ਲੈ ਜਾਣ ਲਈ ਕਹਿ ਗਿਆ। ਮਾਹੀਪਾਲ ਤੇ ਸਵਰੀਨਾ ਇਸ ਉਚੇਚੇ ਸਵਾਗਤ ਤੇ ਡਾਹਢੇ ਹੈਰਾਨ ਸਨ। ਖੇਰ, ਥੋੜ੍ਹੀ ਦੇਰ ਅਰਾਮ ਕਰਨ ਉਪਰੰਤ ਉਹ ਨਹਾਉਣ ਧੋਣ ਦੀ ਤਿਆਰੀ ਵਿੱਚ ਰੁੱਝ ਗਏ।

ਸ਼ਾਮ ਨੂੰ ਜਦ ਉਹ ਸੈਂਟਰ ਦੇ ਜਗਮਗਾਉਂਦੇ ਹਾਲ ਵਿੱਚ ਪਹੁੰਚੇ ਤਾਂ ਪ੍ਰੋ: ਚੈਟਰਜੀ ਅਗਲਵਾਂਢੀ ਹੋ ਉਨ੍ਹਾਂ ਨੂੰ ਮਿਲੇ। ਪਿਆਰ ਨਾਲ ਗਲਵਕੜੀ ਪਾਈ ਅਤੇ ਵਧਾਈਆਂ ਦਾ ਅਦਾਨ ਪ੍ਰਦਾਨ ਕੀਤਾ। ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਉਨ੍ਹਾਂ ਉੱਥੇ ਡਾ: ਜੌਨ੍ਹ, ਐਨੀ ਤੇ ਐਲਸ ਨੂੰ ਹਾਜ਼ਰ ਵੇਖਿਆ। ਉਹ ਪਿਆਰ ਨਾਲ ਜੱਫ਼ੀਆਂ ਪਾ ਪਾ ਮਿਲੇ। ਸਾਰਿਆਂ ਨੇ ਆਪੋ ਆਪਣੇ ਪਰਿਵਾਰਾਂ ਨਾਲ ਜਾਣ-ਪਛਾਣ ਕਰਵਾਈ। ਐਨੇ ਲੰਮੇ ਅਰਸੇ ਵਿੱਚ ਬਹੁਤ ਕੁੱਝ ਬਦਲ ਗਿਆ ਸੀ।

ਡਾ: ਮਾਹੀਪਾਲ ਤੇ ਡਾ: ਸਵਰੀਨਾ ਨੇ ਆਪਣੇ ਜੁੜਵਾਂ ਬੱਚਿਆਂ ਨਾਲ ਮਿਲਾਇਆ। ਡਾ: ਜੌਨ੍ਹ ਤੇ ਉਹਦੀ ਪਤਨੀ ਨਾਲ ਉਨ੍ਹਾਂ ਦੀ ਪਿਆਰੀ ਜਿਹੀ ਬੇਟੀ ਸੀ। ਐਨੀ ਨਾਲ ਉਸ ਦਾ ਪਤੀ ਤੇ ਗੋਭਲਾ ਜਿਹਾ ਬੇਟਾ ਸੀ। ਐਲਸ ਨਾਲ ਉਸ ਦੇ ਮੰਮੀ ਪਾਪਾ ਆਏ ਸਨ। ਇੰਞ ਲਗਦਾ ਸੀ ਜਿਵੇਂ ਸਾਰਾ ਪਰਿਵਾਰ ਮੁੜ ਇਕੱਠਾ ਹੋ ਗਿਆ ਹੋਵੇ। ਸਾਰੇ ਰਲਮਿਲ ਕੇ ਗੁਜ਼ਾਰੇ ਸਮੇਂ

ਦੀਆਂ ਯਾਦਾਂ ਦੁਹਰਾ ਰਹੇ ਸਨ ਅਤੇ ਬਾਦ ਦੇ ਸਮੇਂ ਦੀਆਂ ਹੋਈਆਂ ਬੀਤੀਆਂ ਪੁੱਛ ਪੁਛਾ ਰਹੇ ਸਨ।

ਥੋੜ੍ਹੀ ਦੇਰ ਬਾਦ ਪ੍ਰੋ: ਚੈਟਰਜੀ ਇਸ ਟੋਲੇ ਵਿੱਚ ਆ ਸ਼ਾਮਲ ਹੋਏ। ਹਾਲ ਵਿੱਚ ਹੋਰ ਕਾਫ਼ੀ ਲੋਕ ਹਾਜ਼ਰ ਹੋ ਚੁੱਕੇ ਸਨ। ਪ੍ਰੋ: ਚੈਟਰਜੀ ਉਨ੍ਹਾਂ ਨੂੰ ਹਾਲ ਦੇ ਇੱਕ ਪਾਸੇ ਵੱਖਰੇ ਰੱਖੇ ਗਏ ਮੇਜ਼ ਕੁਰਸੀਆਂ ਤੇ ਬੈਠਣ ਲਈ ਲੈ ਗਏ ਜਿੱਥੇ ਪਹਿਲਾਂ ਹੀ ਗਲ਼ਾਂ ਵਿੱਚ ਕੈਮਰੇ ਲਟਕਾਈ ਰੇਡੀਓ, ਟੀ. ਵੀ. ਤੇ ਅਖ਼ਬਾਰਾਂ ਦੇ ਨੁਮਾਇੰਦੇ ਖੜੇ ਸਨ। ਪ੍ਰੋ: ਚੈਟਰਜੀ ਨੇ ਡਾ: ਮਾਹੀਪਾਲ, ਡਾ: ਸਵਰੀਨਾ, ਡਾ: ਜੌਨ੍ਹ, ਐਨੀ ਤੇ ਐਲਸ ਦੀ ਜਾਣ-ਪਛਾਣ ਕਰਵਾਈ ਅਤੇ 'ਤਿਸ਼ਕਿਨ ਪ੍ਰਾਜੈਕਟ' ਦੀ ਜਾਣਕਾਰੀ ਦੇਂਦੇ ਹੋਏ ਹਰੇਕ ਦੇ ਯੋਗਦਾਨ ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ। ਉਪਰੰਤ ਇਸ ਪ੍ਰਾਜੈਕਟ ਨੂੰ ਬਿਆਨਦੀ ਵੀਡੀਓ ਗਈ। ਜਿਹਦੇ ਵਿੱਚ ਲੈਬ ਵਿੱਚ ਕੰਮ ਕਰਦੇ ਡਾ: ਮਾਹੀਪਾਲ, ਹਸਪਤਾਲ ਵਿੱਚ ਤਰੁਣ ਘੋਸ਼ ਤੇ ਕਨਿਕਾ ਨਾਇਡੋ ਦੇ ਲਗਪਗ ਮੁਰਦਾ ਜਿਸਮਾਂ ਦੇ ਸਪੈਸੀਮਨ ਲੈਂਦੀ ਡਾ: ਸਵਰੀਨਾ, ਗਰਭਵਤੀ ਐਨੀ ਤੇ ਐਲਸ ਦੇ ਪੇਟਾਂ ਵਿੱਚ ਪਲ਼ ਰਹੇ ਕਲੋਨਜ਼ ਦੇ ਭਰੂਣਾਂ ਵਿੱਚ ਬਰੇਨ ਟ੍ਰਾਂਸਫਿਊਜ਼ਨ ਕਰਦੇ ਡਾ: ਜੌਨ੍ਹ, ਸਮੁੰਦਰ ਕਿਨਾਰੇ ਖੇਡਦੇ ਤਿਸ਼ ਤੇ ਕਿਨ ਦੀਆਂ ਗਤੀਵਿਧੀਆਂ ਅਤੇ ਅੰਤ ਵਿੱਚ ਜੁਆਨ ਹੋਏ ਤਿਸ਼ ਤੇ ਕਿ ਪੁਲਾੜ ਯਾਤਰੀ ਦੇ ਭੇਸ ਵਿੱਚ ਤਿਆਰ ਬਰ ਤਿਆਰ 'ਚੰਦਰਯਾਨ ਤਿਸ਼ਕਿਨ' ਵਿੱਚ ਸੁਆਰ ਹੁੰਦੇ ਹੋਏ ਵੇਖ ਹਾਜ਼ਰ ਲੋਕਾਂ ਦੀ ਖੁਸ਼ੀ ਭਰੀ ਹੈਰਾਨੀ ਦੀ ਹੱਦ ਨਹੀਂ ਸੀ। ਅੰਤ ਵਿੱਚ ਸਫ਼ਲਤਾ ਪੂਰਵਕ ਖੋਜ-ਕਾਰਜ ਸੰਪੂਰਨ ਕਰ ਵਾਪਸ ਮੁੜ ਰਹੇ ਤਿਸ਼ ਤੇ ਕਿਨ ਨੂੰ ਵੇਖ ਹਾਲ ਤਾੜੀਆਂ ਨਾਲ ਗੂੰਜ ਉੱਠਿਆ।

ਕੈਮਰਿਆਂ ਦੇ ਜਗਦੇ ਬੁੱਝਦੇ ਬਲਬ ਰੌਸ਼ਨੀਆਂ ਬਿਖੇਰ ਰਹੇ ਸਨ। ਪੁਲਾੜ-ਖੋਜ ਵਿਭਾਗ ਦੇ ਮੰਤਰੀ ਨੇ ਸੰਖੇਪ ਜਿਹਾ ਭਾਸ਼ਣ ਦਿੱਤਾ। ਉਨ੍ਹਾਂ ਇਸ ਪ੍ਰਾਜੈਕਟ ਦੇ ਮਕਸਦ ਨੂੰ ਬਿਆਨਦਿਆਂ ਪ੍ਰੋ: ਚੈਟਰਜੀ ਅਤੇ ਉਨ੍ਹਾਂ ਦੀ ਪੂਰੀ ਟੀਮ ਦੇ ਕੰਮ ਦੀ ਦਿਲ ਖੋਲ੍ਹ ਕੇ ਪ੍ਰਸ਼ੰਸਾ ਕੀਤੀ।

ਪੱਤਰਕਾਰ ਡਾ: ਮਾਹੀਪਾਲ ਨੂੰ ਉਨ੍ਹਾਂ ਦੇ ਕਲੋਨਜ਼ ਤਿਆਰ ਕਰਨ ਦੇ ਕਾਰਜ ਬਾਰੇ ਤਰ੍ਹਾਂ ਤਰ੍ਹਾਂ ਦੇ ਸੁਆਲ ਪੁੱਛ ਰਹੇ ਸਨ, ਜਿਨ੍ਹਾਂ ਦਾ ਜੁਆਬ ਉਹ ਬੜੇ ਠਰੰਮੇ ਨਾਲ ਦੇ ਰਿਹਾ ਸੀ। ਵਿੱਚ ਵਿੱਚ ਡਾ: ਸਵਰੀਨਾ, ਡਾ: ਜੌਨ੍ਹ ਨੂੰ ਵੀ ਸ਼ਾਮਲ ਕੀਤਾ ਜਾਂਦਾ। ਜਦ ਪੱਤਰਕਾਰਾਂ ਨੇ ਪੁੱਛਿਆ, "ਤੁਸੀਂ ਇਹ ਖੋਜ-ਕਾਰਜ ਗੁਪਤ ਕਿਉਂ ਰੱਖਿਆ?" ਤਾਂ ਡਾ: ਮਾਹਿਪਿਲ ਨੇ ਕਿਹਾ ਕਿ, "ਇਸ ਪ੍ਰਸ਼ਨ ਦਾ ਉੱਤਰ ਪ੍ਰੋ: ਚੈਟਰਜੀ ਹੀ ਦੇ ਸਕਦੇ ਹਨ।" ਪ੍ਰੋ: ਚੈਟਰਜੀ ਨੇ ਇਸ ਪ੍ਰਸ਼ਨ ਦੇ ਉੱਤਰ ਨੂੰ ਖੋਜ-ਵਿਭਾਗ ਦੀ ਨੀਤੀ ਆਖ ਟਾਲ ਦਿੱਤਾ। ਆਪੋ ਆਪਣੇ ਮੀਡੀਆ ਲਈ ਲੋੜੀਂਦੀ ਜਾਣਕਾਰੀ ਲੈ ਖਾਣਾ ਖਾਣ ਉਪਰੰਤ ਪੱਤਰਕਾਰ ਤੁਰਦੇ ਗਏ। ਮੰਤਰੀ ਜੀ ਵੀ ਸਭ ਨਾਲ ਹੱਥ ਮਿਲਾ ਅਤੇ ਇੱਕ ਵਾਰ ਫਿਰ ਇਸ ਮਹਾਨ ਕਾਰਜ ਦੀ ਸੰਪਨਤਾ ਤੇ ਵਧਾਈ ਦੇ ਰੁਖ਼ਸਤ ਹੋ ਗਏ। ਨਾਲ ਹੀ ਉਨ੍ਹਾਂ ਦਾ ਅਮਲਾ ਫੈਲਾ ਰਵਾਨਾ ਹੋ ਗਿਆ ਤਾਂ ਹਾਲ ਵਿੱਚ ਗਿਣਤੀ ਦੇ ਬੰਦੇ ਹੀ ਰਹਿ ਗਏ ਸਨ।

ਡਾ: ਮਾਹੀਪਾਲ, ਡਾ: ਸਵਰੀਨਾ, ਡਾ: ਜੌਨ੍ਹ, ਐਨੀ ਤੇ ਐਲਸ ਪ੍ਰੋ: ਚੈਟਰਜੀ ਨਾਲ ਇੱਕ ਵੱਡੇ ਮੇਜ਼ ਦੁਆਲੇ ਬੈਠੇ ਖਾਣਾ ਖਾ ਰਹੇ ਸਨ। ਉਹ ਖਾਣੇ ਦੀ ਇੱਕ ਇੱਕ ਬੁਰਕੀ ਮੂੰਹ ਵਿੱਚ ਪਾਉਂਦੇ ਜ਼ਿਹਨ ਵਿੱਚ ਉੱਠ ਰਹੇ ਪ੍ਰਸ਼ਨਾਂ ਨੂੰ ਧੱਕੋਜ਼ੋਰੀ ਰੋਕ ਰਹੇ ਲਗਦੇ ਸਨ। ਹਰ ਕੋਈ ਇੱਕ ਦੂਜੇ ਵੱਲ ਚੋਰ ਨਿਗਾਹਾਂ ਨਾਲ ਝਾਕਦਾ ਸੋਚ ਰਿਹਾ ਸੀ ਕਿ ਪਹਿਲ ਕੌਣ ਕਰੇਗਾ? ਚਮਚਿਆਂ ਤੇ ਪਲੇਟਾਂ ਦਾ ਖੜਾਕ ਵੀ ਇਤਨਾ ਮੱਧਮ ਸੀ ਕਿ ਇੱਕ ਇੱਕ ਦੇ ਸਾਹਾਂ ਦੀ ਅਵਾਜ਼ ਸੁਣੀ ਜਾ ਸਕਦੀ ਸੀ।

ਇਸ ਪੱਸਰੀ ਚੁੱਪ ਨੂੰ ਡਾ: ਮਾਹੀਪਾਲ ਨੇ ਇਹ ਕਹਿੰਦੇ ਤੋੜਿਆ, "ਪ੍ਰੋ: ਚੈਟਰਜੀ, ਐਨੇ ਵਰ੍ਹਿਆਂ ਬਾਦ ਮਿਲ ਰਹੇ ਹਾਂ ਲਗਦਾ ਜਿਵੇਂ ਕਹਿਣ ਨੂੰ ਕੁੱਝ ਵੀ ਨਹੀਂ ਜਾਂ ਫਿਰ ਐਨਾ ਕੁੱਝ ਹੈ ਕਿ ਸਮਝ ਨਹੀਂ ਲਗਦੀ ਗੱਲ ਕਿਥੋਂ ਸ਼ੁਰੂ ਕੀਤੀ ਜਾਵੇ, ਮਸਲਨ ਤਿਸ਼ ਤੇ ਕਿਨ ਕਿਵੇਂ ਹਨ ਤੇ ਕਿੱਥੇ ਹਨ?"

"ਕੀ ਅਸੀਂ ਉਨ੍ਹਾਂ ਨੂੰ ਮਿਲ ਸਕਦੇ ਹਾਂ?" ਡਾ: ਸਵਰੀਨਾ ਨੇ ਅਗਲੀ ਪੁੱਛ ਪੁੱਛੀ, "ਤੁਸੀਂ ਉਨ੍ਹਾਂ ਨੂੰ ਪੁਲਾੜ ਯਾਤਰਾ ਦੇ ਅਹਿਮ ਕਾਰਜਾਂ ਲਈ ਕਿਵੇਂ ਤਿਆਰ ਕੀਤਾ? ਬੜਾ ਕੁੱਝ ਹੈ ਜਿਸਨੂੰ ਜਾਣਨ ਲਈ ਮਨ ਉਤਾਵਲਾ ਹੈ।"

"ਯੈੱਸ ਸਰ, ਆਈ ਵਾਂਟ ਟੋ ਨੋ ਹਾਓ ਇਜ਼ ਤਿਸ਼?" ਐਨੀ ਦੇ ਮੂੰਹੋਂ ਨਿਕਲ ਗਿਆ, "ਐਂਡ ਹਾਓ ਇਜ਼ ਕਿਨ?" ਐਲਸ ਵੀ ਪੁੱਛਣੋ ਨਾ ਰਹਿ ਸਕੀ।

ਉਨ੍ਹਾਂ ਦੇ ਪ੍ਰਸ਼ਨਾਂ ਦੀ ਬੁਛਾੜ ਸੁਣ ਪ੍ਰੋ: ਚੈਟਰਜੀ ਬੋਲੇ, "ਸਭ ਸੇ ਪਹਿਲੇ ਯਹਾਂ ਤਿਸ਼ ਔਰ ਕਿਨ ਕਲੋਨਜ਼ ਕੀ ਬਾਤ ਹੈ, ਵੁਹ ਇਸ ਸਮ ਯਹਾਂ ਨਹੀਂ ਬੰਬੇ ਕੇ ਏਕ ਹਾਸਪੀਟਲ ਮੇਂ ਹੈਂ। ਉਨਕਾ ਇਮਯੂਨ ਸਿਸਟਮ ਕਮਜ਼ੋਰ ਪੜ੍ਹ ਗਯਾ ਹੈ। ਵੁਹ ਆਮ ਲੋਗੋਂ ਕੀ ਤਰਹ ਇਸ ਐਨਵਾਇਰਮੈਂਟ ਕੋ ਝੇਲ ਨਹੀਂ ਪਾ ਰਹੇ ਹੈਂ। ਔਰ ਰਹੀ ਬਾਤ ਤਿਸ਼ ਔਰ ਕਿਨ ਕਲੋਨਜ਼ ਕੇ ਲੰਬੇ ਸਫ਼ਰ ਕੀ ਤੋ ਉਸ ਕੇ ਬਾਰੇ ਮੇਂ ਆਪ ਕੋ ਮਿਸਟਰ ਦਿਆਲ ਬਤਾਏਂਗੇ।" ਪ੍ਰੋ: ਚੈਟਰਜੀ ਨੇ ਦੂਜੇ ਮੇਜ਼ ਤੇ ਬੈਠੇ ਮਿਸਟਰ ਦਿਆਲ ਨੂੰ ਇਸ਼ਾਰਾ ਕਰਕੇ ਬੁਲਾ ਲਿਆ।

ਇੱਕ ਚੁਸਤ ਦਰੁਸਤ ਕੋਟ ਪੈਂਟ ਵਿੱਚ ਸਜਿਆ ਅੱਧਖੜ੍ਹ ਉਮਰ ਦਾ ਵਿਅਕਤੀ ਇਨ੍ਹਾਂ ਦੇ ਮੇਜ਼ ਤੇ ਆਇਆ। ਉਸ ਸਾਰਿਆਂ

ਨਾਲ ਹੱਥ ਮਿਲਾਇਆ ਅਤੇ ਪ੍ਰੋ: ਚੈਟਰਜੀ ਕੋਲ ਪਈ ਖਾਲੀ ਕੁਰਸੀ ਤੇ ਬੈਠ ਗਿਆ।

"ਡਾ: ਮਾਹੀਪਾਲ ਔਰ ਡਾ: ਸਵਰੀਨਾ, ਆਪ ਲੋਗੋਂ ਕੇ ਚਲੇ ਜਾਨੇ ਕੇ ਬਾਦ ਮਿਸਟਰ ਦਿਆਲ ਹੀ ਤਿਸ਼ ਔਰ ਕਿਨ ਕੇ ਇੰਚਾਰਜ ਥੇ ਔਰ ਅਬ ਭੀ ਹੈਂ। ਯਹ ਹੀ ਆਪ ਲੋਗੋਂ ਕੋ ਉਨਕੇ ਬਾਰੇ ਮੇਂ ਸਹੀ ਜਾਣਕਾਰੀ ਦੇ ਸਕਤੇ ਹੈਂ," ਪ੍ਰੋ: ਚੈਟਰਜੀ ਨੇ ਮਿਸਟਰ ਦਿਆਲ ਨੂੰ ਸਭ ਨਾਲ ਮਿਲਵਾਇਆ ਅਤੇ ਆਪ 'ਐਕਸਕਿਊਜ਼ ਮੀ' ਕਹਿ ਉੱਠ ਕੇ ਚਲੇ ਗਏ।

ਉਹ ਸਾਰੇ ਮਿਸਟਰ ਦਿਆਲ ਨਾਲ ਗੱਲੀਂ ਜੁੱਟ ਪਏ। ਉਹ ਉਨ੍ਹਾਂ ਦੀਆਂ ਪੁੱਛਾਂ ਦਾ ਯਥਾਯੋਗ ਉੱਤਰ ਦਿੰਦਾ ਰਿਹਾ।

"ਮਿਸਟਰ ਦਿਆਲ, ਇਹਦਾ ਮਤਲਬ ਕਿ ਤਿਸ਼ ਅਤੇ ਕਿਨ ਆਮ ਬੱਚਿਆਂ ਵਾਂਗ ਹੀ ਵੱਡੇ ਹੋਏ। ਬੇਸ਼ਕ ਉਨ੍ਹਾਂ ਦਾ ਵਾਧਾ ਤੇਜ਼ੀ ਨਾਲ ਹੋਇਆ ਅਤੇ ਉਹ ਕੁੱਝ ਸਾਲਾਂ ਵਿੱਚ ਹੀ ਭਰ ਜੁਆਨ ਹੋ ਗਏ," ਡਾ: ਮਾਹੀਪਾਲ ਗੱਲ ਕਰ ਰਿਹਾ ਸੀ।

"ਯੈੱਸ, ਡਾ: ਮਾਹੀਪਾਲ! ਪਰ ਉਨ੍ਹਾਂ ਦੀ ਸਿੱਖਣ ਸ਼ਕਤੀ ਕਮਾਲ ਦੀ ਰਹੀ ਹੈ। ਉਨ੍ਹਾਂ ਦੀ ਵਿਦਿਆ ਸ਼ੁਰੂ ਤੋਂ ਹੀ ਪੁਲਾੜ ਵਿਗਿਆਨ ਤੇ ਕੇਂਦ੍ਰਿਤ ਰੱਖੀ ਗਈ ਸੀ ਜਿਹਦੇ ਵਿੱਚ ਉਹ ਆਪਣੇ ਕੋਲੋਂ ਵੀ ਐਡ-ਅਪ ਕਰ ਲੈਂਦੇ ਜਿਵੇਂ ਕਿ ਉਨ੍ਹਾਂ ਨੂੰ ਬਹੁਤ ਕੁੱਝ ਪਹਿਲਾਂ ਹੀ ਪਤਾ ਹੁੰਦਾ ਸੀ। ਇਹ ਡਾ: ਜੌਨ੍ਹ ਦੇ ਉਨ੍ਹਾਂ ਦੇ ਡੋਨਰਜ਼ ਦੇ ਬਰੇਨ ਟ੍ਰਾਂਫਿਊਜ਼ਨ ਦਾ ਨਤੀਜਾ ਸੀ। ਇੱਕ ਦਹਾਕੇ ਵਿੱਚ ਉਹ ਇਤਨਾ ਪ੍ਰਪੱਕ ਹੋ ਗਏ ਜਿਤਨਾ ਕਿ ਆਮ ਬੱਚੇ ਦੋ ਦਹਾਕੇ ਪੜ੍ਹ ਕੇ ਹੁੰਦੇ ਹਨ। ਕਹਿਣ ਦਾ ਮਤਲਬ ਕਿ ਉਹ ਮਨੁੱਖ ਦੇ ਬੱਚਿਆਂ ਵਰਗੇ ਹੁੰਦੇ ਹੋਏ ਵੀ ਪੂਰੀ ਤਰ੍ਹਾਂ ਮਨੁੱਖ ਦੇ ਬੱਚੇ ਨਹੀਂ ਹਨ।"

"ਇਹਦਾ ਭਾਵ ਉਹ ਬਾਇਲੌਜੀਕਲ ਮਸ਼ੀਨਜ਼ ਹਨ," ਡਾ: ਮਾਹੀ ਨੇ ਕਿਹਾ।

"ਯੈੱਸ, ਐਬਸੋਲੂਟਲੀ ਰਾਈਟ! ਦੇ ਆਰ ਬਾਇਲੌਜੀਕਲ ਹਿਊਮਨ ਮਸ਼ੀਨਜ਼! ਜਿਨ੍ਹਾਂ ਵਿੱਚ ਮਨੁੱਖੀ ਡੈਟਾ ਫ਼ੀਡ ਕੀਤਾ ਹੋਵੇ ਅਤੇ ਉਹ ਭਾਵ-ਰਹਿਤ ਆਪਣੇ ਨਿਸ਼ਾਨੇ ਵੱਲ ਵਧਦੇ ਜਾਂਦੇ ਹੋਣ," ਮਿਸਟਰ ਦਿਆਲ ਡਾ: ਮਾਹੀ ਦੀ ਟਰਮ ਦੀ ਪ੍ਰੋੜ੍ਹਤਾ ਕਰ ਰਹੇ ਸਨ ਕਿ ਪ੍ਰੋ: ਚੈਟਰਜੀ ਮੁੜ ਕੁਰਸੀ ਤੇ ਆ ਬਿਰਾਜੇ।

"ਕੈਸੀ ਚਲ ਰਹੀ ਹੈ ਵਾਰਤਾਲਾਪ?" ਮਿਸਟਰ ਦਿਆਲ ਨੂੰ ਪੁੱਛਦਿਆਂ ਉਹ ਬਾਕੀਆਂ ਨੂੰ ਮੁਖ਼ਾਤਬ ਹੋਏ, "ਹਾਂ ਜੀ, ਮਿਲ ਗਈ ਆਪ ਕੋ ਜਾਣਕਾਰੀ ਆਪ ਕੇ ਪੈਦਾ ਕੀਏ ਹੁਏ ਤਿਸ਼ ਔਰ ਕਿਨ ਕੇ ਬਾਰੇ ਮੇਂ?"

"ਯੈੱਸ ਸਰ! ਲਗਪਗ ਸਭ ਕੁੱਝ ਦੱਸ ਦਿੱਤਾ ਮਿਸਟਰ ਦਿਆਲ ਨੇ। ਅਸੀਂ ਸਾਰੇ ਹੈਰਾਨ ਹਾਂ ਕਿ ਅਸੀਂ ਹੀ ਸਾਰਿਆਂ ਨੇ ਰਲ ਕੇ ਇਹ ਮੁਜੱਸਮੇ ਤਿਆਰ ਕੀਤੇ ਸਨ!" ਡਾ: ਸਵਰੀਨਾ ਬੋਲੀ।

"ਕਰੈਡਿਟ ਗੋਜ਼ ਟੂ ਯੂ ਪੀਪਲ ਓਨਲੀ,' ਪ੍ਰੋ: ਚੈਟਰਜੀ ਨੇ ਸ਼ਾਬਾਸ਼ ਦੇਣ ਵਾਂਗ ਕਿਹਾ ਤੇ ਫਿਰ ਵਿਸ਼ਾ ਬਦਲਦਿਆਂ ਬੋਲੇ, "ਔਰ ਅਬ ਆਪ ਅਪਨੀ ਅਪਨੀ ਫੈਮਲੀ ਕੇ ਬਾਰੇ ਮੇਂ ਬਤਾਈਏ ਔਰ ਹਮ ਸਭ ਸੇ ਇੰਟਰੋਡਕਸ਼ਨ ਕਰਵਾਈਏ," ਉਸ ਡਾ: ਮਾਹੀਪਾਲ ਵੱਲ ਇਸ਼ਾਰਾ ਕਰਕੇ ਕਿਹਾ।

"ਸਰ, ਮੇਰੀ ਫੈਮਲੀ ਤਾਂ ਮੇਰੇ ਕੋਲ ਬੈਠੀ ਹੈ। ਇਹ ਮੇਰੀ ਵਾਈਫ਼ ਡਾ: ਸਵਰੀਨਾ," ਉਸ ਸਵਰੀਨਾ ਵੱਲ ਇਸ਼ਾਰਾ ਕਰਦੇ ਦੱਸਿਆ, "ਤੇ ਦੋ ਬੱਚੇ ਨੇ—ਤਿਸ਼ਪ੍ਰੀਤ ਤੇ ਕਿਰਨਦੀਪ। ਐਥੈ ਹਾਲ ਵਿੱਚ ਐਨਜੁਆਏ ਕਰਦੇ ਹੋਣੇ ਨੇ," ਡਾ: ਮਾਹੀਪਾਲ ਨੇ ਆਪਣੇ ਪਰਿਵਾਰ ਬਾਰੇ ਦੱਸਿਆ ਤਾਂ ਪ੍ਰੋ: ਚੈਟਰਜੀ ਦੇ ਚਿਹਰੇ ਦੇ ਹੈਰਾਨੀ ਵਾਲੇ ਹਾਵ-ਭਾਵ ਵੇਖਣ ਵਾਲੇ ਸਨ।

"ਓਅ! ਡਾ: ਸਵਰੀਨਾ, ਤੁਮਨੇ ਡਾ: ਮਾਹੀਪਾਲ ਸੇ ਸ਼ਾਦੀ ਕਰ ਲੀ ਔਰ ਹਮੇਂ ਬਤਾਇਆ ਭੀ ਨਹੀਂ।"

"ਸਰ, ਉਸ ਤੋਂ ਬਾਦ ਕਦੇ ਮਿਲਣ ਦਾ ਸਬੱਬ ਹੀ ਨਹੀਂ ਬਣਿਆ," ਉਹ ਸੁਕਚਾਈ ਜਿਹੀ ਬੋਲੀ।

"ਔਰ ਡਾ: ਜੌਨ੍ਹ!" ਉਹ ਡਾ: ਜੌਨ੍ਹ ਨੂੰ ਮੁਖ਼ਾਤਬ ਹੋਏ।

"ਸ਼ੀ ਇਜ਼ ਮਾਈ ਵਾਈਫ਼ ਮੈਰੀ," ਜਿਹੜੀ ਕੇ ਨਾਲ ਦੇ ਮੇਜ਼ ਤੇ ਬੈਠੀ ਸੀ ਉਸ ਨੂੰ ਕੋਲ ਬੁਲਾ ਉਸ ਦਾ ਤੁਆਰਫ਼ ਕਰਵਾਇਆ," ਤੇ ਇਹ ਸਾਡੀ ਬੇਟੀ ਕੈਥਰੀਨ," ਉਸ ਅਪਣੀ ਬੇਟੀ ਦਾ ਗੱਲ੍ਹ ਸਲ੍ਹਾਉਂਦਿਆਂ ਦੱਸਿਆ।

"ਨਾਈਸ ਟੋ ਮੀਟ ਯੂ ਮੈਰੀ," ਡਾ: ਜੌਨ੍ਹ ਦੀ ਪਤਨੀ ਵੱਲ ਹੱਥ ਵਧਾਉਂਦਿਆਂ ਪ੍ਰੋ: ਚੈਟਰਜੀ ਨੇ ਕਿਹਾ, "ਐਂਡ ਯੂ ਯੰਗ ਲੇਡੀ ਨਾਈਸ ਟੂ ਮੀਟ ਯੂ ਟੂਅ," ਉਸ ਕੈਥਰੀਨ ਦਾ ਸਿਰ ਪਲੋਸਿਆ।

"ਇਤਨੇ ਚਿਰ ਵਿੱਚ ਐਨੀ ਵੀ ਆਪਣੇ ਪਤੀ ਨੂੰ ਬੁਲਾ ਲਿਆਈ ਸੀ। "ਮੇਰੇ ਪਤੀ ਨੂੰ ਮਿਲੋ," ਉਸ ਆਪਣੇ ਪਤੀ ਵੱਲ ਇਸ਼ਾਰਾ ਕਰਦੇ ਕਿਹਾ ਜਿਸਦੇ ਨਾਲ ਪੰਜ ਕੁ ਸਾਲ ਦਾ ਗੋਬਲਾ ਜਿਹਾ ਉਸਦਾ ਪੁੱਤਰ ਸੀ, "ਐਂਡ ਦਿਸ ਇਜ਼ ਸੁਜ਼ਾਨ, ਮਾਈ ਸਨ! ਅਸੀਂ ਇਸ ਨੂੰ 'ਤਿਸ਼' ਕਹਿ ਕੇ ਬੁਲਾਉਂਦੇ ਆਂ," ਐਨੀ ਨੇ ਮੋਹ ਭਰੇ ਲਾਡ ਨਾਲ ਦੱਸਿਆ।

ਪ੍ਰੋ: ਚੈਟਰਜੀ ਨੇ ਉਸ ਦੇ ਪਤੀ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਇਆ ਤੇ ਬੋਲੇ, " ਐਨੀ ਤੁਮ 'ਤਿਸ਼' ਕੋ ਭੂਲੀ ਨਹੀਂ। ਅਪਨੇ ਬੇਟੇ ਕਾ ਨਾਮ 'ਤਿਸ਼' ਰਖ ਲੀਆ।

"ਇਟ ਰੀਮੇਂਡ ਵੈਰੀ ਨੀਅਰ ਟੂ ਮਾਈ ਹਾਰਟ। ਬੇਟੇ ਨੂੰ ਇਸੇ ਨਾਂ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ।" ਉਸ ਦਾ ਭਾਵੁਕ ਜੁਆਬ ਸੀ।

"ਐਲਸ, ਤੁਮਹਾਰੀ ਫੈਮਲੀ ਭੀ ਆਈ ਹੋਗੀ। ਮਿਲਵਾਓਗੀ ਨਹੀਂ," ਉਨ੍ਹਾਂ ਐਲਸ ਨੂੰ ਚੁੱਪ ਬੈਠੀ ਵੇਖ ਪੁੱਛਿਆ।

"ਮੇਰੇ ਸਾਥ ਮੇਰੇ ਮੰਮੀ-ਪਾਪਾ ਆਏ ਹੈਂ।"

"ਸ਼ਾਦੀ ਨਹੀਂ ਕੀ! ਕਿਉਂ?" ਪ੍ਰੋ: ਚੈਟਰਜੀ ਦੇ ਮੂੰਹੋਂ ਨਿਕਲ ਗਿਆ।

"ਨਹੀਂ ਸਰ! ਕੋਈ ਮਿਲਾ ਹੀ ਨਹੀਂ," ਉਹ ਲਜਾਉਂਦੀ ਹੋਈ ਬੋਲੀ। ਇਤਨੀ ਦੇਰ ਵਿੱਚ ਤਿਸ਼ਪ੍ਰੀਤ ਤੇ ਕਿਰਨਦੀਪ ਮੰਮੀ...ਪਾਪਾ... ਕਹਿੰਦੇ ਦੌੜਦੇ ਹੋਏ ਆ ਪਹੁੰਚੇ।

"ਲਓ, ਪ੍ਰੋ: ਚੈਟਰਜੀ ਸਾਡੇ ਬੱਚੇ ਵੀ ਆ ਗਏ। ਇਹ ਤਿਸ਼ਪ੍ਰੀਤ ਹੈ ਇਸ ਨੂੰ ਅਸੀਂ 'ਤਿਸ਼' ਬੁਲਾਉਂਦੇ ਹਾਂ ਤੇ ਇਹ ਕਿਰਨਦੀਪ ਉਰਫ਼ ਕਿਨ, ਸਾਡੇ ਜੁੜਵਾਂ ਬੱਚੇ," ਉਸ ਆਪਣੇ ਬੱਚਿਆਂ ਨਾਲ ਜਾਣ ਪਛਾਣ ਕਰਵਾਈ ਤਾਂ ਪ੍ਰੋ: ਚੈਟਰਜੀ ਦੋਵਾਂ ਬੱਚਿਆਂ ਦੇ ਚਿਹਰੇ ਮੁਹਰੇ ਵੇਖ ਹੈਰਾਨੀ ਵੱਸ ਬੋਲੇ, "ਓਅ ਮਾਈ ਗੌਡ! ਹੂ-ਬਹੂ ਆਪ ਦੋਨੋਂ ਕੀ ਕਾਰਬਨ ਕਾਪੀ!

"ਦੇ ਆਰ ਜਸਟ ਲਾਈਕ ਯੂਅਰ ਕਲੋਨਜ਼!"

"ਪਰ ਉਸ ਸਰਬਸ਼ਕਤੀਮਾਨ ਪ੍ਰਮਾਤਮਾ ਦੇ ਅਦਿੱਖ ਹੱਥਾਂ ਦੇ ਰਚੇ ਹੋਏ ਕਲੋਨਜ਼!" ਡਾ: ਮਾਹੀ ਨੇ ਬੜੇ ਸਵੈ-ਮਾਣ ਨਾਲ ਆਖਿਆ।

ਪ੍ਰੋ: ਚੈਟਰਜੀ ਨੇ ਦੋਵਾਂ ਬੱਚਿਆਂ ਨਾਲ ਹੱਥ ਮਿਲਾਇਆ ਤੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ। ਉਹ ਨਿਰਸੰਕੋਚ ਪ੍ਰੋ: ਚੈਟਰਜੀ ਨੂੰ ਮਿਲਦੇ ਸਬਾਭਿਮਾਨੀ ਪ੍ਰਤੀਤ ਹੁੰਦੇ ਸਨ।

**(17)**

ਅੱਜ ਦੀਆਂ ਅਖਬਾਰਾਂ ਵੀ ਹੱਥੋ ਹੱਥੀਂ ਵਿਕ ਰਹੀਆਂ ਸਨ। ਅਖ਼ਬਾਰਾਂ ਵੇਚਣ ਵਾਲੇ ਹੋਕਾ ਦੇ ਰਹੇ ਸਨ। ਅੱਜ ਦੀ ਤਾਜ਼ਾ ਖ਼ਬਰ......ਤਿਸ਼ ਤੇ ਕਿਨ ਕਲੋਨਜ਼ ਦੀ ਸੱਚਾਈ ਤੋਂ ਪਰਦਾ ਉੱਠਿਆ......ਪਿਛਲੇ ਦੋ ਦਿਨਾਂ ਤੋਂ ਹਰ ਕੋਈ ਇਸ ਸੱਚਾਈ ਨੂੰ ਜਾਣਨ ਲਈ ਉਤਾਵਲਾ ਸੀ। ਤਰ੍ਹਾਂ ਤਰ੍ਹਾਂ ਦੇ ਕਿਆਫ਼ੇ ਲਗ ਰਹੇ ਸਨ ਜਿਸ ਦਾ ਸੱਚ ਅੱਜ ਲੋਕਾਂ ਦੇ ਹੱਥਾਂ ਵਿੱਚ ਸੀ। ਤਿਸ਼-ਕਿਨ ਪ੍ਰਾਜੈਕਟ ਬਾਰੇ ਬਾਰੇ ਵਿਸਥਾਰਤ ਜਾਣਕਾਰੀ ਪ੍ਰਾਜੈਕਟ ਦੇ ਸਾਰੇ ਸਹਿਯੋਗੀਆਂ ਦੀਆਂ ਫੋਟੋਆਂ ਸਮੇਤ ਛਪੀ ਹੋਈ ਸੀ। ਵਿਸ਼ੇਸ਼ ਤੌਰ ਤੇ ਡਾ. ਮਾਹੀਪਾਲ ਦਾ ਇੰਟਰਵਿਊ ਹਰ ਇੱਕ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਸੀ। ਇਹ ਵਿਗਿਆਨਕ ਕ੍ਰਿਸ਼ਮਾ ਦੇਸ਼ ਵਿਦੇਸ਼ ਵਿੱਚ, ਵੱਡੇ ਛੋਟੇ ਸ਼ਹਿਰਾਂ ਵਿੱਚ, ਕਸਬਿਆਂ ਵਿੱਚ, ਪਿੰਡਾਂ ਵਿੱਚ ਅਤੇ ਪਿੰਡਾਂ ਦੀਆਂ ਗਲ਼ੀਆਂ ਵਿੱਚ ਹਰ ਇੱਕ ਦੀ ਜ਼ੁਬਾਨ ਤੇ ਸੀ। ਲੋਕ ਇਸ ਅਚੰਭੇ ਤੋਂ ਅਚੰਭਿਤ ਸਨ।

ਡਾ: ਮਾਹੀਪਾਲ ਦੇ ਪਿੰਡ ਉਸ ਦੇ ਘਰ ਵਿੱਚ ਵਿਆਹ ਵਰਗਾ ਮਾਹੌਲ ਸੀ। ਪਿੰਡ ਦੇ ਲੋਕ ਆਪਣੇ ਪਿੰਡ ਦੇ ਜੰਮਪਲ਼ ਦੀ ਇਸ ਕਾਰਗੁਜ਼ਾਰੀ ਤੇ ਵਾਹ ਵਾਹ ਕਰਦੇ ਉਹਦੇ ਬਜ਼ੁਰਗ ਮਾਂ-ਬਾਪ, ਤੇ ਭਰਾਵਾਂ ਭਰਜਾਈਆਂ ਨੂੰ ਵਧਾਈਆਂ ਦੇ ਰਹੇ ਸਨ। ਨਿੱਕੇ ਭਤੀਜੇ ਭਤੀਜੀਆਂ ਚਾਚੇ ਤੇ ਮਾਣ ਕਰਦੇ ਨਹੀਂ ਸੀ ਥੱਕਦੇ। ਉੱਧਰ ਉਸ ਵੇਲੇ ਤਿਸ਼-ਕਿਨ ਪ੍ਰਾਜੈਕਟ ਦੀ ਸਾਰੀ ਟੀਮ ਜਹਾਜ਼ ਵਿੱਚ ਸੁਆਰ ਹੋ ਬੰਬਈ ਪਹੁੰਚ ਚੁੱਕੀ ਸੀ ਅਤੇ ਹਸਪਤਾਲ ਵੱਲ ਨੂੰ ਜਾ ਰਹੀ ਸੀ। ਡਾ: ਦਿਆਲ ਉਨ੍ਹਾਂ ਨੂੰ 'ਤਿਸ਼' ਤੇ 'ਕਿਨ' ਦੇ ਕਮਰਿਆਂ ਵੱਲ ਲੈ ਤੁਰੇ। ਤਿਸ਼ ਤੇ ਕਿਨ ਨੂੰ ਹਸਪਤਾਲ ਦੇ ਇੱਕ ਪਾਸੇ ਉਨ੍ਹਾਂ ਲਈ ਤਿਆਰ ਕੀਤੇ ਵਿਸ਼ੇਸ਼ ਕਮਰਿਆਂ ਵਿੱਚ ਰੱਖਿਆ ਹੋਇਆ ਸੀ ਜਿਨ੍ਹਾਂ ਦੇ ਚੁਫ਼ੇਰੇ ਸ਼ੀਸ਼ੇ ਦੀਆਂ ਕੰਧਾਂ ਸਨ। ਇਸ ਰਾਹੀਂ ਉਨ੍ਹਾਂ ਦੀ ਹਰ ਕਾਰਜ-ਵਿੱਧੀ ਨੂੰ ਬਾਹਰੋਂ ਹੀ ਵੇਖਿਆ ਜਾ ਸਕਦਾ ਸੀ। ਵੈਸੇ ਤਾਂ ਡਾਕਟਰਾਂ ਦੇ ਇਲਾਵਾ ਹੋਰ ਕਿਸੇ ਨੂੰ ਵੀ ਅੰਦਰ ਜਾਣ ਦੀ ਆਗਿਆ ਨਹੀਂ ਸੀ, ਪ੍ਰੰਤੂ ਐਸ ਵੇਲੇ ਉਨ੍ਹਾਂ ਨੂੰ ਮਿਲਣ ਆਏ ਕੋਈ ਆਮ ਵਿਅਕਤੀ ਨਹੀਂ ਬਲਕਿ ਉਨ੍ਹਾਂ ਦੇ ਰਚੇਤਾ ਆਏ ਸਨ। ਉਹ ਜਿਨ੍ਹਾਂ ਦੀ ਬਦੌਲਤ ਤਿਸ਼ ਤੇ ਕਿਨ ਨਾਂ ਦੇ ਕਲੋਨਾਂ ਦੀ ਹੋਂਦ ਸੰਭਵ ਹੋ ਸਕੀ ਸੀ। ਜਿਸ ਜਗਿਆਸਾ ਨਾਲ ਸਾਰੇ ਜਣੇ ਉਨ੍ਹਾਂ ਨੂੰ ਵੇਖਣ ਤੇ ਮਿਲਣ ਆਏ ਸਨ, ਉਨ੍ਹਾਂ ਤੇ ਪਹਿਲੀ ਨਜ਼ਰ ਪੈਂਦਿਆਂ ਹੀ ਮੱਠੀ ਪੈ ਗਈ। ਉਹ ਉਨ੍ਹਾਂ ਵੱਲ ਬਿਟ ਬਿਟ ਤਕਦੇ ਮੂਲੋਂ ਹੀ ਭਾਵਹੀਣ ਮਨੁੱਖੀ ਜੀਵ ਲਗਦੇ ਸਨ। ਸਪਾਟ ਚਿਹਰੇ, ਭਾਵਨਾ ਜਾਂ ਜਜ਼ਬਾਤ ਨਾਂ ਦੀ ਚੀਜ਼ ਹੀ ਨਹੀਂ। ਸਰੀਰ ਵੀ ਪੀਲੇ ਭੂਕ ਜਿਵੇਂ ਚਿਰਾਂ ਦੇ ਬਿਮਾਰ ਹੋਣ।

ਮਾਹੀਪਾਲ ਹੁਰਾਂ ਤਾਂ ਸੋਚਿਆ ਸੀ ਕਿ ਉਨ੍ਹਾਂ ਨੂੰ ਮਿਲਾਂਗੇ, ਗੱਲਾਂ ਕਰਾਂਗੇ ਤੇ ਉਨ੍ਹਾਂ ਦੇ ਚੰਦਰਮਾ ਦੀ ਯਾਤਰਾ ਦੇ ਅਨੁਭਵਾਂ ਤੇ ਤਜਰਬਿਆਂ ਬਾਰੇ ਗਿਆਨ ਹਾਸਲ ਕਰਾਂਗੇ। ਪ੍ਰੰਤੂ ਇਨ੍ਹਾਂ ਮਸ਼ੀਨੀ ਜਿਹੇ ਮਨੁੱਖਾਂ ਨੂੰ ਵੇਖ ਸਭ ਨੂੰ ਨਿਰਾਸ਼ਾ ਹੋਈ।

"ਡਾ: ਦਿਆਲ, ਕੀ ਇਹ ਪਹਿਲਾਂ ਤੋਂ ਇੰਜ ਦੇ ਹਨ ਜਾਂ ਹੁਣ ਹੋ ਗਏ ਹਨ?" ਡਾ: ਮਾਹੀਪਾਲ ਨੇ ਜਾਣਨ ਖਾਤਰ ਪੁੱਛਿਆ।

"ਹਾਂ, ਥੋੜ੍ਹੇ ਭਾਵ-ਰਹਿਤ ਤਾਂ ਇਹ ਸ਼ੁਰੂ ਤੋਂ ਹੀ ਹਨ। ਲਗਾਓ ਜਾਂ ਸਬੰਧ ਵਰਗੀ ਭਾਵਨਾ ਤਾਂ ਪਹਿਲਾਂ ਹੀ ਇਨ੍ਹਾਂ ਵਿੱਚ ਨਹੀਂ ਸੀ। ਚੰਦਰਮਾ ਤੋਂ ਵਾਪਸ ਆ ਕੇ ਇਨ੍ਹਾਂ ਦੀ ਇਮਊਨਿਟੀ ਬਿਲਕੁਲ ਘੱਟ ਗਈ ਸੀ। ਖਾਣਾ ਪੀਣਾ ਵੀ ਨਾਮਾਤਰ ਹੀ ਹੋ ਗਿਆ ਸੀ। ਨਿੱਤ ਕਮਜ਼ੋਰ ਹੁੰਦੇ ਜਾਂਦੇ ਸਨ, ਇੰਜ ਲਗਦਾ ਸੀ ਜਿਵੇਂ ਹੌਲੀ ਹੌਲੀ ਸਰੀਰ ਦੇ ਸੈੱਲ ਨਸ਼ਟ ਹੋ ਰਹੇ ਹੋਣ। ਡਾਕਟਰਾਂ ਨੂੰ ਇਹਦਾ ਕਾਰਨ ਸਮਝ ਨਹੀਂ ਸੀ ਪੈ ਰਿਹਾ।" ਡਾ: ਦਿਆਲ ਨੇ ਵਿਸਥਾਰ ਨਾਲ ਦੱਸਿਆ।

"ਇੰਜ ਨਹੀਂ ਲਗਦਾ ਜਿਵੇਂ ਮਸ਼ੀਨ ਘਸ ਗਈ ਹੋਵੇ, ਖਰਾਬ ਹੋ ਰਹੀ ਹੋਵੇ ਤੇ ਛੇਤੀ ਹੀ ਬੇਕਾਰ ਵੀ ਹੋ ਜਾਵੇ," ਡਾ: ਮਾਹੀਪਾਲ ਨੇ ਚਿੰਤਾ ਪ੍ਰਗਟਾਈ।

"ਲਗਦਾ ਤੇ ਇੰਜ ਈ ਏ," ਡਾ: ਸਵਰੀਨਾ ਵੀ ਹੁੰਗਾਰਾ ਭਰਿਆ। ਡਾ: ਜੌਨ੍ਹ, ਐਨੀ ਤੇ ਐਲਸ ਵੀ ਤਿਸ਼-ਕਿਨ ਬਾਰੇ ਹੀ ਗੱਲਾਂ ਕਰ ਰਹੇ ਸਨ ਕਿ ਪ੍ਰੋ: ਚੈਟਰਜੀ ਆ ਪਹੁੰਚੇ।

"ਹਾਂ ਭਈ, ਕੈਸੀ ਰਹੀ ਵਿਜ਼ਟ? ਹੋ ਗਯਾ ਮੇਲ ਮਿਲਾਪ ਤਿਸ਼ ਔਰ ਕਿਨ ਸੇ?" ਉਨ੍ਹਾਂ ਸਾਰਿਆਂ ਤੇ ਸਰਸਰੀ ਨਿਗਾਹ ਪਾਉਂਦੇ ਤੇ ਹੱਥ ਮਿਲਾਉਂਦਿਆਂ ਪੁੱਛਿਆ।

"ਸਰ, ਐਕਚੁਲੀ ਵੁਈ ਆਰ ਸ਼ੌਕਡ ਟੂ ਸੀ ਤਿਸ਼ ਐਂਡ ਕਿਨ,' ਡਾ: ਜੌਨ੍ਹ ਦਾ ਜੁਆਬ ਸੀ, "ਇੰਜ ਨਹੀਂ ਲਗਦਾ ਇਨ੍ਹਾਂ ਦੀ ਹਾਲਤ ਵੀ ਇਨ੍ਹਾਂ ਦੇ ਡੋਨਰਜ਼ ਵਰਗੀ ਹੋ ਗਈ ਹੈ?"

"ਨਹੀਂ, ਉਨ ਸੇ ਕਹੀਂ ਬੇਹਤਰ ਹੈਂ। ਇਨਹੋਂ ਨੇ ਚਾਂਦ ਪਰ ਰੀਸਰਚ ਕੇ ਕਾਮ ਕੋ ਆਗੇ ਬੜ੍ਹਾਇਆ ਹੈ ਉਹ ਕਾਬਿਲੇ-ਤਾਰੀਫ਼ ਹੈ। ਇਨਕੀ ਇਮਊਨਿਟੀ ਭੀ ਆਹਿਸਤਾ ਆਹਿਸਤਾ ਬੜ ਰਹੀ ਹੈ। ਅਬ ਚਿੰਤਾ ਇਤਨੀ ਬਾਤ ਨਹੀਂ ਹੈ। ਗਾਏਜ਼, ਵੁਈ ਆਰ ਟੂ ਥਿੰਕ ਅਹੈੱਡ ਔਰ ਬਹੁਤ ਕੁਛ ਕਰਨਾ ਹੈ।" ਪ੍ਰੋ: ਚੈਟਰਜੀ ਦੇ ਉਤਸ਼ਾਹਿਤ ਬੋਲਾਂ ਨੂੰ ਸੁਣ ਸਭ ਦੇ ਉਦਾਸ ਚਿਹਰੇ ਟਹਿਕ ਪਏ।

ਆਸਵੰਦ ਹੋਇਆ ਮਾਹੀਪਾਲ ਬੋਲਿਆ, "ਸਰ! ਵੈਸੇ ਤਾਂ ਅਜਿਹੇ ਰੀਸਰਚ ਪ੍ਰਾਜੈਕਟ ਕਾਂਫ਼ੀਡੈਂਸ਼ਲ ਹੁੰਦੇ ਹਨ। ਫਿਰ ਵੀ ਅਗਲੇਰੇ ਖੋਜ-ਕਾਰਜਾਂ ਬਾਰੇ ਪੁੱਛਣ ਦੀ ਹਿਮਾਕਤ ਕਰ ਰਿਹਾਂ।"

"ਹਾਂ, ਕਿਉਂ ਨਹੀਂ? ਪੁਛੀਏ," ਪ੍ਰੋ: ਚੈਟਰਜੀ ਦਾ ਲਹਿਜ਼ਾ ਹਾ-ਪੱਖੀ ਸੀ।

"ਭਲਾ ਕੋਈ ਹੋਰ ਪ੍ਰਾਜੈਕਟ ਤੁਹਾਡੀ ਅਗਵਾਈ ਵਿੱਚ ਚਲ ਰਿਹਾ?" ਉਸ ਰਤਾ ਝਕਦੇ ਪੁੱਛਿਆ ਤਾਂ ਡਾ: ਸਵਰੀਨਾ ਵੀ ਆਪਣੇ ਮਨ ਦੀ ਗੱਲ ਕਹਿਣੋਂ ਨਾ ਰਹਿ ਸਕੀ।

"ਸਰ! ਬ੍ਰਹਿਮੰਡ ਨੂੰ ਖੋਜਣ ਤੇ ਜਾਣਨ ਲਈ ਨਿੱਤ ਨਵੀਆਂ ਖੋਜਾਂ ਹੋ ਰਹੀਆਂ। ਨਾਸਾ ਵਾਲਿਆਂ ਨੇ ਤਾਂ ਮੰਗਲ ਗ੍ਰਹਿ ਤੇ ਵੀ ਰੋਵਰ ਵਿੱਚ ਮਸ਼ੀਨੀ ਮਨੁੱਖ ਮਤਲਬ ਰੋਬੋਟ ਉਤਾਰ ਦਿੱਤਾ ਹੈ ਜਿਹੜਾ ਲਗਾਤਾਰ ਮੰਗਲ ਗ੍ਰਹਿ ਦੀ ਧਰਤੀ ਦੀਆਂ ਫੋਟੋ ਭੇਜ ਰਿਹਾ," ਉਹ ਥੋੜ੍ਹਾ ਜਿਹਾ ਰੁਕੀ ਤੇ ਗੱਲ ਪੂਰੀ ਕੀਤੀ, "ਤੇ ਇੱਕ ਨਵਾਂ ਗ੍ਰਹਿ ਲੱਭਣ ਦੀ ਖ਼ਬਰ ਵੀ ਆਈ ਸੀ ਜਿਹਦੀ ਸਤ੍ਹਾ ਤੇ ਕਹਿੰਦੇ ਨੇ ਡਾਇਮੰਡ ਹੀ ਡਾਇਮੰਡ ਹਨ।"

"ਇਸੀ ਲੀਏ ਤੋ ਉਸ ਕਾ ਨਾਮ 'ਡਾਇਮੰਡ ਪਲੈਨੇਟ' ਰੱਖ ਦੀਆ ਗਿਆ ਹੈ," ਪ੍ਰੋ: ਚੈਟਰਜੀ ਨੇ ਜਾਣਕਾਰੀ ਪੂਰੀ ਕੀਤੀ ਅਤੇ ਫਿਰ ਫ਼ਿਲਾਸਫ਼ਾਨਾ ਅੰਦਾਜ਼ ਵਿੱਚ ਬੋਲੇ, "ਸਹੀ ਕਹਾ ਡਾ: ਸਵਰੀਨਾ ਆਪ ਨੇ। ਕੁਦਰਤ ਕੀ ਰਚਨਾ ਕਾ ਕੋਈ ਅੰਤ ਨਹੀਂ ਔਰ ਮਨੁਸ਼ ਕੀ ਖੋਜੋਂ ਕੀ ਭੀ ਕੋਈ ਥਾਹ ਨਹੀਂ। ਆਦਿ ਕਾਲ ਸੇ ਆਜ ਤੱਕ ਮਾਨੁਸ਼ ਦੁਆਰਾ ਕੀ ਗਈ ਰੀਸਰਚ ਕਾ ਹੀ ਨਤੀਜਾ ਹੈ ਕਿ ਟੈਕਨੌਲੌਜੀ ਇਤਨੀ ਐਡਵਾਂਸ ਹੋ ਗਈ ਹੈ। ਇਸੀ ਕੀ ਵਜ੍ਹਾ ਸੇ ਵੁਹ ਔਰ ਭੀ ਉੱਚੇ ਸਪਨੇ ਲੇਨੇ ਲਗ ਜਾਤਾ ਹੈ। ਖ਼ੈਰ, ਆਪ ਕੋ ਬਤਾਊਂ ਕਿ ਹਮ ਲੋਗ ਭੀ ਅਰਾਮ ਸੇ ਨਹੀਂ ਬੈਠੇ ਹੈਂ। ਹਮਾਰਾ ਭੀ ਨੈਕਸਟ ਟਾਰਗੈਟ ਮੰਗਲ ਗ੍ਰਹਿ ਹੀ ਹੈ।" ਇਹ ਸੁਣ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ ਅਤੇ ਹੋਰ ਜਗਿਆਸਾ ਵੱਸ ਪ੍ਰੋ: ਚੈਟਰਜੀ ਵੱਲ ਵੇਖਣ ਲਗ ਪਏ।

"ਐਸਾ ਕਰੀਏ, ਆਜ ਔਰ ਕੱਲ੍ਹ ਆਪ ਲੋਗ ਮੁੰਬਈ ਕੀ ਸੈਰ ਕਰੀਏ। ਸੋਮਵਾਰ ਕੋ ਹਮ ਨਏ ਪ੍ਰਾਜੈਕਟ ਕੇ ਬਾਰੇ ਮੇਂ ਡਿਸਕਸ ਕਰੇਂਗੇ।" ਪ੍ਰੋ: ਚੈਟਰਜੀ ਨੇ ਆਪਣੀ ਗੱਲ ਮੁਕਾਈ।"

"ਇਸ ਦਾ ਮਤਲਬ ਕੁੱਝ ਹੋਰ ਬਾਇਲੌਜੀਕਲ ਮਸ਼ੀਨਜ਼!" ਡਾ. ਮਾਹੀਪਾਲ ਦੇ ਮੂੰਹੋਂ ਅਚੇਤ ਨਿਕਲੇ ਬੋਲ ਸਨ।

"ਇਸ ਸੇ ਭੀ ਕਹੀਂ ਬੜ ਕਰ, ਯੰਗ ਮੈਨ! ਮਨੁਸ਼ ਨੇ ਕੁਦਰਤ ਕੀ ਰਚਨਾ ਕੋ ਖੋਜਤੇ ਰਹਨਾ ਹੈ ਔਰ ਇਸੀ ਤਰਹ ਆਗੇ ਬੜਤੇ ਰਹਨਾ ਹੈ। ਆਦਿ ਕਾਲ ਸੇ ਚਲਾ ਯੇ ਖੋਜਨੇ ਕਾ ਕਾਰਜ ਕਭੀ ਰੁਕਨਾ ਨਹੀਂ ਹੈ।......ਦੀਜ਼ ਲਿਟਲ ਤਿਸ਼ ਐਂਡ ਕਿਨ ਆਰ ਅਵਰ ਫਿਊਚਰ ਹੋਪਸ!" ਪ੍ਰੋ: ਚੈਟਰਜੀ ਨੇ ਪਿਆਰ ਨਾਲ ਦੋਵਾਂ ਦਾ ਸਿਰ ਪਲੋਸਦੇ ਕਿਹਾ ਤਾਂ ਸਾਰਿਆਂ ਦੀਆਂ ਨਜ਼ਰਾਂ ਨੰਨ੍ਹੇ ਮੁੰਨ੍ਹੇ ਬੱਚਿਆਂ ਤੇ ਟਿਕ ਗਈਆਂ। **(ਸਮਾਪਤ)**

ਗੁਰਚਰਨ ਕੌਰ ਥਿੰਦ ਲੇਖਕ, ਸੋਸ਼ਲ ਐਕਟਵਿਸਟ ਅਤੇ ਰਿਟਾਇਰਡ ਅਧਿਆਪਕ ਹੈ। ਉਸਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਿਹ, ਚਾਰ ਨਾਵਲ (ਦੋ ਸਾਇੰਸ ਫਿਕਸ਼ਨ) ਦੋ ਲੇਖ-ਸੰਗ੍ਰਿਹ ਅਤੇ ਇੱਕ ਸਫ਼ਰਨਾਮਾ ਛੱਪ ਚੁੱਕਾ ਹੈ। ਇੱਕ ਹਿੰਦੀ ਵਿੱਚ ਅਨੁਵਾਦਤ ਕਹਾਣੀ ਸੰਗ੍ਰਿਹ ਅਤੇ ਇੱਕ ਨਾਵਲ ਅੰਗਰੇਜ਼ੀ ਵਿੱਚ ਛਪਿਆ ਹੈ। ਉਹ ਪਿੰਡ ਚੁਹਾਨ, ਜ਼ਿਲਾ ਅੰਮ੍ਰਿਤਸਰ ਤੋਂ ਹਨ ਤੇ ਅੱਜ-ਕੱਲ ਕੈਲਗਰੀ, ਕੈਨੇਡਾ ਵਿੱਚ ਰਹਿੰਦੇ ਹਨ।






ਜੁਗਨੀ ਪੁੱਜੀ ਤਾਰਿਆਂ ਪਾਰ!

ਉੱਥੇ ਬੜੇ ਬੜੇ ਸੰਸਾਰ।

ਜੁਗਨੂੰ ਦਿਖਦੇ ਡਾਰੋ ਡਾਰ!

ਵੀਰ ਮੇਰਿਆ ਵੇ ਜੁਗਨੀ ਕਹਿੰਦੀ ਆ।

ਉਹ ਸੁਪਨੇ ਦੇ ਵਿੱਚ ਰਹਿੰਦੀ ਆ!

ਰੌਬਰਟ ਸਿੰਘ ਨੂੰ ਇਹ ਇੱਕ ਸੁਪਨਾ ਹੀ ਤਾਂ ਲੱਗ ਰਿਹਾ ਸੀ! ਉਸਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਉਹ ਆਪਣੀ ਜਨਮ-ਭੂਮੀ ਪ੍ਰਿਥਵੀ ਤੋਂ ਚਾਰ ਪ੍ਰਕਾਸ਼ ਵਰ੍ਹੇ ਦੂਰ ਪਹੁੰਚ ਗਏ ਸਨ। ਉਹ ਇੰਨੇ ਮਸਰੂਫ਼ ਸਨ ਕਿ ਉਸਨੂੰ ਕੀ, ਕਿਸੇ ਵੀ ਕਰੂ ਮੈਂਬਰ ਨੂੰ ਆਰਾਮ ਨਾਲ਼ ਬੈਠ ਕੇ ਸੋਚਣ ਦਾ ਵਕਤ ਨਹੀਂ ਮਿਲ਼ ਰਿਹਾ ਸੀ। ਪਰ ਅੱਜ ਗੰਧਰਵ ਗ੍ਰਹਿ 'ਤੇ ਮਨੁੱਖਤਾ ਦੇ ਪੈਰ ਵੇਖ ਕੇ ਉਹ ਸੋਚਣ ਲਈ ਮਜ਼ਬੂਰ ਹੋ ਗਿਆ ਸੀ। ਬ੍ਰਹਿਮੰਡ, ਸਿਤਾਰੇ, ਗ੍ਰਹਿ, ਉਪਗ੍ਰਹਿ, ਆਕਾਸ਼ੀ ਪਿੰਡ ਤੇ ਜ਼ਿੰਦਗੀ, ਇਹ ਸਭ ਕੁੱਝ ਕਿੰਨਾ ਅਦਭੁੱਤ ਸੀ! ਉਸਨੂੰ ਬਚਪਨ ਵਿੱਚ ਸੁਣਿਆ ਪੰਜਾਬੀ ਲੋਕ ਗੀਤ 'ਜੁਗਨੀ' ਯਾਦ ਆ ਰਿਹਾ ਸੀ। ਕਿਵੇਂ 'ਜੁਗਨੀ' ਜਾਂ 'ਜ਼ਿੰਦਗੀ (ਜੀਵਨ ਜੋਤ)' ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਘੁੰਮਦੀ ਹੋਈ ਹੈਰਾਨੀ ਨਾਲ਼ ਆਪਣਾ ਅਨੁਭਵ ਬਿਆਨ ਕਰਦੀ ਹੈ! ਤੇ ਜੇ ਜੁਗਨੀ ਹੁਣ ਇੱਥੇ ਸਿਤਾਰਿਆਂ ਤੋਂ ਪਾਰ ਪਹੁੰਚ ਗਈ ਹੈ ਤਾਂ ਉਹ ਉਸ ਅਨੁਭਵ ਨੂੰ ਕਿਵੇਂ ਪੇਸ਼ ਕਰੇਗੀ? ਪਰ ਇੱਥੇ ਤਾਂ ਜੁਗਨੀ ਨਹੀਂ ਜੁਗਨੂੰ ਹਨ, ਇਕੱਲੇ ਤੇ ਇੱਕਲੇ ਜੁਗਨੂੰ - ਕੋਈ ਹੋਰ ਜੀਵ ਜੰਤੂ ਨਹੀਂ ਦਿਖ ਰਿਹਾ, ਹਾਂ ਅਦਿੱਖ ਜਿਵਾਣੂ ਜ਼ਰੂਰ ਹੋ ਸਕਦੇ ਹਨ - ਕੋਈ ਬੈਕਟੀਰੀਆ ਜਾਂ ਵਾਇਰਸ ਇੱਥੇ ਜ਼ਰੂਰ ਹੋਏਗਾ। ਇਸ ਕਰਕੇ ਉਹ ਤੇ ਉਸਦੇ ਸਾਥੀ ਬਹੁਤ ਧਿਆਨ ਨਾਲ਼ ਆਪਣਾ ਹਰ ਕਦਮ ਰੱਖ ਰਹੇ ਸਨ। ਅਜੇ ਤੱਕ ਉਸਦੇ ਸਾਥੀ ਵਿਗਿਆਨਕਾਂ ਨੂੰ ਕੋਈ ਵੀ ਬੈਕਟੀਰੀਆ ਜਾਂ ਵਾਇਰਸ ਨਹੀਂ ਸੀ ਮਿਲਿਆ, ਪਰ ਉਹ ਹੈਰਾਨ ਸਨ ਕਿ ਜੇ ਇੱਥੇ ਗੁੰਝਲਦਾਰ ਜੀਵ-ਜੰਤੂ ਜੁਗਨੂੰ ਤੇ ਕਾਈ ਹੋ ਸਕਦੇ ਹਨ, ਤਾਂ ਬੈਕਟੀਰੀਆ ਜਾਂ ਵਾਇਰਸ ਕਿਵੇਂ ਨਹੀਂ ਹੋ ਸਕਦਾ। ਹਾਂ ਬਾਕੀ ਦੀ ਬਨਸਪਤੀ ਤੇ ਦਰਖਤ ਜਾਂ ਜੀਵ-ਜੰਤੂਆਂ ਦਾ ਨਿਸ਼ਾਨ ਹੋ ਸਕਦਾ ਹੈ ਕਿਸੇ ਕਾਰਣ ਕਰਕੇ ਮਿਟ ਚੁੱਕਿਆ ਹੋਵੇ। ਪਰ ਬੈਕਟੀਰੀਆ ਤੇ ਵਾਇਰਸ ਜ਼ਰੂਰ ਹੋਵੇਗਾ ਤੇ ਉਸਤੋਂ ਬਚ ਕੇ ਰਹਿਣਾ ਪਵੇਗਾ। ਕਿਉਂਕਿ ਜੇ ਕਿਸੇ ਇੱਕ ਵੀ ਵਿਅਕਤੀ ਨੂੰ ਕੋਈ ਛੂਤ ਦੀ ਬਿਮਾਰੀ ਲੱਗ ਗਈ ਤਾਂ ਉਹ ਜਲਦੀ ਹੀ ਦੂਜਿਆਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਵੇਗੀ।

ਇਸ ਕਰਕੇ ਉਹ ਸਾਰੀਆਂ ਸਾਵਧਾਨੀਆਂ ਤੇ ਸਫ਼ਾਈ ਦੇ ਨਿਯਮਾਂ ਦਾ ਪਾਲਣ ਕਰ ਰਹੇ ਸਨ।

ਰੌਬਰਟ ਨੂੰ ਅਚਾਨਕ ਉੱਪਰ 'ਕਲਪਨਾ' ਵਿੱਚ ਬੈਠੀ ਰੀਨਾ ਦੀ ਯਾਦ ਆ ਗਈ। ਉਸਦਾ ਨੂਰੀ ਚਿਹਰਾ ਤੇ ਉਸਦੇ ਸ਼ਹਿਦ ਵਰਗੇ ਮਿੱਠੇ ਬੋਲ! ਉਸਦਾ ਦਿਲ ਕੀਤਾ ਕਿ ਉਹ ਹੁਣੇ ਹੀ ਰੀਨਾ ਨਾਲ਼ ਗੱਲ ਕਰੇ ਪਰ ਤਦੇ ਉੱਥੇ ਸਾਇਰਾ ਉਸਨੂੰ ਮਿਲਣ ਆ ਗਈ।

ਸਾਇਰਾ ਫੈਨ, ਜੋ ਕਿ ਡਾਕਟਰ ਸੀ, ਪਰ ਉਹ ਬਨਸਪਤੀ ਤੇ ਜੀਵ ਵਿਗਿਆਨ ਦੀ ਵੀ ਮਾਹਿਰ ਸੀ। ਉਹ ਕਾਈ, ਜੁਗਨੂੰਆਂ ਤੇ ਹੋਰ ਸੰਭਾਵੀ ਜੀਵਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੀ ਸੀ। ਰੌਬਰਟ ਨੇ ਉਸਦੇ ਨਾਲ਼ ਉਸਦੇ ਹੁਣ ਤੱਕ ਦੇ ਅਨੁਭਵਾਂ ਬਾਰੇ ਪੁੱਛਿਆ।

'ਸਾਨੂੰ ਧਰਤੀ 'ਤੇ ਵੀ ਕਾਈ ਤੇ ਉੱਲੀ ਤੋਂ ਬਹੁਤ ਡਰ ਲਗਦਾ ਹੈ, ਤੇ ਇੱਥੇ ਵੀ ਇਹ ਦੇਖ ਕੇ ਕਿ ਇਹ ਸਾਰੇ ਗ੍ਰਹਿ ਤੇ ਫੈਲੀ ਹੋਈ ਹੈ, ਅਜੀਬ ਜਿਹਾ ਲਗਦਾ ਹੈ। ਦਰਅਸਲ ਕਾਈ ਮਰ ਚੁੱਕੇ ਜੀਵਾਂ, ਬਨਸਪਤੀ ਨੂੰ ਸਾੜ ਕੇ ਜਾਂ ਗਾਲ ਕੇ ਮਿੱਟੀ ਵਿੱਚ ਮਿਲਾਉਂਦੀ ਹੈ। ਇਸ ਕਰਕੇ ਲਗਦਾ ਹੈ, ਇੱਥੇ ਇਹ ਸਭ ਜਗ੍ਹਾ 'ਤੇ ਹੈ। ਦੂਜਾ ਇਹ ਗਰਮੀ ਤੇ ਨਮੀ ਕਰਕੇ ਵੀ ਵਧ-ਫੁਲ ਰਹੀ ਹੈ। ਜੁਗਨੂੰ ਤੇ ਕਾਈ ਇੱਕ ਦੂਜੇ ਤੇ ਨਿਰਭਰ ਕਰਦੇ ਹਨ। ਜ਼ਮੀਨ ਦੇ ਵਿੱਚ ਜ਼ਰੂਰ ਹੀ ਕਾਈ ਦੇ ਵਾਸਤੇ ਹੋਰ ਭੋਜਨ ਵੀ ਹੋਵੇਗਾ। ਕਾਈ ਜਾਨਵਰਾਂ ਤੇ ਬਨਸਪਤੀ ਤੋਂ ਅੱਲਗ ਹੈ, ਦਰਅਸਲ ਇਹ ਉਹਨਾਂ ਦੋਵਾਂ ਦੇ ਵਿਚਕਾਰ ਹੈ - ਨਾਂ ਹੀ ਜੀਵ ਤੇ ਨਾਂ ਹੀ ਬਨਸਪਤੀ, ਇੱਕ ਅਲੱਗ ਵਰਗ ਅਤੇ ਜੀਵਾਂ ਤੇ ਬਨਸਪਤੀ ਦੇ ਵਿਚਕਾਰ ਇਕ ਕੜੀ! ਤੇ ਇਸ ਕਾਈ ਦਾ ਜਾਲ਼ ਜਿੰਨਾ ਉੱਪਰ ਹੈ, ਉਸਤੋਂ ਦੁੱਗਣਾ ਜ਼ਮੀਨ ਦੇ ਹੇਠਾਂ ਹੈ। ਪ੍ਰਿਥਵੀ ਤੇ ਤਾਂ ਕਾਈ ਦਾ ਜ਼ਮੀਨ ਹੇਠਲਾ ਜਾਲ਼ ਰੁੱਖਾਂ ਨੂੰ ਇੱਕ ਦੂਜੇ ਨਾਲ਼ ਜੋੜਦਾ ਹੈ। ਪਰ ਇੱਥੇ ਇੱਹ ਆਪਸ ਵਿੱਚ ਅੱਲਗ-ਅੱਲਗ ਕਿਸਮ ਦੀ ਕਾਈ ਨੂੰ ਹੀ ਜੋੜਦਾ ਹੈ। ਤੇ ਪ੍ਰਿਥਵੀ 'ਤੇ ਤਾਂ ਬਹੁਤ ਅੱਲਗ ਤੇ ਜ਼ਿਆਦਾ ਗੁੰਝਲਦਾਰ ਹੈ!'

'ਤੇ ਇਹ ਜੁਗਨੂੰ?' ਰੌਬਰਟ ਨੇ ਪੁੱਛਿਆ।

'ਇਹ ਪ੍ਰਿਥਵੀ ਦੇ ਜੁਗਨੂੰਆਂ ਤੋਂ ਥੋੜੇ ਅੱਲਗ ਹਨ, ਇਹ ਗਰਮ ਵਾਤਾਵਰਣ ਵਿੱਚ ਪ੍ਰਫੁੱਲਿਤ ਹੋ ਰਹੇ ਹਨ ਤੇ ਕਾਈ 'ਤੇ ਭੋਜਨ ਲਈ ਨਿਰਭਰ ਕਰਦੇ ਹਨ, ਤੇ ਕਾਈ ਇਹਨਾਂ 'ਤੇ! ਇੱਥੇ ਕਿਉਂਕਿ ਕੋਈ ਹੋਰ ਜੀਵ-ਜੰਤੂ ਨਹੀਂ ਹਨ, ਇਸ ਕਰਕੇ ਅਸੀਂ ਚਾਰੇ ਪਾਸੇ ਜੁਗਨੂੰਆਂ ਨੂੰ ਵੇਖ ਸਕਦੇ ਹਾਂ।'

'ਇਹ ਬੜੀ ਹੈਰਾਨੀ ਵਾਲ਼ੀ ਗੱਲ ਹੈ ਕਿ ਇੱਥੇ ਕੋਈ ਹੋਰ ਜੀਵ-ਜੰਤੂ ਨਹੀਂ ਹਨ। ...'

'ਹਾਂ, ਸੱਚਮੁੱਚ, ਲਗਦਾ ਹੈ ਜੀਵ-ਜੰਤੂ, ਬਨਸਪਤੀ ਸਭ ਖਤਮ ਹੋ ਗਈ! ਪਰ ਫਿਰ ਵੀ ਮੈਨੂੰ ਲਗਦਾ ਹੈ, ਹੋਰ ਜੀਵ-ਜੰਤੂ ਜ਼ਰੂਰ ਹੋਣਗੇ, ਪਰ ਸਾਨੂੰ ਦਿਖ ਨਹੀਂ ਰਹੇ!'

'ਕੀ ਤੈਨੂੰ ਕੋਈ ਬੈਕਟੀਰੀਆ ਜਾਂ ਵਾਇਰਸ ਦਿਖਿਆ?'

'ਨਹੀਂ, ਅਜੇ ਤੱਕ ਤਾਂ ਨਹੀਂ, ਪਰ ਕੋਸ਼ਿਸ ਜਾਰੀ ਹੈ। ...'

'ਕੀ ਅਸੀਂ ਇਸ ਕਾਈ ਵਿੱਚੋਂ ਪੌਸ਼ਟਿਕ ਤੱਤ ਕੱਢ ਸਕਦੇ ਹਾਂ?'

'ਇਸਦੇ ਬਾਰੇ ਵਿੱਚ ਸੋਚਣਾ ਤੇ ਵਿਚਾਰਨਾ ਪਵੇਗਾ। ਜੇ ਅਸੀਂ ਇਹ ਧਰਤੀ, ਇਹ ਜ਼ਮੀਨ ਰਹਿਣ ਵਾਸਤੇ ਤਿਆਰ ਕਰਨੀ ਹੈ ਤਾਂ ਸਾਨੂੰ ਕਾਈ ਵਿੱਚੋਂ ਪੌਸ਼ਟਿਕ ਤੱਤ ਜਾਂ ਖਾਣ ਵਾਲ਼ੀ ਕਾਈ ਲੱਭਣ ਲਈ ਤਕਨੀਕ ਵਿਕਸਿਤ ਕਰਨੀ ਪਵੇਗੀ। ਪਰ ਅਜੇ ਤਾਂ ਇਸਨੂੰ ਅਸੀਂ ਸਿਰਫ਼ ਵਿਕਿਰਨਾਂ ਤੋਂ ਸੁਰੱਖਿਆ ਲਈ ਹੀ ਵਰਤ ਸਕਦੇ ਹਾਂ।'

'ਇਹ ਗ੍ਰਹਿ ਸਾਨੂੰ ਇੱਥੇ ਰਹਿਣ ਵਾਲ਼ਾ ਤਾਂ ਨਹੀਂ ਲੱਗ ਰਿਹਾ!' ਰੌਬਰਟ ਨੇ ਮਯੂਸੀ ਨਾਲ਼ ਆਖਿਆ।

'ਹਾਂ, ਇਹ ਸੱਚ ਹੈ। ਪਰ ਅਜੇ ਅਸੀਂ ਇਸਦੇ ਧਰੁਵੀ ਖੇਤਰ ਤੇ ਹੋਰ ਥਾਵਾਂ ਨਹੀਂ ਦੇਖੀਆਂ। ਸਾਨੂੰ ਇਹ ਨਹੀਂ ਪਤਾ ਲੱਗਿਆ ਕਿ ਜੇ ਇੱਥੇ ਪਹਿਲਾਂ ਬੁੱਧੀਮਾਨ ਜੀਵਨ ਦੀ ਹੋਂਦ ਸੀ ਤਾਂ ਉਸਦਾ ਕੀ ਬਣਿਆ? ਉਹ ਵਿਲੁਪਤ ਕਿਓਂ ਤੇ ਕਿਵੇਂ ਹੋ ਗਿਆ?'

'ਇੱਥੇ ਹੋਰ ਕੀ ਕੀ ਥਾਵਾਂ ਹਨ?'

'ਸਮੁੰਦਰ ਤੋਂ ਇਲਾਵਾ, ਪ੍ਰਿਥਵੀ ਵਾਂਗ ਹੀ ਇੱਥੇ ਦਰਿਆ ਵੀ ਹਨ। ਜੋ ਕਿ ਕੁਦਰਤੀ ਰਸਤੇ ਹਨ ਤੇ ਸਮੁੰਦਰ ਤੱਕ ਜਾਂਦੇ ਹਨ। ਛੋਟੇ ਤਾਲ ਤੇ ਝੀਲਾਂ ਵੀ ਹਨ, ਜੋ ਕਿ ਮੀਂਹ ਦੇ ਪਾਣੀ ਨੂੰ ਇਕੱਠਾ ਕਰਦੇ ਹਨ।'

ਰੌਬਰਟ ਸਾਇਰਾ ਨਾਲ਼ ਗੱਲਬਾਤ ਕਰਕੇ ਵਾਪਿਸ ਆਇਆ ਤਾਂ ਡਾ: ਚੰਦਰ ਨੂੰ ਵੀ ਮਿਲਣ ਚਲਾ ਗਿਆ। ਚੰਦਰ ਵੀ ਗੰਧਰਵ ਗ੍ਰਹਿ ਦਾ ਸਰਵੇਖਣ ਕਰ ਰਿਹਾ ਸੀ, ਪਰ ਉਸਦਾ ਫੋਕਸ ਗ੍ਰਹਿ ਦੇ ਦੋ ਸੂਰਜਾਂ ਤੇ ਚੰਦਰਮਾ ਦੇ ਪ੍ਰਭਾਵਾਂ 'ਤੇ ਸੀ।

'ਗੰਧਰਵ ਗ੍ਰਹਿ ਇੱਕ ਰਹਸਮਈ ਤੇ ਗੁੰਝਲਦਾਰ ਸਿਸਟਮ ਹੈ। ਇੱਥੇ ਘਟਨਾਵਾਂ ਅਚਨਚੇਤ ਘਟਦੀਆਂ ਹਨ, ਸੂਰਜੀ ਚਮਕਾਂ ਦੀ ਗਤੀਵਿਧੀ ਜੋ ਕਿ ਅਕਸਰ ਹੀ ਤੇਜ਼ ਹੋ ਜਾਂਦੀ ਹੈ, ਜਿਸ ਕਰਕੇ ਗ੍ਰਹਿ ਦਾ ਤਾਪਮਾਨ ਵੱਧ ਸਕਦਾ ਹੈ। ਉਸ ਨਾਲ਼ ਹੋਰ ਖਤਰਨਾਕ ਤੂਫ਼ਾਨ ਆ ਸਕਦੇ ਹਨ। ਪਰ ਜੇ ਸੂਰਜੀ ਚਮਕ ਬਹੁਤ ਜ਼ਿਆਦਾ ਹੋ ਜਾਵੇ ਤਾਂ ਪੂਰੇ ਗ੍ਰਹਿ ਦਾ ਤਾਪਮਾਨ ਵੱਧ ਸਕਦਾ ਹੈ ਤੇ ਪਰਲੋਂ ਲਿਆ ਸਕਦਾ ਹੈ। ਤੇ ਇੱਥੇ ਪ੍ਰਿਥਵੀ ਵਾਂਗ ਅੱਲਗ-ਅੱਲਗ ਮੌਸਮ ਨਹੀਂ ਹਨ, ਜਿਸ ਦਾ ਕਾਰਨ ਇਸਦੀ ਧੁਰੀ ਦਾ ਘੱਟ ਟੇਢਾ ਹੋਣਾ ਹੈ।'

'ਹਾਂ ਦੋ ਸੂਰਜ ਹੋਣ ਕਰਕੇ ਉਹਨਾਂ ਦੀ ਚਮਕ ਹੋਰ ਵੀ ਵੱਧ ਪ੍ਰਭਾਵ ਪਾਉਂਦੀ ਹੋਵੇਗੀ। ਤੇ ਇਸਦੇ ਦੋ ਚੰਦਰਮਾ ਕੀ ਪ੍ਰਭਾਵ ਪਾਉਂਦੇ ਹਨ?'

'ਇਸਦੇ ਦੋ ਚੰਦਰਮਾ ਇੱਕਲੇ ਇੰਨਾ ਪ੍ਰਭਾਵ ਨਹੀਂ ਪਾਉਂਦੇ, ਪਰ ਜਦੋਂ ਉਹ ਮਿਲ਼ ਜਾਂਦੇ ਹਨ ਤਾਂ ਇੱਥੋਂ ਦੇ ਜਵ੍ਹਾਰਭਾਟੇ ਪ੍ਰਿਥਵੀ ਤੋਂ ਜ਼ਿਆਦਾ ਉੱਚੇ ਹੁੰਦੇ ਹਨ।'

'ਵਾਹ, ਇਹ ਗ੍ਰਹਿ ਪ੍ਰਿਥਵੀ ਵਰਗਾ ਵੀ ਹੈ ਤੇ ਉਸਤੋਂ ਕਿੰਨਾ ਅੱਲਗ ਵੀ ਹੈ। ਇੱਥੋਂ ਦੇ ਧਰੁਵੀ ਖੇਤਰ ਕਿਸ ਤਰ੍ਹਾਂ ਦੇ ਹਨ?'

'ਜ਼ਿਆਦਾ ਸੂਰਜੀ ਤਪਿਸ਼ ਕਰਕੇ ਇਥੋਂ ਦੇ ਧਰੁਵੀ ਖੇਤਰਾਂ ਤੇ ਬਰਫ ਬਹੁਤ ਘੱਟ ਹੈ। ਪ੍ਰਿਥਵੀ ਵਾਂਗ ਇਹ ਗ੍ਰਹਿ ਵੀ ਆਲਮੀ ਤਪਿਸ਼ ਦਾ ਸ਼ਿਕਾਰ ਹੈ, ਜਿਸਦੇ ਪ੍ਰਭਾਵ ਉਵੇਂ ਦੇ ਹੀ ਹਨ, ਜਿਵੇਂ ਕਿ ਲਗਾਤਾਰ ਭਿਆਨਕ ਤੂਫ਼ਾਨ ਆਉਣੇ, ਮੀਂਹ ਪੈਣਾ, ਕਿਤੇ ਬਹੁਤ ਗਰਮੀ ਤੇ ਕਿਤੇ ਬਹੁਤੀ ਠੰਡ ਆਦਿ। ਪਰ ਉਸਦਾ ਕਾਰਨ ਪ੍ਰਿਥਵੀ ਤੋਂ ਬਿਲਕੁਲ ਅੱਲਗ ਹੈ। ਹੋ ਸਕਦਾ ਹੈ, ਇਸ ਕਰਕੇ ਹੀ ਇੱਥੇ ਜੀਵਨ ਨਸ਼ਟ ਹੋ ਗਿਆ ਹੋਵੇ ਤੇ ਸਿਰਫ਼ ਕਾਈ ਤੇ ਜੁਗਨੂੰ ਹੀ ਰਹਿ ਗਏ ਹੋਣ। ਹਾਲਾਂਕਿ ਅਸੀਂ ਅਜੇ ਗ੍ਰਹਿ ਦੀ ਪੂਰੀ ਛਾਣਬੀਣ ਨਹੀਂ ਕੀਤੀ, ਹੋ ਸਕਦਾ ਹੈ ਇੱਥੇ ਹੋਰ ਜੀਵ-ਜੰਤੂ ਵੀ ਹੋਣ। ਪਰ ਉਸਦੇ ਅਸਾਰ ਬਹੁਤ ਘੱਟ ਲਗਦੇ ਹਨ।'

'ਥੌਮਸ ਨੂੰ ਹੋਰ ਬਹੁਤ ਸਲੇਟਾਂ ਮਿਲੀਆਂ ਹਨ, ਹੋ ਸਕਦਾ ਹੈ ਉਹਨਾਂ ਤੋਂ ਕੋਈ ਸੁਰਾਗ ਮਿਲੇ। 'ਕਲਪਨਾ' ਦੇ ਸੁਪਰ-ਕੰਪਿਊਟਰ ਤੇ ਵਿਗਿਆਨਕ ਲਗਾਤਾਰ ਉਹਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਇੱਥੋਂ ਦਾ ਰਸ਼ੀਦ ਪੱਥਰ (Rosetta Stone) ਹੋ ਸਕਦਾ ਹੈ, ਜੋ ਕਿ ਪ੍ਰਾਚੀਨ ਮਿਸਰ ਦੇ ਵਿੱਚ ਲੱਭਿਆ ਗਿਆ ਸੀ। ਉਹ ਸਕਦਾ ਇਹ ਇੱਥੋਂ ਦੀ ਪ੍ਰਾਚੀਨ ਸੱਭਿਅਤਾ ਦਾ ਅੰਸ਼ ਹੋਵੇ।'

'ਹਾਂ, ਇੱਕ ਵਾਰ ਸਲੇਟਾਂ ਤੇ ਲਿਖੀ ਲਿਖਾਈ ਸਮਝ ਆ ਗਈ ਤਾਂ ਕਾਫ਼ੀ ਕੁੱਝ ਪਤਾ ਲੱਗ ਸਕਦਾ ਹੈ।'

'ਸਾਨੂੰ, ਥੌਮਸ ਨਾਲ਼ ਸੰਪਰਕ ਕਰਕੇ ਖਣਿਜ ਪਦਾਰਥ ਦੇਖਣ 'ਤੇ ਸੰਭਾਵਿਤ ਤੌਰ ਤੇ ਉਹਨਾਂ ਨੂੰ ਕੱਢਣ ਲਈ ਖਾਣ ਦੀ ਖੁਦਾਈ ਵੀ ਕਰਨ ਬਾਰੇ ਸੋਚਣਾ ਹੈ।' ਰੌਬਰਟ ਨੇ ਆਖਿਆ।

'ਹਾਂ, ਪਹਿਲਾਂ ਉਸਨੂੰ ਸਲੇਟਾਂ ਲੱਭਣ 'ਤੋਂ ਵਿਹਲ ਤਾਂ ਮਿਲ਼ੇ!' ਚੰਦਰ ਨੇ ਵਿਅੰਗ ਕੱਸਦਿਆਂ ਕਿਹਾ।

ਉਸੇ ਵੇਲੇ ਰੌਬਰਟ ਦਾ ਫ਼ੋਨ ਵੱਜਿਆ ਤੇ ਦੂਜੇ ਪਾਸੇ ਥੌਮਸ ਹੀ ਸੀ।

'ਸਾਡਾ ਕੰਮ ਤਕਰੀਬਨ ਇੱਥੇ ਖਤਮ ਹੋ ਚੁੱਕਾ ਹੈ। ਅਸੀਂ ਹੋਰ ਸਲੇਟਾਂ ਨਹੀਂ ਲੱਭ ਰਹੇ। ਸਲੇਟਾਂ ਨੂੰ ਵੇਖਣ ਤੇ ਇਹ ਲੱਗ ਰਿਹਾ ਕਿ ਉਹਨਾਂ ਸਭ ਤੇ ਇੱਕੋ-ਜਿਹੀ ਇਬਾਰਤ ਜਾਂ ਸੰਕੇਤ ਹਨ!'

'ਠੀਕ ਹੈ, ਤੁਸੀਂ ਵਾਪਿਸ ਆ ਜਾਵੋ। ਹੁਣ ਅਸੀਂ ਖੁਦਾਈ ਬਾਰੇ ਸੋਚਦੇ ਹਾਂ।'

'ਠੀਕ ਹੈ!' ਥੌਮਸ ਨੇ ਜਵਾਬ ਦਿੱਤਾ।

'ਸਾਨੂੰ ਜੋ ਵੀ ਕੰਮ ਕਰਨਾ ਹੈ, ਉਹ ਜਲਦੀ ਤੋਂ ਜਲਦੀ ਕਰਨਾ ਚਾਹੀਦਾ ਹੈ।' ਚੰਦਰ ਨੇ ਸੁਝਾਅ ਦਿੱਤਾ - 'ਪਤਾ ਨਹੀਂ ਕਿਹੜੇ ਵੇਲੇ ਤੂਫ਼ਾਨ ਆ ਜਾਣ?'

'ਹਾਂ, ਸਹੀ ਹੈ!' ਰੌਬਰਟ ਨੇ ਹਾਮੀ ਭਰੀ।

### ਖੁਦਾਈ

ਮਨੁੱਖੀ ਜਾਤ ਜਦੋਂ ਸੋਚਦੀ ਹੈ ਤਾਂ ਕੁੱਝ ਵੱਡਾ ਹੀ ਸੋਚਦੀ ਹੈ। ਉਹਨਾਂ ਨੇ ਸੋਚਿਆ ਕਿ ਪ੍ਰਥਮ ਕਿੰਨਰ ਤੱਕ ਜਾਣ ਵਾਲ਼ਾ ਮਿਸ਼ਨ ਜੇ ਆਪਣੇ ਨਾਲ਼ ਵਾਪਿਸ ਉੱਥੋਂ ਦੀ ਮਿੱਟੀ, ਖਣਿਜ ਪਦਾਰਥਾਂ ਦੇ ਨਮੂਨੇ ਤੇ ਇਸ ਤਰ੍ਹਾਂ ਦੇ ਖਣਿਜ ਪਦਾਰਥ ਜੋ ਧਰਤੀ ਤੇ ਦੁਰਲੱਭ ਹਨ ਜਾਂ ਮਨੁੱਖੀ ਵਰਤੋਂ ਕਰਕੇ ਖਤਮ ਹੋ ਰਹੇ ਹਨ, ਵੀ ਲਿਆਂਦੇ ਜਾਣ, ਜੋ ਵਿਗਿਆਨਕ ਖੋਜ ਤੇ ਵਪਾਰ ਲਈ ਵਰਤੇ ਜਾ ਸਕਦੇ ਹਨ। ਤਾਂ ਜੋ ਭਵਿੱਖ ਦੇ ਮਿਸ਼ਨਾਂ ਨੂੰ ਫ਼ਾਇਦਾ ਹੋ ਸਕੇ। ਅੰਤਰਿਕਸ਼ ਖੋਜ ਤੋਂ ਬਾਅਦ ਖਣਿਜ ਪਦਾਰਥਾਂ ਦੀ ਖੁਦਾਈ ਹੀ ਅਗਲੀ ਮੰਜ਼ਿਲ ਹੈ। ਜਿੱਥੇ ਵੀ ਮਨੁੱਖ ਨੇ ਆਪਣੇ ਮਿਸ਼ਨ ਭੇਜੇ, ਉੱਥੇ ਖੁਦਾਈ ਦਾ ਪ੍ਰਬੰਧ ਜ਼ਰੂਰ ਕੀਤਾ ਤੇ ਹੌਲ਼ੀ ਹੌਲ਼ੀ ਅੰਤਰਿਕਸ਼ ਵਿੱਚ ਖਣਿਜ ਪਦਾਰਥਾਂ ਦੀ ਖੁਦਾਈ ਦਾ ਇੱਕ ਵੱਡਾ ਵਪਾਰ ਬਣ ਗਿਆ। ਤੇ ਜਦੋਂ 'ਕਲਪਨਾ' ਯਾਨ ਨੂੰ ਤਿਆਰ ਕੀਤਾ ਗਿਆ ਤਾਂ ਉਸ ਵਿੱਚ ਪ੍ਰਿਥਵੀ ਦੀ ਸਭ ਤੋਂ ਵੱਡੀ ਅੰਤਰਿਕਸ਼ ਖੁਦਾਈ ਕੰਪਨੀ ਦੀ ਜਗ੍ਹਾ, ਮਸ਼ੀਨਾਂ ਤੇ ਸਮਾਨ ਰੱਖੇ ਗਏ। ਖੁਦਾਈ ਕੰਪਨੀ ਦੇ ਕੁੱਝ ਵਿਗਿਆਨਕ, ਇੰਜਨੀਅਰ ਤੇ ਬਹੁਤ ਸਾਰੇ ਖੁਦਾਈ ਨੂੰ ਸਮਰਪਿਤ ਰੋਬੋਟ ਵੀ ਭੇਜੇ ਗਏ, ਤਾਂ ਜੋ ਆਪਣੀ ਸਪੈਸ਼ਲ਼ ਕਾਬਲੀਅਤ ਨਾਲ. ਖੁਦਾਈ ਦਾ ਕੰਮ ਚੰਗੀ ਤਰ੍ਹਾਂ ਨੇਪਰੇ ਚਾੜ੍ਹ ਸਕਣ।

ਅੰਤਰਿਕਸ਼ ਦੀਆਂ ਜ਼ਿਆਦਾਤਰ ਵਸਤੂਆਂ ਉਹਨਾਂ ਖਣਿਜ ਪਦਾਰਥਾਂ ਤੇ ਧਾਤਾਂ ਤੋਂ ਹੀ ਬਣੀਆਂ ਹਨ, ਜਿਨ੍ਹਾਂ ਤੋਂ ਅੱਜ ਤੋਂ 2.5 ਖਰਬ ਵਰ੍ਹੇ ਪਹਿਲਾਂ ਪ੍ਰਿਥਵੀ ਬਣੀ ਸੀ। ਇਸ ਕਰਕੇ ਉਹ ਖਣਿਜ ਪਦਾਰਥ ਮਨੁੱਖ ਨੂੰ ਹੋਰ ਲਾਭ ਪਹੁੰਚਾ ਸਕਦੇ ਹਨ, ਕਿਉਂਕਿ ਸਾਰੇ ਖਣਿਜ ਪਦਾਰਥ ਹਰ ਜਗ੍ਹਾ ਬਹੁਤ ਕੰਮ ਆਉਂਦੇ ਹਨ। ਹਾਈਡ੍ਰੋਜਨ, ਹੀਲੀਅਮ ਤੇ ਲਿਥੀਅਮ ਤਿੰਨ ਤੱਤ ਸਨ ਜੋ 13.8 ਖਰਾਬ ਸਾਲ ਪਹਿਲਾਂ ਵੱਡੇ-ਧਮਾਕੇ ਦੌਰਾਨ ਹੋਂਦ ਵਿੱਚ ਆਏ। ਬਾਕੀ ਦੇ ਹੋਰ ਬਹੁਤ ਖਣਿਜ ਪਦਾਰਥ ਸਿਤਾਰਿਆਂ ਦੇ

ਸੁਪਰਨੋਵਾ ਧਮਾਕਿਆਂ ਤੋਂ ਹੋਂਦ ਵਿੱਚ ਆਏ। ਸੁਪਰਨੋਵਾ ਧਮਾਕੇ ਕਈ ਖਰਬ ਡਿਗਰੀ ਸੈਲਸੀਅਸ ਤਾਪ ਪੈਦਾ ਕਰਦੇ ਹਨ, ਜੋ ਕਾਰਬਨ ਤੇ ਆਕਸੀਜਨ ਨੂੰ ਭਾਰੀ ਤੱਤਾਂ ਜਿਵੇਂ ਸੋਨਾ, ਯੂਰੇਨੀਅਮ, ਨਿੱਕਲ ਆਦਿ ਵਿੱਚ ਬਦਲਦੇ ਹਨ। ਇਹ ਭਾਰੇ ਤੱਤ ਸਿਰਫ ਸੁਪਰਨੋਵਾ ਧਮਾਕਿਆਂ ਦੌਰਾਨ ਹੀ ਬਣਦੇ ਹਨ। ਸੁਪਰਨੋਵਾ ਧਮਾਕੇ ਦੇ ਦੌਰਾਨ ਉੱਬਲਦਾ ਮਾਦਾ 15,000 ਤੋਂ 40,000 ਕਿਲੋਮੀਟਰ ਪ੍ਰਤੀ ਸਕਿੰਟ ਦੂਰ ਤੱਕ ਫੈਲਦਾ ਹੈ। ਇਹਨਾ ਧਮਾਕਿਆਂ ਤੋਂ ਹੀ ਪ੍ਰਿਥਵੀ ਤੇ ਬ੍ਰਹਿਮੰਡ ਦੇ ਬਾਕੀ ਆਕਾਸ਼ੀ ਪਿੰਡ ਬਣੇ ਹਨ। ਉਹ ਆਕਾਸ਼ੀ ਪਿੰਡ ਇੱਕ-ਦੂਜੇ ਨਾਲ਼ ਟਕਰਾਉਂਦੇ, ਹੋਰ ਆਕਾਸ਼ੀ ਪਿੰਡਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ, ਇੱਕ-ਦੂਜੇ ਨਾਲ਼ ਜੁੜਦੇ ਵੱਡੇ ਬਣਦੇ ਗਏ ਤੇ ਗ੍ਰਹਿਆਂ ਵਿੱਚ ਵਟ ਗਏ। ਖਣਿਜ ਪਦਾਰਥ ਅੰਤਰਿਕਸ਼ ਯਾਤਰੀਆਂ ਨੂੰ ਸੁਰੱਖਿਅਤ ਰੱਖਣ ਦਾ ਕੰਮ ਵੀ ਕਰਦੇ ਹਨ। ਉਹਨਾਂ ਦੇ ਹੈਲਮਟ ਦੇ ਉੱਪਰਲੇ ਹਿੱਸੇ 'ਤੇ ਸੋਨੇ ਦੀ ਪਤਲੀ ਜਿਹੀ ਪਰਤ ਉਹਨਾਂ ਨੂੰ ਖਤਰਨਾਕ ਵਿਕਿਰਨਾਂ ਤੋਂ ਬਚਾਉਂਦੀ ਹੈ। ਲਿਥੀਅਮ ਹਾਈਡ੍ਰੋਕਸਾਈਡ ਉਹਨਾਂ ਦੇ ਅੰਤਰਿਕਸ਼ ਸੂਟਾਂ ਤੋਂ ਕਾਰਬਨ ਡਾਈਆਕਸਾਈਡ ਤੇ ਪਾਣੀ ਦੇ ਤੁਪਕਿਆਂ ਨੂੰ ਫਿਲਟਰ ਕਰਨ ਦਾ ਕੰਮ ਕਰਦੀ ਹੈ। ਚਾਂਦੀ ਤੇ ਜ਼ਿੰਕ ਦੀ ਬੈਟਰੀ ਉਹਨਾਂ ਦੇ ਸੂਟਾਂ ਨੂੰ ਊਰਜਾ ਦਿੰਦੀ ਹੈ, ਤੇ ਟਾਈਟੇਨੀਅਮ ਤੇ ਸਟੀਲ ਉਹਨਾਂ ਨੂੰ ਮਜ਼ਬੂਤ ਬਣਾਉਂਦੀ ਹੈ। ਸੋਨਾ ਇਲੈਕਟ੍ਰੋਨਿਕ ਵਸਤੂਆਂ ਵਿੱਚ ਵੀ ਵਰਤੋਂ ਵਿੱਚ ਆਉਂਦਾ ਹੈ - ਉਹ ਇੰਨਾ ਨਰਮ ਹੁੰਦਾ ਹੈ ਕਿ ਦੋ-ਤਿੰਨ ਤੋਲਿਆਂ ਤੋਂ 80 ਕਿਲੋਮੀਟਰ ਲੰਬੀ ਤਾਰ ਬਣਾਈ ਜਾ ਸਕਦੀ ਹੈ, ਜੋ ਕਿ ਧੁੰਦਲੀ ਨਹੀਂ ਪੈਂਦੀ ਤੇ ਬਿਜਲੀ ਦੀ ਵਧੀਆ ਚਾਲਕ ਹੈ। ਇੱਕ ਅੰਤਰਿਕਸ਼ ਯਾਨ ਵਿੱਚ ਸੋਨੇ ਦੇ ਮੁਲੰਮ੍ਹੇ ਵਾਲ਼ੀ ਪੋਲੀਐਸਟਰ ਦੀ ਫਿਲਮ ਹੁੰਦੀ ਹੈ ਜੋ ਇਨਫਰਾਰੈੱਡ ਵਿਕਿਰਨਾਂ ਨੂੰ ਪਰਿਵਰਤਿਤ ਕਰਦੀ ਹੈ ਤੇ ਯਾਨ ਦਾ ਤਾਪਮਾਨ ਸੰਤੁਲਿਤ ਕਰਨ ਵਿੱਚ ਮਦਦ ਕਰਦੀ ਹੈ।

'ਕਲਪਨਾ' ਦੀ ਟੀਮ ਦੇ ਨਾਲ਼ ਆਈ ਹੋਈ ਖ਼ਾਸ ਖੁਦਾਈ ਦੀ ਟੀਮ ਤੇ ਰੋਬੋਟਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਉਹਨਾਂ ਦਾ ਮਕਸਦ ਸੋਨਾ, ਚਾਂਦੀ, ਟਾਈਟੇਨੀਅਮ, ਯੂਰੇਨੀਅਮ, ਲੈਂਥੇਨਮ (Lanthanum), ਨਿਓਡੀਮੀਅਮ (neodymium), ਇਟਰੀਅਮ (yttrium) ਆਦਿ ਦੁਰਲੱਭ ਪਦਾਰਥ ਲੱਭਣਾ ਸੀ। ਪਹਿਲਾਂ ਕੀਤੇ ਸਰਵੇ ਮੁਤਾਬਿਕ ਉਹਨਾਂ ਨੇ ਦੋ ਟੀਮਾਂ ਅੱਲਗ-ਅਲੱਗ ਜਗ੍ਹਾ ਤੇ ਕੰਮ ਵਿੱਚ ਲਗਾ ਦਿੱਤੀਆਂ। ਰੋਬੋਟ ਮਸ਼ੀਨਾਂ ਨੇ ਜ਼ਮੀਨ ਦੀ ਖੁਦਾਈ ਸ਼ੁਰੂ ਕਰ ਦਿੱਤੀ। ਵੈਸੇ ਤਾਂ ਉਹਨਾਂ ਨੇ ਪੂਰਾ ਧਿਆਨ ਰੱਖਿਆ ਕਿ ਗ੍ਰਹਿ ਦੀ ਬਨਸਪਤੀ ਤੇ ਜੀਵਨ (ਜਿੰਨਾ ਕੁ ਸੀ) ਨੂੰ ਨਾ ਛੇੜਿਆ ਜਾਏ। ਪਰ ਜਦੋਂ ਮਨੁੱਖ ਵੱਡੇ ਪੱਧਰ ਤੇ ਕੋਈ ਕੰਮ ਕਰਦਾ ਹੈ ਤਾਂ ਆਪਣੇ ਆਲੇ-ਦੁਆਲ਼ੇ ਦਾ ਖ਼ਿਆਲ ਨਹੀਂ ਰੱਖਦਾ! ਇਸ ਤਰ੍ਹਾਂ ਹੀ ਉੱਥੇ ਵੀ ਹੋਇਆ। ਖੁਦਾਈ ਦੇ ਦੌਰਾਨ ਗ੍ਰਹਿ ਦੀ ਕਾਈ ਵੀ ਪੁੱਟਣੀ ਸ਼ੁਰੂ ਹੋ ਗਈ। ਉਹਨਾਂ ਨੇ ਬੜੀ ਜਲਦੀ ਉਥੇ ਰੋਬੋਟਿਕ ਅਸੰਬਲੀ ਪਲਾਂਟ ਲਗਾ ਦਿੱਤਾ ਜੋ ਜ਼ਮੀਨ ਵਿੱਚੋਂ ਖੋਦੇ ਹੋਏ ਖਣਿਜ ਪਦਾਰਥਾਂ ਨੂੰ ਸਾਫ਼ ਕਰਨ ਤੇ ਢਾਲਣ ਦਾ ਕੰਮ ਕਰਨ ਲੱਗਿਆ, ਇਸ ਨਾਲ਼ ਉਹਨਾਂ ਨੂੰ ਖਣਿਜ ਪਦਾਰਥਾਂ ਦੇ ਬਾਰੇ ਵਿੱਚ ਕਾਫ਼ੀ ਜਾਣਕਾਰੀ ਮਿਲਣ ਲੱਗੀ। ਪਹਿਲਾਂ ਪਹਿਲ ਤਾਂ ਉਹਨਾਂ ਨੇ ਹੌਲ਼ੀ ਹੌਲ਼ੀ ਕੰਮ ਸ਼ੁਰੂ ਕੀਤਾ ਤੇ ਉਹਨਾਂ ਦਾ ਝਾੜ ਇੱਕਾ-ਦੁੱਕਾ ਖਣਿਜ ਪਦਾਰਥ ਹੀ ਸਨ। ਪਰ ਜਿਵੇਂ ਜਿਵੇਂ ਉਹਨਾਂ ਨੂੰ ਉੱਥੋਂ ਦੀ ਜ਼ਮੀਨ ਦੀ ਹੋਰ ਜਾਣਕਾਰੀ ਹੁੰਦੀ ਗਈ ਤਾਂ ਉਹਨਾਂ ਨੇ ਆਪਣੀ ਟੈਕਨੋਲੋਜੀ ਦਾ ਸਹੀ ਉਪਯੋਗ ਸ਼ੁਰੂ ਕਰ ਦਿੱਤਾ ਤੇ ਉਹਨਾਂ ਦਾ ਉਤਪਾਦਨ ਵਧਣ ਲੱਗਿਆ। ਉਹਨਾਂ ਨੂੰ ਸੋਨਾ, ਚਾਂਦੀ, ਲੈਂਥੇਨਮ ਆਦਿ ਦੁਰਲੱਭ ਖਣਿਜ ਪਦਾਰਥ ਮਿਲਣ ਲੱਗੇ। ਪਰ ਜਿਵੇ ਜਿਵੇਂ ਉਹ ਹੋਰ ਜ਼ਿਆਦਾ ਖਣਿਜ ਪਦਾਰਥ ਇੱਕਠੇ ਕਰਨ ਦਾ ਲਾਲਚ ਕਰਨ ਲੱਗੇ, ਤਾਂ ਉਹ ਆਪਣੇ ਆਲੇ-ਦੁਆਲ਼ੇ ਦਾ ਹੋਰ ਵੱਧ ਨੁਕਸਾਨ ਕਰਨ ਲੱਗੇ। ਤੇ ਕੁਦਰਤ ਤਾਂ ਕੁਦਰਤ ਹੀ ਹੈ, ਆਪਣਾ ਸੋਸ਼ਣ ਕਿਵੇਂ ਬਰਦਾਸ਼ਤ ਕਰ ਸਕਦੀ ਹੈ?

ਸਭ ਤੋਂ ਹੈਰਾਨਕੁੰਨ ਇੱਕ ਹੋਰ ਗੱਲ ਸੀ ਕਿ ਉਹਨਾਂ ਨੂੰ ਜ਼ਮੀਨ ਦੇ ਅੰਦਰ ਜੀਵਾਂ ਦੇ ਅਵਸ਼ੇਸ਼ ਤੇ ਜੀਵਾਸ਼ਮ (ਫ਼ਾਸਿਲਜ਼) ਮਿਲਣ ਲੱਗੇ। ਜੋ ਕਿ ਪੁਰਾਣੇ ਤੇ ਨਵੇਂ ਸਨ। ਉਹਨਾਂ ਦੇ ਦੁਆਲ਼ੇ ਕਾਈ ਜੰਮੀ ਹੋਣ ਕਰਕੇ ਇਸਦੀ ਪੁਸ਼ਟੀ ਹੋ ਰਹੀ ਸੀ ਕਿ ਸੱਚਮੁੱਚ ਉਥੇ ਪਹਿਲਾਂ ਕਦੇ ਜੀਵਨ ਸੀ ਤੇ ਕਾਈ ਅਜੇ ਵੀ ਉਹਨਾਂ ਤੋਂ ਆਪਣਾ ਭੋਜਨ ਲੈਂਦੀ ਹੈ। ਡਾ: ਥੌਮਸ ਦੇ ਅਨੁਸਾਰ ਹੋ ਸਕਦਾ ਹੈ ਕਿ ਕੋਈ ਬਹੁਤ ਵੱਡੀ ਘਟਨਾ ਕਰਕੇ ਉੱਥੇ ਜੀਵਨ ਇੱਕੋ ਦਮ ਖਤਮ ਹੋ ਗਿਆ ਤੇ ਕਾਈ ਨੇ ਆਪਣਾ ਰਾਜ ਕਾਇਮ ਕਰ ਲਿਆ। ਇਸ ਕਰਕੇ ਹੁਣ ਉੱਥੇ ਵਿਭਿੰਨ ਕਿਸਮ ਦਾ ਜੀਵਨ ਨਹੀਂ ਸੀ!

## ਰਹੱਸਮਈ ਖੰਡਰ

ਇੰਜਨੀਅਰ ਬੋਰਿਸ ਤੇ ਟੈਕਨੀਸ਼ੀਅਨ ਹੈਰੀ ਰੋਬੋਟਾਂ ਦੁਆਰਾ ਖੋਦੀ ਹੋਈ ਖਾਣ ਦੇ ਅੰਦਰ ਨਿਰੀਖਣ ਕਰਨ ਜਾ ਰਹੇ ਸਨ, ਜੋ ਕਿ ਅੱਧੀ ਜ਼ਮੀਨ ਦੇ ਅੰਦਰ ਤੇ ਅੱਧੀ ਬਾਹਰ ਸੀ। ਹਾਲੇ ਤੱਕ ਉਹਨਾਂ ਨੂੰ ਛੋਟੇ-ਵੱਡੇ ਅਨੇਕਾਂ ਅੱਲਗ-ਅੱਲਗ ਕਿਸਮ ਦੇ ਅਵਸ਼ੇਸ਼ ਤੇ ਖੰਡਰ ਮਿਲ਼ੇ ਸਨ, ਜਿਵੇਂ ਕਿ - ਸਲੇਟਾਂ, ਟੁੱਟੀ ਹੋਈ ਮਸ਼ੀਨਰੀ ਤੇ ਪੁਰਜ਼ੇ, ਕਵਚ, ਹਥਿਆਰ, ਯੰਤਰ, ਜੀਵਾਸ਼ਮ, ਹੱਡੀਆਂ, ਦੀਵਾਰਾਂ 'ਤੇ ਉੱਕਰੀ ਖੁਦਾਈ ਤੇ ਰੇਖਾ ਚਿੱਤਰ ਜੋ ਕਿ ਲੱਖਾਂ-ਕਰੋੜਾਂ ਸਾਲ ਪੁਰਾਣੇ ਸਨ, ਪਰ ਉਹ ਚੰਗੀ ਤਰ੍ਹਾਂ ਸੰਭਾਲੇ ਹੋਏ ਲੱਗ ਰਹੇ ਸਨ। ਉਹ ਸਭ ਚੀਜ਼ਾਂ ਅੱਲਗ-ਅੱਲਗ ਯੁੱਗਾਂ ਦੀਆਂ ਸਨ, ਜਿਵੇਂ ਪ੍ਰਿਥਵੀ ਤੇ ਸਨ।

'ਆਖਿਰ ਅਸੀਂ ਸਭ ਸਿਤਾਰਿਆਂ ਦੀ ਉਪਜ ਹਾਂ। ਇਸੇ ਕਰਕੇ ਇੱਥੇ ਵੀ ਪ੍ਰਿਥਵੀ ਵਰਗੀਆਂ ਚੀਜ਼ਾਂ ਹੀ ਮਿਲ਼ ਰਹੀਆਂ ਹਨ। ਲਗਦਾ ਹੈ ਇੱਥੇ ਵੀ ਲੜਾਈ ਹੁੰਦੀ ਸੀ, ਇਹ ਕਵਚ ਤੇ ਹਥਿਆਰ ਲੜਾਈ ਦਾ ਸੰਕੇਤ ਦੇ ਰਹੇ ਹਨ।' ਇੰਜਨੀਅਰ ਬੋਰਿਸ ਨੇ ਕਿਹਾ।

'ਹਾਂ, ਸੱਚਮੁੱਚ ਹੀ, ਅਜੀਬ ਹੈ। ਪਰ ਸਾਨੂੰ ਅਜੇ ਤੱਕ ਕੋਈ ਵੀ ਜ਼ਿੰਦਾ ਵੱਡਾ ਜੀਵ ਨਹੀਂ ਦੀਖਿਆ। ਕਿ ਉਹ ਸਭ ਅਲੋਪ ਹੋ ਚੁੱਕੇ ਨੇ?'

'ਹਾਂ, ਇਸ ਤਰਾਂ ਹੀ ਲੱਗ ਰਿਹਾ ਹੈ।'

ਹੁਣ ਖਾਣ ਹਨੇਰੀ ਤੇ ਤੰਗ ਹੋ ਰਹੀ ਸੀ। ਅਚਾਨਕ ਉਹਨਾਂ ਦੀ ਨਜ਼ਰ ਇੱਕ ਵੱਡੇ ਅਕਾਰ ਵੱਲ ਨੂੰ ਗਈ, 10 ਗੁਣਾ 10 ਫੁੱਟ ਦਾ ਆਕਾਰ ਕੋਈ ਖੰਡਰ ਲੱਗ ਰਿਹਾ ਸੀ।

' ਆਓ, ਕੋਲ਼ ਜਾ ਕੇ ਦੇਖੀਏ ਕਿ ਉਹ ਕੀ ਚੀਜ਼ ਹੈ?' ਬੋਰਿਸ ਬੋਲਿਆ।

'ਹਾਂ, ਕੋਈ ਕਮਰਾ ਜਿਹਾ ਲੱਗ ਰਿਹਾ ਹੈ।'

ਉਹਨਾਂ ਨੂੰ ਉਤੇਜਨਾ ਹੋਣ ਲੱਗੀ, ਪਰ ਅੰਦਰੋਂ ਡਰ ਵੀ ਲੱਗਿਆ। ਉਹਨਾਂ ਨੇ ਆਪਣੇ ਹੈਲਮਟ 'ਤੇ ਲੱਗੀ ਰੌਸ਼ਨੀ ਜਗਾ ਲਈ। ਇਹ ਤਾਂ ਉਹਨਾਂ ਦਾ ਰੋਜ਼ ਦਾ ਹੀ ਕੰਮ ਸੀ, ਫੇਰ ਡਰ ਕਾਹਦਾ?

'ਕੋਈ ਚੋਖੁੰਟਾ ਸਮਾਰਕ ਲੱਗ ਰਿਹਾ ਹੈ, ਜਿਵੇਂ ਕੋਈ ਬੁਰਜ ਹੋਵੇ!'

'ਹਾਂ!'

ਜਿਵੇਂ ਜਿਵੇਂ ਉਹ ਹੋਰ ਕੋਲ਼ ਜਾ ਰਹੇ ਸਨ, ਤਾਂ ਉਹ ਬੁਰਜ ਹੋਰ ਸਾਫ਼ ਦਿਖਾਈ ਦੇ ਰਿਹਾ ਸੀ।

'ਇਹ ਬੁਰਜ ਤਾਂ ਬਿਲਕੁਲ ਨਵਾਂ ਦਿਖਾਈ ਦੇ ਰਿਹਾ, ਹਾਲਾਂਕਿ ਲੱਖਾਂ ਸਾਲ ਪੁਰਾਣਾ ਹੋ ਸਕਦਾ ਹੈ।'

'ਹਾਂ, ਬਹੁਤ ਵਧੀਆ ਤਰੀਕੇ ਨਾਲ਼ ਰੱਖਿਆ ਹੋਇਆ ਲੱਗ ਰਿਹਾ ਹੈ। ਸ਼ਾਇਦ ਕਿਸੇ ਰਸਾਇਣ ਦਾ ਮੁਲੰਮਾ ਲੱਗਿਆ ਹੋਵੇ।'

'ਬੋਰਿਸ, ਉਹ ਦੇਖੋ ਉਸਦੇ ਅੰਦਰ ਜਾਣ ਲਈ ਦਰਵਾਜ਼ਾ ਵੀ ਹੈ।'

'ਹਾਂ, ਪਰ ਸਾਨੂੰ ਅਜੇ ਅੰਦਰ ਨਹੀਂ ਜਾਣਾ ਚਾਹੀਦਾ। ਆਓ ਪਹਿਲਾਂ ਡਾ: ਥੌਮਸ ਨੂੰ ਦੱਸੀਏ।' ਉਹ ਜਲਦੀ ਨਾਲ਼ ਉੱਥੋਂ ਬਾਹਰ ਆਏ ਤੇ ਡਾ: ਥੌਮਸ ਨੂੰ ਨਵੇਂ ਲੱਭੇ ਬੁਰਜ ਬਾਰੇ ਦੱਸਿਆ।

'ਵਾਹ!' ਥੌਮਸ ਚਹਿਕਿਆ, 'ਚਲੋ ਚੱਲ ਕੇ ਦੇਖਦੇ ਹਾਂ।'

ਇੱਕ ਰੋਬੋਟ ਲੈ ਕੇ ਉਹ ਬੁਰਜ ਦੇ ਕੋਲ਼ ਪਹੁੰਚ ਗਏ। ਸਭ ਤੋਂ ਪਹਿਲਾਂ ਉਹਨਾਂ ਨੇ ਰੋਬੋਟ ਨੂੰ ਬੁਰਜ ਦੇ ਦਰਵਾਜ਼ੇ ਅੰਦਰ ਨਿਰੀਖਣ ਕਰਨ ਲਈ ਭੇਜਿਆ। ਰੋਬੋਟ ਦੇ ਕੈਮਰੇ ਦਾ ਵੀਡੀਓ ਉਹ ਦੇਖ ਰਹੇ ਸੀ। ਬੁਰਜ ਦੇ ਅੰਦਰ ਕੁੱਝ ਵੀ ਨਹੀਂ ਸੀ, ਬਿਲਕੁਲ ਖਾਲੀ ਸੀ। ਬੱਸ ਦੀਵਾਰਾਂ 'ਤੇ ਕੋਈ ਇਬਾਰਤ ਲਿਖੀ ਹੋਈ ਸੀ, ਜੋ ਕਿ ਉਹ ਨਹੀਂ ਸਮਝ ਸਕਦੇ ਸਨ।

'ਹੋ ਸਕਦਾ ਹੈ ਇਹ ਇਬਾਰਤ ਸਲੇਟਾਂ ਦੇ ਨਾਲ਼ ਮੇਲ਼ ਖਾਂਦੀ ਹੋਵੇ!' ਥੌਮਸ ਬੋਲਿਆ।

'ਹਾਂ ਸਰ, ਦੇਖੋ ਬੁਰਜ ਬਾਹਰੋਂ ਤੇ ਅੰਦਰੋਂ ਕਿੰਨਾ ਸਾਫ਼-ਸੁਥਰਾ ਤੇ ਚਮਕਦਾ ਹੈ. ਜਿਵੇਂ ਹੁਣੇ ਹੀ ਕਿਸੇ ਫੈਕਟਰੀ ਵਿੱਚੋਂ ਬਣ ਕੇ ਆਇਆ ਹੋਵੇ!'

'ਹਾਂ, ਆਓ ਅੰਦਰ ਚੱਲ ਕੇ ਦੇਖਦੇ ਹਾਂ।' ਉਹ ਤਿੰਨੇ ਜਣੇ ਦਰਵਾਜ਼ੇ ਦੇ ਰਾਹੀਂ ਅੰਦਰ ਚਲੇ ਗਏ। ਵਾਕਈ ਬੁਰਜ ਅੰਦਰੋਂ ਵੀ ਬਹੁਤ ਚਮਕਦਾਰ ਤੇ ਸਾਫ਼ ਸੀ।

'ਇਹ ਬੁਰਜ ਕਿਸੇ ਮੰਦਿਰ ਦੇ ਵਾਂਗ ਦਿਖ ਰਿਹਾ ਹੈ!' ਹੈਰੀ ਨੇ ਕਿਆਸ ਕੀਤਾ।

'ਹੋ ਸਕਦਾ ਹੈ, ਇਹ ਕੋਈ ਮੰਦਿਰ ਹੀ ਹੋਵੇ। ਹਰ ਇੱਕ ਸੱਭਿਅਤਾ ਵਿੱਚ ਕਿਸੇ ਉੱਚੀ ਸ਼ਕਤੀ ਜਾਂ ਰੱਬ ਤੇ ਮੰਦਿਰ ਦਾ ਹੋਣਾ ਸੁਭਾਵਿਕ ਹੀ ਹੈ, ਜੋ ਕਿ ਵਿਕਾਸ ਦਾ ਹੀ ਇੱਕ ਪੜਾਅ ਹੈ।' ਥੌਮਸ ਨੇ ਜਵਾਬ ਦਿੱਤਾ, 'ਪਰ ਇਹ ਕੋਈ ਆਮ ਨਿਸ਼ਾਨ ਵੀ ਹੋ ਸਕਦਾ ਹੈ, ਜਿਵੇਂ ਰਸਤਾ ਦੱਸਣ ਲਈ ਕੋਈ ਕੋਸ ਮਿਨਾਰ ਹੋਵੇ। ਖ਼ੈਰ, ਇਹ ਤਾਂ ਸਾਨੂੰ ਹੋਰ ਖੋਜ ਕਰਨ ਤੋਂ ਬਾਅਦ ਹੀ ਪਤਾ ਚੱਲੇਗਾ। ਇੱਕ ਗੱਲ ਪੱਕੀ ਹੈ ਕਿ ਇਹ ਬੁਰਜ ਬਹੁਤ ਹੀ ਆਕਰਸ਼ਕ ਹੈ!''

ਅਗਲੇ ਕੁੱਝ ਦਿਨਾਂ ਵਿੱਚ ਉਹਨਾਂ ਨੂੰ ਕਈ ਹੋਰ ਵੀ ਬੁਰਜਾਂ ਦੇ ਖੰਡਰ ਲੱਭੇ। ਜਿਵੇਂ ਉਹ ਸੱਚਮੁੱਚ ਹੀ ਕੋਈ ਨਿਸ਼ਾਨੀ ਹੋਵੇ। ਪਰ ਉਹਨਾਂ ਨੇ ਇੱਕ ਬੜੀ ਅਜੀਬ ਗੱਲ ਦੇਖੀ, ਜੋ ਕੋਈ ਵੀ ਉਸ ਬੁਰਜ ਦੇ ਅੰਦਰ ਥੋੜ੍ਹਾ ਸਮਾਂ ਬਿਤਾਉਂਦਾ ਸੀ, ਆਪਣੇ ਆਪ ਨੂੰ ਤਕੜਾ ਤੇ ਹੋਰ ਵੀ ਜ਼ਿਆਦਾ ਸਿਹਤਮੰਦ ਮਹਿਸੂਸ ਕਰਦਾ ਸੀ। ਉਸਦੀ ਸੋਚ ਤੇ ਇੱਛਾ-ਸ਼ਕਤੀ ਵੱਧ ਹੋ ਜਾਂਦੀ ਸੀ। ਜਿਵੇਂ ਅੰਤਰ-ਧਿਆਨ ਹੋਣ ਨਾਲ਼ ਯੋਗੀਆਂ ਵਿੱਚ ਇੱਕ ਨਵੀਂ ਸ਼ਕਤੀ ਆ ਜਾਂਦੀ ਹੈ। ਉਸ ਬੁਰਜ ਦਾ ਆਕਰਸ਼ਣ ਜਿਵੇਂ ਉਹਨਾਂ ਤੇ ਕੋਈ ਸਮੋਹਨ ਪਾਉਂਦਾ ਹੋਵੇ!

ਉਹਨਾਂ ਨੇ ਇਹ ਵੀ ਦੇਖਿਆ ਕਿ ਰੋਬੋਟਾਂ ਤੇ ਮਸ਼ੀਨਾਂ 'ਤੇ ਵੀ ਬੁਰਜ ਦਾ ਪ੍ਰਭਾਵ ਪਿਆ। ਤੇ ਉਹ ਜ਼ਿਆਦਾ ਕੁਸ਼ਲਤਾ ਨਾਲ਼ ਕਾਰਜ ਕਰਨ ਲੱਗੇ ਸਨ। ਟੁੱਟੇ ਹੋਏ ਰੋਬੋਟ ਤੇ ਮਸ਼ੀਨਰੀ ਆਪਣੇ ਆਪ ਠੀਕ ਹੋਣ ਲੱਗੀ।

ਕੀ ਸੱਚਮੁੱਚ ਹੀ ਉਹ ਕੋਈ ਰਹੱਸਮਈ ਸ਼ਕਤੀਆਂ ਪ੍ਰਦਾਨ ਕਰਨ ਵਾਲ਼ਾ ਮੰਦਿਰ ਸੀ?

## ਅਜੀਬ ਇਨਫੈਕਸ਼ਨ

ਉਹਨਾਂ ਨੂੰ ਗੰਧਰਵ ਗ੍ਰਹਿ ਦੀ ਛਾਣਬੀਣ ਕਰਦਿਆਂ ਤੇ ਖਣਿਜ ਪਦਾਰਥਾਂ ਦੀ ਖੁਦਾਈ ਕਰਦਿਆਂ ਹੁਣ ਤਿੰਨ ਮਹੀਨਿਆਂ ਤੋਂ ਵੀ ਉੱਪਰ ਹੋ ਗਏ ਸਨ। ਉੱਪਰ 'ਕਲਪਨਾ' ਦੀ ਟੀਮ ਵੀ ਉਹਨਾਂ ਦੀ ਸਹਾਇਤਾ ਕਰ ਰਹੀ ਸੀ। ਤੇ ਨਾਲ਼ ਨਾਲ਼ ਉਹ ਅਗਾਮੀ ਕਿੰਨਰ ਦਾ ਅਧਿਐਨ ਵੀ ਕਰ ਰਹੇ ਸਨ। ਉਹਨਾਂ ਨੇ ਅਗਾਮੀ ਕਿੰਨਰ ਦੇ ਦੁਆਲੇ ਬਨਾਵਟੀ ਉਪਗ੍ਰਹਿ ਸਥਾਪਿਤ ਕਰ ਦਿੱਤਾ ਸੀ, ਜੋ ਕਿ ਉੱਥੋਂ ਦੀ ਜਾਣਕਾਰੀ ਪ੍ਰਿਥਵੀ ਨੂੰ ਭੇਜ ਰਿਹਾ ਸੀ। ਹਾਲਾਂਕਿ ਪ੍ਰਿਥਵੀ ਤੱਕ ਉਹਨਾਂ ਦਾ ਸੰਦੇਸ਼ 4 ਸਾਲ ਤੱਕ ਪੁੱਜਣਾ ਸੀ, ਪਰ ਫੇਰ ਵੀ ਕਾਫ਼ੀ ਮਹੱਤਵਪੂਰਨ ਜਾਣਕਾਰੀ ਉੱਥੇ ਜਾ ਸਕਦੀ ਸੀ। ਇਸੇ ਤਰ੍ਹਾਂ ਇੱਥੋਂ ਵਾਪਿਸ ਜਾਣ ਤੋਂ ਪਹਿਲਾਂ ਉਹਨਾਂ ਦਾ ਮੰਤਵ ਗੰਧਰਵ ਗ੍ਰਹਿ ਦੇ ਦੁਆਲ਼ੇ ਵੀ ਇੱਕ ਬਨਾਵਟੀ ਉਪਗ੍ਰਹਿ ਸਥਾਪਿਤ ਕਰਨਾ ਸੀ।

ਉੱਧਰ ਗੰਧਰਵ ਗ੍ਰਹਿ ਦੀ ਛਾਣਬੀਣ ਕਰਦੇ ਹੋਏ, ਓਹੀ ਗੱਲ ਹੋਈ ਜਿਸ ਦਾ ਉਹਨਾਂ ਸਾਰਿਆਂ ਨੂੰ ਡਰ ਸੀ। ਜ਼ਮੀਨੀ ਟੀਮ ਦੇ ਮੈਂਬਰਾਂ ਨੂੰ ਇੱਕ ਅਜੀਬ ਜਿਹੀ ਬਿਮਾਰੀ ਹੋਣ ਲੱਗੀ ਜੋ ਕਿ ਕਾਈ ਦੇ ਵਰਗੀ ਸੀ। ਗਰਮੀਂ ਤੋਂ ਪ੍ਰੇਸ਼ਾਨ, ਸਾਰਾ ਦਿਨ ਸਪੇਸ ਸੂਟ ਵਿੱਚ ਬੰਦ ਰਹਿਣ ਕਰਕੇ ਉਹਨਾਂ ਦੇ ਸਰੀਰ ਤੇ ਕਾਈ ਇਨਫੈਕਸ਼ਨ ਹੋਣ ਲੱਗੀ। ਜੋ ਕਿ ਕਾਫ਼ੀ ਖ਼ਤਰਨਾਕ ਸੀ। ਜਿਵੇਂ ਕਾਈ ਨੇ ਸਾਰੇ ਗ੍ਰਹਿ ਤੇ ਕਬਜ਼ਾ ਕਰ ਰੱਖਿਆ ਸੀ, ਉਵੇਂ ਹੀ ਉਹ ਉਹਨਾਂ ਦੇ ਸਰੀਰ 'ਤੇ ਵੀ ਹਾਵੀ ਹੋਣ ਲੱਗੀ। ਸਭ ਤੋਂ ਪਹਿਲਾਂ ਉਹ ਇਨਫੈਕਸ਼ਨ ਜੀਵ ਤੇ ਬਨਸਪਤੀ ਵਿਗਿਆਨੀਆਂ ਨੂੰ ਹੋਈ, ਤੇ ਫੇਰ ਹੌਲ਼ੀ ਹੌਲ਼ੀ ਬਾਕੀਆਂ ਨੂੰ ਵੀ ਹੋਣ ਲੱਗੀ। ਉਹਨਾਂ ਨੂੰ ਸਿਰ ਦਰਦ, ਹਲਕਾ-ਹਲਕਾ ਬੁਖ਼ਾਰ, ਬਦਨ ਦਰਦ, ਤੇ ਅਜੀਬ ਜਿਹੇ ਕਿਸਮ ਦੇ ਚੱਕਰ ਤੇ ਦਿਨ-ਦਿਹਾੜੇ ਜਾਗਦੇ ਹੋਏ ਸੁਪਨੇ ਆ ਰਹੇ ਸਨ, ਜਿਨ੍ਹਾਂ ਨੂੰ ਸਮਝਣਾ ਤੇ ਬਿਆਨ ਕਰਨਾ ਬੜਾ ਮੁਸ਼ਕਿਲ ਸੀ । ਉਹਨਾਂ ਦਾ ਸਾਰਾ ਕੰਮ ਰੁਕ ਗਿਆ ਤੇ ਸਭ ਦਾ ਧਿਆਨ ਇਨਫੈਕਸ਼ਨ ਨੂੰ ਠੀਕ ਕਰਨ ਵਿੱਚ ਲੱਗ ਪਿਆ। ਪਰ ਇਨਫੈਕਸ਼ਨ ਸੀ ਕਿ ਹਟਣ ਦਾ ਨਾਂ ਹੀ ਨਹੀਂ ਸੀ ਲੈ ਰਹੀ! ਤੇ ਉੱਪਰੋਂ ਬਰਸਾਤ ਵੀ ਸ਼ੁਰੂ ਹੋ ਗਈ ਸੀ, ਜੋ ਰੁਕ ਨਹੀਂ ਰਹੀ ਸੀ। ਪ੍ਰਥਮ ਕਿੰਨਰ ਸੂਰਜ ਦੀ ਧੁੱਪ ਨੂੰ ਬੱਦਲਾਂ ਨੇ ਢਕਿਆ ਹੋਇਆ ਸੀ ਜੋ ਕਿ ਕਾਈ ਇਨਫੈਕਸ਼ਨ ਠੀਕ ਹੋਣ ਤੋਂ ਹੋਰ ਵੀ ਰੋਕ ਰਿਹਾ ਸੀ, ਕਿਉਂਕਿ ਧੁੱਪ ਦੇ ਵਿੱਚ ਕਾਈ ਇਨਫੈਕਸ਼ਨ ਦਾ ਘੱਟ ਅਸਰ ਹੋ ਰਿਹਾ ਸੀ। ਪ੍ਰਿਥਵੀ ਤੋਂ ਲਿਆਂਦੀਆਂ ਦਵਾਈਆਂ ਤੇ ਕਰੀਮਾਂ ਬਹੁਤ ਥੋੜ੍ਹਾ ਅਸਰ ਕਰ ਰਹੀਆਂ ਸਨ। ਪਰ ਇੱਕ ਗੱਲ ਚੰਗੀ ਹੋਈ ਸੀ ਕਿ ਉਹਨਾਂ ਨੇ ਆਪਣੇ ਹੈਲਮਟ ਤੇ ਅੰਤਰਿਕਸ਼ ਸੂਟ ਉਤਾਰ ਕੇ ਹਲਕੇ ਕੱਪੜੇ ਪਾ ਲਏ ਸਨ। ਉਹ ਗੰਧਰਵ ਗ੍ਰਹਿ ਦੀ ਹਵਾ (ਆਕਸੀਜਨ) ਵਿੱਚ ਸਾਹ ਲੈ ਰਹੇ ਸਨ, ਪਰ ਅਜੇ ਵੀ ਉਹਨਾਂ ਨੇ ਆਪਣਾ ਮੂੰਹ ਸਪੈਸ਼ਲ ਮਾਸਕ ਨਾਲ਼ ਢਕਿਆ ਹੋਇਆ ਸੀ। ਮਾਸਕ ਨਾਂ ਉਤਾਰਨ ਦੀ ਉਹਨਾਂ ਨੂੰ ਮਨਾਹੀ ਸੀ।

ਉੱਥੋਂ ਦੀ ਹਵਾ ਮਨੁੱਖਾਂ ਦੇ ਸਾਹ ਲੈਣ ਦੇ ਯੋਗ ਨਹੀਂ ਸੀ ਇਸਦੀ ਪੁਸ਼ਟੀ ਉਦੋਂ ਹੋਈ ਜਦੋਂ ਯੂਰੀ ਦੀ ਹਾਲਤ ਜ਼ਿਆਦਾ ਖਰਾਬ ਹੋਣ ਲੱਗੀ। ਘਬਰਾਹਟ ਤੋਂ ਬਚਣ ਲਈ ਉਸਨੇ ਆਪਣਾ ਮਾਸਕ ਉਤਾਰ ਦਿੱਤਾ ਸੀ। ਉਹ ਅਚੇਤਨ ਅਵਸਥਾ ਵਿੱਚ ਸੀ, ਜਦੋਂ ਡਾ: ਸਾਇਰਾ ਨੇ ਉਸਨੂੰ ਦੇਖਿਆ। ਅਚੇਤਨ ਹੋਣ ਤੋਂ ਪਹਿਲਾਂ ਉਸਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਮਦਹੋਸ਼ ਹੋ ਗਿਆ, ਜਿਵੇਂ ਸ਼ਰਾਬ ਪੀਣ ਨਾਲ਼ ਨਸ਼ਾ ਹੁੰਦਾ ਹੈ! ਪਰ ਉਸਨੂੰ ਇਸਦਾ ਅਹਿਸਾਸ ਨਹੀਂ ਹੋ ਰਿਹਾ ਸੀ। ਪਰ ਉਸਨੂੰ ਦੇਖਣ ਵਾਲ਼ੇ ਸਾਫ਼ ਦੱਸ ਸਕਦੇ ਸਨ ਕਿ ਉਹ ਪੁੱਠੀਆਂ ਗੱਲਾਂ ਕਰ ਰਿਹਾ ਹੈ। ਕਿਉਂਕਿ ਹਵਾ ਵਿੱਚ ਆਕਸੀਜਨ ਦੀ ਮਾਤਰਾ ਵੀ ਘੱਟ ਸੀ, ਜੋ ਕਿ 15% ਸੀ, ਤੇ ਜੋ ਕੇ ਪ੍ਰਿਥਵੀ ਤੋਂ 6% ਘੱਟ ਸੀ। ਇਸ ਕਰਕੇ ਉਸਨੂੰ ਆਕਸੀਜਨ ਦੀ ਕਮੀ ਵੀ ਹੋ ਗਈ ਸੀ। ਇਹ ਸਭ ਕੁੱਝ ਉਸਦੀ ਬਿਮਾਰੀ ਵਿੱਚ ਵਾਧਾ ਕਰ ਰਿਹਾ ਸੀ। ਡਾ: ਸਾਇਰਾ ਨੇ ਉਸਨੂੰ ਆਕਸੀਜਨ ਦਾ ਟੈਂਕ ਦੇ ਦਿੱਤਾ ਸੀ ਤੇ ਉਸਦੀ ਹਾਲਤ ਸੰਭਲ ਗਈ ਸੀ। ਪਰ ਉਸਦਾ ਕਾਈ ਇਨਫੈਕਸ਼ਨ ਨਾਲ਼ ਵੀ ਬਹੁਤ ਬੁਰਾ ਹਾਲ ਸੀ ਤੇ ਉਸਦੀ ਹਾਲਤ ਜ਼ਿਆਦਾ ਹੀ ਬਿਗੜਦੀ ਜਾ ਰਹੀ ਸੀ ਤੇ ਉਸਦੇ ਬਚਣ ਦੇ ਅਸਾਰ ਨਜ਼ਰ ਨਹੀਂ ਸਨ ਆ ਰਹੇ! ਉਸਦੀ ਹਾਲਤ ਕਿਸੇ ਬਿਨਾਂ ਪ੍ਰਾਣਾਂ ਦੇ ਪ੍ਰਾਣੀ ਵਰਗੀ ਸੀ।

ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਕਾਈ ਇਨਫੈਕਸ਼ਨ ਕਿਸ ਤਰ੍ਹਾਂ ਫੈਲ ਰਹੀ ਸੀ। ਪਰ ਉਹ ਇੱਕ ਨਹੀਂ ਤਿੰਨੋਂ ਕੈਂਪਾਂ ਦੇ ਮੈਂਬਰਾਂ ਨੂੰ ਹੋ ਰਹੀ ਸੀ। ਪਰ ਜਿਵੇਂ ਜਿਵੇਂ ਕਾਈ ਇਨਫੈਕਸ਼ਨ ਵਧਣ ਲੱਗੀ ਤਾਂ ਉਹਨਾਂ ਨੂੰ ਉਸਦਾ ਕਾਰਣ ਵੀ ਸਮਝ ਆਉਣ ਲੱਗਿਆ। ਕਾਈ ਇਨਫੈਕਸ਼ਨ ਮਹੀਨ ਕਿਰਮਾਂ ਦੇ ਕੱਟਣ ਨਾਲ਼ ਹੋ ਰਹੀ ਸੀ, ਜੋ ਕਿ ਨਜ਼ਰ ਨਹੀਂ ਆਉਂਦੇ ਸਨ, ਪਰ ਉਹਨਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ। ਛੋਟੇ ਛੋਟੇ ਅਦਿੱਖ ਕਿਰਮ ਸਨ ਜੋ ਹਵਾ ਦੇ ਵਿੱਚ ਉਡ ਸਕਦੇ ਸਨ ਤੇ ਮੱਛਰਾਂ ਵਾਂਗ ਇਨਸਾਨ ਨੂੰ ਕੱਟਦੇ ਸਨ। ਅਚਾਨਕ ਹੀ ਕਿੰਨੇ ਮਹੀਨ ਕਿਰਮ ਇਕੱਠੇ ਹੋ ਕੇ ਉਹਨਾਂ 'ਤੇ ਧਾਵਾ ਬੋਲ ਦਿੰਦੇ ਸਨ। ਜਿਸਨੂੰ ਵੀ ਉਹ ਕੱਟ ਲੈਂਦੇ ਸਨ, ਉਸਨੂੰ ਕਾਈ ਇਨਫੈਕਸ਼ਨ ਹੋ ਜਾਂਦੀ ਸੀ। ਹਾਲਾਂਕਿ ਸਭ ਨੇ ਅੰਤਰਿਕਸ਼ ਸੂਟ ਪਹਿਨੇ ਹੋਏ ਸਨ, ਜੋ ਕਿ ਕੀੜੇ-ਮਕੌੜਿਆਂ ਤੋਂ ਵੀ ਰੱਖਿਆ ਕਰਦੇ ਸਨ, ਪਰ ਮਹੀਨ ਕਿਰਮ ਕਿਓਂਕਿ ਮਾਈਕਰੋ (Micro)

ਅਕਾਰ ਦੇ ਸਨ ਤੇ ਉਹ ਦੀ ਚਮੜੀ ਨੂੰ ਕੱਟਣ ਲਈ ਕੋਈ ਨਾ ਕੋਈ ਜਗ੍ਹਾ ਲੱਭ ਹੀ ਲੈਂਦੇ ਸਨ।

ਹੁਣ ਉਹਨਾਂ ਦਾ ਸਾਰਾ ਧਿਆਨ ਮਹੀਨ ਕਿਰਮ ਤੋਂ ਤੇ ਕਾਈ ਇਨਫੈਕਸ਼ਨ ਤੋਂ ਬਚਣ 'ਤੇ ਸੀ। ਉਹ ਮਹੀਨ ਕਿਰਮ ਬਾਰੇ ਹੋਰ ਜਾਣਕਾਰੀ ਵੀ ਲੈ ਰਹੇ ਸਨ ਤੇ ਉਹਨਾਂ ਤੋਂ ਬਚਾਅ ਦਾ ਕਾਰਣ ਵੀ ਲੱਭ ਰਹੇ ਸਨ। ਮਾਈਕਰੋਸਕੋਪ ਦੇ ਵਿੱਚੋਂ ਦੇਖਣ ਨਾਲ਼ ਹੀ ਉਹ ਮਹੀਨ ਕਿਰਮਾਂ ਨੂੰ ਪਛਾਣ ਸਕਦੇ ਸੀ। ਉਹਨਾਂ ਨੇ ਮਹੀਨ ਕਿਰਮ ਬਾਰੇ ਖੋਜ ਤੇ ਛਾਣਬੀਣ ਕਰਨ ਲਈ ਸਪੈਸ਼ਲ ਰੋਬੋਟ ਪ੍ਰੋਗਰਾਮ (ਤਿਆਰ) ਕੀਤੇ ਜੋ ਕਿ ਮਹੀਨ ਕਿਰਮ ਦੇ ਬਾਰੇ ਵਿੱਚ ਪਤਾ ਕਰਨ ਲਈ ਉਹਨਾਂ ਦੇ ਪਿੱਛੇ ਭੇਜੇ।

ਮਹੀਨ ਕਿਰਮ ਆਮ ਤੌਰ ਤੇ ਆਪਣੇ ਜੀਵਨ-ਕਾਲ਼ ਦੌਰਾਨ ਬਹੁਤਾ ਉਹ ਕਾਈ ਦੇ ਹੇਠਾਂ ਹੀ ਰਹਿੰਦੇ ਸਨ। ਕਾਈ ਤੇ ਮਹੀਨ ਕਿਰਮ ਇੱਕ ਦੂਜੇ ਤੇ ਨਿਰਭਰ ਕਰਦੇ ਸਨ। ਉਹ ਕਾਈ ਨੂੰ ਸਿਹਤਮੰਦ ਰੱਖਦੇ ਸਨ ਤੇ ਕਾਈ ਦੀਆਂ ਛੋਟੀਆਂ ਛੋਟੀਆਂ ਡੰਡੀਆਂ ਖਾ ਕੇ ਗੁਜ਼ਾਰਾ ਕਰਦੇ ਸਨ। ਪਰ ਜੇ ਕਦੇ ਕਦੇ ਕਾਈ ਨੂੰ ਕੋਈ ਖਤਰਾ ਮਹਿਸੂਸ ਹੋਵੇ ਤਾਂ ਉਸ ਉਸਦੇ ਇੱਕ ਇਸ਼ਾਰੇ 'ਤੇ ਹੀ ਇਕੱਠੇ ਹੋ ਕੇ ਟਿੱਡੀ-ਦੱਲ ਬਣਾ ਕੇ ਦੁਸ਼ਮਣ 'ਤੇ ਹੱਲਾ ਬੋਲ ਦਿੰਦੇ ਸਨ। ਤੇ ਦੁਸ਼ਮਣ ਉਹਨਾਂ ਨੂੰ ਦੇਖ ਵੀ ਨਹੀਂ ਸਕਦਾ। ਉਹ ਆਪਣੇ ਸ਼ਿਕਾਰ ਦੇ ਮਨ ਨੂੰ ਕਾਬੂ ਕਰ ਕੇ ਉਸਨੂੰ ਸੰਮੋਹਿਤ ਕਰ ਦਿੰਦੇ ਸਨ। ਉਹਨਾਂ ਦੇ ਸ਼ਿਕਾਰ ਸੰਤਾਪ ਦੇ ਡਰਾਉਣੇ ਸੁਪਨੇ ਦੇਖਣ ਲੱਗ ਜਾਂਦੇ ਸਨ। ਤੇ ਮਹੀਨ ਕਿਰਮ ਇਸਦਾ ਫਾਇਦਾ ਉਠਾ ਕੇ ਉਸਦੇ ਨੱਕ 'ਤੇ ਅੱਖਾਂ ਦੇ ਰਾਹੀਂ ਉਸਦੇ ਦਿਮਾਗ਼ ਵਿੱਚ ਘੁਸ ਜਾਂਦੇ ਸਨ ਤੇ ਦਿਮਾਗ਼ ਦੀਆਂ ਨਸਾਂ ਨੂੰ ਖਾਣ ਲੱਗ ਜਾਂਦੇ ਸਨ। ਆਮ ਤੌਰ ਤੇ ਉਹ ਕੁੱਝ ਵੀ ਖਾ ਸਕਦੇ ਸਨ ਪਰ ਉਹ ਖ਼ਾਸ ਤੌਰ ਜੀਵਾਂ ਦੀਆਂ ਨਸਾਂ ਨੂੰ ਖਾਣਾ ਪਸੰਦ ਕਰਦੇ ਸਨ। ਜਦੋਂ ਉਹ ਇਕੱਠੇ ਹੋ ਕੇ ਲੱਖਾਂ ਦੀ ਗਿਣਤੀ ਵਿੱਚ ਹਮਲਾ ਬੋਲਦੇ ਸਨ ਤਾਂ ਸਭ ਤੋਂ ਪਹਿਲਾਂ ਨਸਾਂ 'ਤੇ ਪੈਂਦੇ ਸਨ। ਆਪਣੇ ਮਨੁੱਖੀ ਸ਼ਿਕਾਰ ਦੀ ਬਹੁਤ ਭਿਆਨਕ ਦਸ਼ਾ ਕਰਦੇ ਸਨ। ਆਮ ਤੌਰ ਤੇ ਉਹ ਆਪਣੇ ਸ਼ਿਕਾਰ ਦੀ ਕਮਜ਼ੋਰ ਤੇ ਸੁਰੱਖਿਆ ਤੋਂ ਰਹਿਤ ਜਗ੍ਹਾ ਲੱਭਦੇ ਸਨ, ਪਰ ਜੇ ਸ਼ਿਕਾਰ ਪੂਰੀ ਤਰ੍ਹਾਂ ਢਕਿਆ ਹੋਵੇ ਤਾਂ ਉਹ ਉਸਨੂੰ ਸਮੋਹਿਤ ਕਰਕੇ ਬੇਵਸੀ ਦੀ ਹਾਲਤ ਵਿੱਚ ਪਾ ਦਿੰਦੇ ਸਨ। ਆਪਣੇ ਸ਼ਿਕਾਰ ਦੇ ਸਰੀਰ ਅੰਦਰ ਉਹ ਘਾਤਂਕ (Exponential) ਤਰੀਕੇ ਨਾਲ਼ ਇੱਕ ਦਿਨ ਬਾਅਦ ਦੁੱਗਣੇ ਹੋ ਜਾਂਦੇ ਸਨ। ਤੇ ਕੁੱਝ ਹੀ ਦਿਨਾਂ ਵਿੱਚ ਆਪਣੇ ਸ਼ਿਕਾਰ ਦੇ ਸਰੀਰ 'ਤੇ ਪੂਰਾ ਹਾਵੀ ਹੋ ਜਾਂਦੇ ਸਨ। ਮਹੀਨ ਕਿਰਮ ਆਮ ਤੌਰ 'ਤੇ ਕਾਈ ਤੋਂ ਅਲੱਗ ਹੋ ਕੇ ਵੀ ਕੁੱਝ ਕੁ ਦਿਨ ਹੀ ਰਹਿ ਸਕਦੇ ਸਨ। ਕਾਈ ਦੇ ਹੇਠਾਂ ਉਹ ਸਿਥਲ ਅਵਸਥਾ ਵਿੱਚ ਕਈ ਸਾਲ ਜਿੰਦਾ ਰਹਿ ਸਕਦੇ ਸਨ।

ਡਾ: ਸਾਇਰਾ ਸੀ ਜੋ ਅਜੇ ਬਚੀ ਹੋਈ ਸੀ। ਉਹ ਉਪਰੋਂ ਡਾ: ਰੀਨਾ, ਹੋਰ ਡਾਕਟਰਾਂ ਨਾਲ਼ ਤੇ ਮਨੁੱਖੀ ਸਿਹਤ ਦੇ ਵਿੱਚ ਸਪੈਸ਼ਲਿਸਟ ਕੰਪਿਊਟਰ, ਰੋਬੋਟਾਂ ਦੀ ਸਲਾਹ ਨਾਲ਼ ਸਾਰੇ ਬਿਮਾਰਾਂ ਦਾ ਇਲਾਜ ਕਰ ਰਹੀ ਸੀ। ਇਹ ਫੇਰ ਵੀ ਚੰਗਾ ਸੀ ਕਿ ਇਨਫੈਕਸ਼ਨ ਛੂਤ ਦੀ ਬਿਮਾਰੀ ਨਹੀਂ ਸੀ, ਪਰ ਵਾਤਾਵਰਣ ਤੋਂ ਹੀ ਕਿਤਿਓਂ ਫੈਲ ਰਹੀ ਸੀ ਜੋ ਕਿ ਅਜੇ ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ। ਉਹ ਰੌਬਰਟ ਦਾ ਹਾਲ ਦੇਖਣ ਆਈ ਤਾਂ ਉਸਨੇ ਪੁੱਛਿਆ -'ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰ ਰਹੇ?'

'ਬਹੁਤ ਬੁਰਾ ਹਾਲ ਹੈ। ਇਸ ਤਰ੍ਹਾਂ ਦਾ ਸਿਰ ਤੇ ਬਦਨ ਦਰਦ ਕਦੇ ਨਹੀਂ ਹੋਇਆ। ਮੈਂ ਉੱਠ ਵੀ ਨਹੀਂ ਸਕਦਾ। ਬਸ ਅਜੀਬ ਜਿਹੀ ਘੂਕੀ ਛਾਈ ਹੋਈ ਹੈ। ਅਜੀਬੋ-ਗਰੀਬ ਸੁਪਨੇ ਆ ਰਹੇ ਹਨ, ਜਿਨ੍ਹਾਂ ਨੂੰ ਯਾਦ ਰੱਖਣਾ ਬੜਾ ਮੁਸ਼ਕਿਲ ਹੈ।'

'ਤੁਹਾਡਾ ਸਰੀਰ ਇਨਫੈਕਸ਼ਨ ਨਾਲ਼ ਲੜ ਰਿਹਾ ਹੈ, ਇਸ ਕਰਕੇ ਤੁਹਾਨੂੰ ਅਜਿਹਾ ਮਹਿਸਸ ਹੋ ਰਿਹਾ ਹੈ।'

'ਪਰ ਕਿੰਨਾ ਸਮਾਂ। ਇੱਕ ਹਫ਼ਤੇ ਤੋਂ ਉੱਪਰ ਹੋ ਗਿਆ ਹੈ।'

'ਹਾਂ, ਅਜੇ ਕੋਈ ਵੀ ਠੀਕ ਨਹੀਂ ਹੋਇਆ।'

'ਚੰਦਰ ਦਾ ਹਾਲ ਤਾਂ ਹੋਰ ਵੀ ਮਾੜਾ ਹੈ। ਉਸਨੂੰ ਤਾਂ ਹੋਰ ਅਜੀਬ ਜਿਹੇ ਸੁਪਨੇ ਆ ਰਹੇ ਹਨ। ਅਸੀਂ ਖੁਸ਼ਕਿਸਮਤ ਹਾਂ ਕਿ ਅਸੀਂ ਜਿੰਦਾ ਹਾਂ।'

'ਨਹੀਂ ਇਸ ਤਰ੍ਹਾਂ ਨਾ ਕਹੋ। ਰੀਨਾ ਇੱਥੇ ਆਉਣ ਬਾਰੇ ਕਹਿ ਰਹੀ ਸੀ।'

'ਨਹੀਂ, ਮੈਂ ਉਸਨੂੰ ਕਹਾਂਗਾ ਕਿ ਇੱਥੇ ਅਜੇ ਆਉਣ ਦੀ ਲੋੜ ਨਹੀਂ। ਕਿਓਂਕਿ ਇੱਥੇ ਆਉਣਾ ਖਤਰੇ ਤੋਂ ਖਾਲੀ ਨਹੀਂ। ਉਸਨੂੰ ਵੀ ਇਹ ਇਨਫੈਕਸ਼ਨ ਹੋ ਸਕਦੀ ਹੈ।'

ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ। ਵੈਬਸਾਈਟ: https://sahit.punjabikids.org/



# ਇਹ ਸੱਚ ਹੈ



## ਪ੍ਰੀਤਪਾਲ ਸਿੰਘ ਮਿਰਜ਼ਾਪੁਰੀ

ਤਕਨਾਲੋਜੀ ਲਿਆਏ ਸੀ ਆਜ਼ਾਦ
ਹੋਣ ਲਈ।

ਪਰ ਅਸੀਂ ਇਸਦੇ ਗੁਲਾਮ ਬਣ
ਗਏ—

ਸਕ੍ਰੀਨਾਂ ਵਿੱਚ ਕੈਦ ਹੋਣ ਲਈ।

ਇਹ ਸੱਚ ਹੈ।

ਕਈ ਵਾਰ ਵਾਈਫਾਈ ਨਹੀਂ ਹੁੰਦਾ,

ਜਾਂ ਬੱਤੀ ਗੁਲ ਹੋ ਜਾਵੇ।

ਗੱਲਬਾਤ ਕਰਨ ਲਈ—

ਬੱਚਾ ਸਿਰਫ਼ ਉਦੋਂ ਹੀ ਕੋਲ਼ ਆਵੇ।

ਇਹ ਸੱਚ ਹੈ।

ਨਵੀਆਂ ਕਾਰਾਂ ਤੇ ਹਵਾਈ ਜਹਾਜ਼
ਦੀਆਂ ਉਡਾਣਾਂ ।

ਯਮਰਾਜ ਦੀ ਸਵਾਰੀ ਅਜੇ ਵੀ ਝੋਟਾ
ਹੀ ਹੈ ਪੁਰਾਣਾ।

ਇਹ ਸੱਚ ਹੈ।

ਫੇਸਬੁੱਕ 'ਤੇ 500 ਦੋਸਤ ਹਨ,

ਪਰ ਰਿਸ਼ਤੇਦਾਰਾਂ ਨਾਲ ਗੱਲਬਾਤ
ਬੰਦ—

ਬੱਸ ਵਰਚੁਅਲ* ਮੁਸਕਾਨਾਂ ਹੀ
ਹਨ।

ਇਹ ਸੱਚ ਹੈ।

ਸੋਸ਼ਲ ਮੀਡੀਆ ਤੋਂ ਪਤਾ ਲਗਦਾ

ਇਕੱਲਾ ਮੈਂ ਹੀ ਦੁਖੀ,

ਸਾਰਾ ਸੰਸਾਰ ਹੈ ਖ਼ੁਸ਼ ਲਗਦਾ।

ਕੀ ਇਹ ਸੱਚ ਹੈ?

ਅਸੀਂ ਚੰਦ 'ਤੇ ਪਹੁੰਚ ਗਏ ਹਾਂ,

ਤੇ ਚੰਦ ਪਾਸ ਲਗਦਾ ਹੈ,

ਦਿਲਾਂ ਵਿੱਚ ਦੂਰੀਆਂ, ਤੇ

ਹਰ ਚਿਹਰਾ ਉਦਾਸ ਲਗਦਾ ਹੈ।

ਇਹ ਸੱਚ ਹੈ।

ਕਹਿਣ ਨੂੰ ਪੂਰਾ ਦਿਨ ਦਾਦੀ ਨਾਲ
ਬਿਤਾਇਆ,

ਪਰ ਸਾਰਾ ਦਿਨ

ਸਭ ਨੇ ਫ਼ੋਨ 'ਤੇ ਹੀ ਗੁਆਇਆ।

ਇਹ ਸੱਚ ਹੈ।

ਕੱਲ੍ਹ ਮਿਲਿਆ, ਤਾਂ ਓਨਾ ਚੰਗਾ
ਨਹੀਂ ਦਿਖਿਆ

ਜਿੰਨਾ ਆਪਣੀ ਡੀਪੀ** ਵਿੱਚ
ਦਿਖਦਾ—

ਫਿਲਟਰਾਂ ਦਾ ਕਮਾਲ ਰੰਗ ਹੈ
ਚਾੜ੍ਹਦਾ।

ਇਹ ਸੱਚ ਹੈ।

ਚਾਹੇ ਇਹ ਪੁਰਾਣੀ ਕਾਰ ਹੋਵੇ

ਜਾਂ ਬਿਲਕੁਲ ਨਵੀਂ ਫੇਰਾਰੀ,

ਕਬਾੜਖਾਨੇ ਵਿੱਚ ਹੀ ਜਾਏਗੀ,
ਦੁਨੀਆਂ ਸਾਰੀ।

ਇਹ ਸੱਚ ਹੈ।

ਉਸ ਨੇ ਆਪਣੇ ਬੱਚਿਆਂ ਨੂੰ
ਝਿੜਕਿਆ

ਕਿ ਉਨ੍ਹਾਂ ਨੇ ਫ਼ੋਨ ਖਰਾਬ ਕਰ
ਦਿੱਤਾ।

ਨਹੀਂ, ਬੱਚਿਆਂ ਨੇ ਫ਼ੋਨ ਖਰਾਬ ਨਹੀਂ
ਕੀਤਾ,

ਫ਼ੋਨ ਨੇ ਬਚਪਨ ਖਰਾਬ ਕਰ
ਦਿੱਤਾ।

ਇਹ ਸੱਚ ਹੈ।

ਇਹ ਸਿਰੀ*** ਮੇਰੀ ਹਰ ਗੱਲ
ਸੁਣਦੀ ਤੇ ਮੰਨਦੀ ਹੈ।

ਪਰ ਪਤਨੀ ਨਾ ਕੁਝ ਸੁਣਦੀ ਤੇ ਨਾ
ਕੁਝ ਮੰਨਦੀ ਹੈ।

ਇਹ ਸੱਚ ਹੈ।

* ਆਭਾਸੀ ਆਨਲਾਈਨ ਦੁਨੀਆਂ

** ਡਿਜੀਟਲ ਪ੍ਰੋਫ਼ਾਈਲ

*** ਆਈਫ਼ੋਨ ਸਹਾਇਕ




ਸਿਰਜਣਾ ਦੇ ਪਲ

# ਮੈਂ ਕਿਉਂ ਲਿਖਦਾ ਹਾਂ?

## ਡਾ. ਦੇਵਿੰਦਰ ਪਾਲ ਸਿੰਘ ਉਰਫ਼ ਡਾ. ਡੀ. ਪੀ. ਸਿੰਘ, ਕੈਨੇਡਾ

ਜਦੋਂ ਕੋਈ ਮੈਨੂੰ ਪੁੱਛਦਾ ਹੈ ਕਿ ਮੈਂ ਕਿਉਂ ਲਿਖਦਾ ਹਾਂ, ਤਾਂ ਮੈਂ ਅਕਸਰ ਕੁਝ ਦੇਰ ਲਈ ਚੁੱਪ ਜਿਹਾ ਹੋ ਜਾਂਦਾ ਹਾਂ, ਅਜਿਹਾ ਇਸ ਕਾਰਣ ਨਹੀਂ ਹੁੰਦਾ ਕਿ ਮੇਰੇ ਕੋਲ ਇਸ ਸਵਾਲ ਦਾ ਜਵਾਬ ਨਹੀਂ, ਸਗੋਂ ਇਸ ਲਈ ਕਿ ਉਸ ਸਵਾਲ ਦੇ ਸਹੀ ਜਵਾਬ ਦੀਆਂ ਕਈ ਪਰਤਾਂ ਹਨ। ਮੇਰੇ ਲਈ ਲਿਖਣਾ ਕਿਸੇ ਇੱਕ ਮੰਤਵ ਵਾਲਾ ਕੰਮ ਨਹੀਂ ਹੈ। ਇਹ ਵਿਭਿੰਨ ਖੇਤਰੀ ਹੱਦਾਂ ਦੇ ਆਰ-ਪਾਰ ਵਾਪਰਣ ਵਾਲਾ ਅਜਿਹਾ ਸੰਵਾਦ ਹੈ: ਜੋ ਵਿਗਿਆਨ ਅਤੇ ਸਮਾਜ ਦਰਮਿਆਨ, ਪ੍ਰਯੋਗਸ਼ਾਲਾ ਅਤੇ ਘਰੇਲੂ ਬੈਠਕ ਵਿਚਕਾਰ, ਭੌਤਿਕ ਵਿਗਿਆਨ ਦੀ ਤਕਨੀਕੀ ਭਾਸ਼ਾ ਅਤੇ ਮੇਰੀ ਮਾਂ-ਬੋਲੀ ਪੰਜਾਬੀ ਵਿੱਚ ਸਾਂਝ ਪੈਦਾ ਕਰਦਾ ਹੈ। ਇਹ ਮੇਰੀਆਂ ਵਿਅਕਤੀਗਤ ਪਛਾਣਾਂ ਦਰਮਿਆਨ ਇੱਕ ਪੁਲ ਦਾ ਕੰਮ ਵੀ ਕਰਦਾ ਹੈ, ਖਾਸ ਕਰ ਇੱਕ ਭੌਤਿਕ ਵਿਗਿਆਨੀ ਵਜੋਂ, ਜਿਸ ਨੇ ਧੁਨੀ ਵਿਗਿਆਨ ਦੀਆਂ ਵਿਧੀਆਂ ਰਾਹੀਂ ਪਦਾਰਥਾਂ ਦੇ ਗੁਣਾਂ ਦੀ ਕਈ ਦਹਾਕਿਆਂ ਤੱਕ ਖੋਜ ਕੀਤੀ; ਇੱਕ ਅਧਿਆਪਕ ਵਜੋਂ, ਜਿਸ ਨੇ ਕਈ ਪੀੜ੍ਹੀਆਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ; ਇੱਕ ਵਾਤਾਵਰਣੀ ਮਾਹਿਰ ਵਜੋਂ, ਜੋ ਕਈ ਦਹਾਕਿਆ ਤੋਂ ਪੰਜਾਬ ਅਤੇ ਦੇਸ਼-ਵਿਦੇਸ਼ ਦੇ ਵਾਤਾਵਰਣੀ ਮਸਲਿਆਂ ਬਾਰੇ ਸੁਚੇਤ ਚਿੰਤਕ ਵਜੋਂ ਕਾਰਜਸ਼ੀਲ ਹੈ, ਇੱਕ ਸਿੱਖ ਵਿਦਵਾਨ ਵਜੋਂ, ਜੋ ਧਰਮ ਅਤੇ ਤਰਕ ਦੇ ਸੰਵਾਦ ਨੂੰ ਘੋਖਦਾ ਹੈ; ਅਤੇ ਇੱਕ ਸੰਚਾਰਕ ਵਜੋਂ, ਜਿਸ ਦਾ ਵਿਸ਼ਵਾਸ ਹੈ ਕਿ ਗਿਆਨ ਦਾ ਸੁਤੰਤਰ ਵਹਾਅ ਸਭਨਾਂ ਦੀ ਭਲਾਈ ਲਈ ਅਤਿ ਜ਼ਰੂਰੀ ਹੈ।

ਪਿਛਲੇ ਸਾਢੇ ਚਾਰ ਦਹਾਕਿਆਂ ਵਿੱਚ ਮੈਂ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਸੌ ਤੋਂ ਵੱਧ ਖੋਜ ਪੱਤਰ, ਦੋ ਦਰਜਨ ਕਿਤਾਬਾਂ ਅਤੇ ਪੰਦਰਾਂ ਸੌ ਤੋਂ ਵੱਧ ਲੇਖ ਲਿਖੇ ਹਨ। ਮੈਂ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿੱਚ ਲਿਖਿਆ, ਅਕਾਦਮਿਕ ਜਰਨਲਾਂ ਲਈ ਵੀ ਅਤੇ ਲੋਕਪ੍ਰਿਯ ਅਖ਼ਬਾਰਾਂ ਲਈ ਵੀ, ਬੱਚਿਆਂ ਲਈ ਵੀ ਅਤੇ ਵਿਦਵਾਨਾਂ ਲਈ ਵੀ, ਵਿਭਿੰਨ ਵਿਗਿਆਨਕ ਖੇਤਰਾਂ ਤੋਂ ਲੈ ਕੇ ਵਾਤਾਵਰਣੀ ਸੰਭਾਲ ਅਤੇ ਗੁਰਬਾਣੀ ਵਿੱਚ ਪ੍ਰਗਟਾਏ ਆਤਮਿਕ ਵਿਕਾਸ ਲਈ ਲੋੜੀਂਦੇ ਨੈਤਿਕ ਗੁਣਾਂ ਤੱਕ। ਇਹ ਸਾਰਾ ਕੰਮ ਕਿਸੇ ਨੂੰ ਬੇਤਰਤੀਬ ਅਤੇ ਖਿੰਡਰਿਆ ਹੋਇਆ ਲੱਗ ਸਕਦਾ ਹੈ, ਪਰ ਮੇਰੇ ਲਈ ਇਹ ਇੱਕ ਹੀ ਸੰਗਠਿਤ ਪ੍ਰੋਜੈਕਟ ਹੈ: ਗਿਆਨ ਦਾ ਲੋਕਤੰਤਰੀਕਰਨ ਅਤੇ ਉਨ੍ਹਾਂ ਖੇਤਰਾਂ ਵਿਚਕਾਰ ਬੌਧਿਕ ਸਾਂਝ, ਜਿਨ੍ਹਾਂ ਨੂੰ ਅਕਸਰ ਬੇਵਜ੍ਹਾ ਅੱਡ ਅੱਡ ਮੰਨਿਆ ਜਾਂਦਾ ਹੈ।

**ਮਾਂ-ਬੋਲੀ ਪ੍ਰਤੀ ਫ਼ਰਜ਼ ਵਜੋਂ ਲੇਖਣ:** ਸਭ ਤੋਂ ਪਹਿਲਾਂ ਤਾਂ ਮੈਂ ਇਸ ਲਈ ਲਿਖਦਾ ਹਾਂ ਕਿਉਂਕਿ ਮੇਰਾ ਯਕੀਨ ਹੈ ਕਿ ਗਿਆਨ ਤਦ ਹੀ ਮੌਲਦਾ ਹੈ ਜਦੋਂ ਉਹ ਸਥਾਨਕ ਮਾਂ-ਬੋਲੀ ਅਤੇ ਦਿਲ ਦੀ ਭਾਸ਼ਾ ਵਿੱਚ ਪ੍ਰਗਟ ਕੀਤਾ ਜਾਵੇ। ਪੰਜਾਬੀ ਵਿੱਚ ਲਿਖਣ ਪ੍ਰਤੀ ਮੇਰੀ ਵਚਨਬੱਧਤਾ ਕੋਈ ਭਾਵੁਕ ਯਾਦ ਨਾਲ ਨਹੀਂ ਜੁੜੀ ਹੋਈ, ਸਗੋਂ ਇਹ ਮਾਨਵੀ ਸਮਾਨਤਾ ਅਤੇ ਜਨ-ਸਾਧਾਰਣ ਤੱਕ ਪਹੁੰਚ ਸੰਬੰਧਤ ਇੱਕ ਸਿਧਾਂਤਕ ਦ੍ਰਿੜਤਾ ਹੈ।

ਸੰਨ 1986 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਭੌਤਿਕ ਵਿਗਿਆਨ ਵਿੱਚ ਪੀਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ

ਮੈਨੂੰ ਇੱਕ ਚਿੰਤਾਜਨਕ ਘਾਟ ਦਾ ਅਹਿਸਾਸ ਹੋਇਆ: ਵਿਗਿਆਨ ਦੇ ਗਿਆਨ ਭੰਡਾਰ ਦਾ ਵੱਡਾ ਹਿੱਸਾ ਅੰਗਰੇਜ਼ੀ ਦਾ ਮੁਥਾਜ ਸੀ। ਭਾਸ਼ਾ ਦੇ ਵੱਖਰੇਪਣ ਕਾਰਣ ਇਸ ਗਿਆਨ ਭੰਡਾਰ ਦਾ ਲਾਭ ਲੈ ਸਕਣਾ, ਲੱਖਾਂ ਪੰਜਾਬੀ ਬੋਲਣ ਵਾਲਿਆਂ ਦੀ ਪਹੁੰਚ ਤੋਂ ਬਾਹਰ ਸੀ। ਉਹ ਮਾਪੇ ਜੋ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਵਿਗਿਆਨ ਸੰਬੰਧੀ ਉੱਚ ਸਿੱਖਿਆ ਪ੍ਰਾਪਤ ਕਰਨ, ਪੇਂਡੂ ਖੇਤਰ ਵਿਚ ਕੰਮ ਕਰਨ ਵਾਲੇ ਅਧਿਆਪਕ, ਕਸਬਿਆਂ ਤੇ ਛੋਟੇ ਨਗਰਾਂ ਵਿਚ ਵੱਸ ਰਹੇ ਜਿਗਿਆਸੂ ਨੌਜਵਾਨ, ਅਜਿਹੀ ਸ਼ਬਦਾਵਲੀ ਅਤੇ ਸਿਧਾਤਾਂ ਦੀ ਜਾਣਕਾਰੀ ਤੋਂ ਵਾਂਝੇ ਰਹਿ ਜਾਂਦੇ ਸਨ, ਜੋ ਉਨ੍ਹਾਂ ਦੀ ਕਾਬਲੀਅਤ ਵਿਚ ਵਾਧਾ ਕਰਨ ਦੇ ਸਮਰਥ ਸੀ, ਕਿਉਂ ਕਿ ਇਹ ਜਾਣਕਾਰੀ ਉਨ੍ਹਾਂ ਦੀ ਭਾਸ਼ਾ ਵਿਚ ਉਪਲਬਧ ਹੀ ਨਹੀਂ ਸੀ।

ਬੇਸ਼ਕ ਕਈ ਵਿਦਵਾਨ ਤੇ ਸੰਸਥਾਵਾਂ ਇਸ ਖੇਤਰ ਵਿਚ ਯਥਾਯੋਗ ਯੋਗਦਾਨ ਪਾ ਵੀ ਰਹੇ/ਰਹੀਆਂ ਸਨ, ਪਰ ਇਨ੍ਹੀ ਦਿਨ੍ਹੀ ਹੀ ਮੇਰੀ ਨਜ਼ਰੇ ਅਜਿਹੀਆਂ ਰਚਨਾਵਾਂ ਵੀ ਪਈਆ ਜਿਨ੍ਹਾਂ ਵਿੱਚ ਵਿਗਿਆਨਕ ਤੱਥ ਅਧੂਰੇ ਜਾਂ ਗਲਤ ਬਿਆਨੇ ਗਏ ਸਨ। ਅਜਿਹਾ ਖਾਸ ਕਰ ਉਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿੱਚ ਨਜ਼ਰ ਆਇਆ ਜਿਨ੍ਹਾਂ ਦੀ ਸਿੱਖਿਆ ਵਿਗਿਆਨਕ ਗਿਆਨ ਤੋਂ ਊਣੀ ਜਾਂ ਸੱਖਣੀ  ਸੀ। ਇਸ ਸੱਚਾਈ ਨੇ ਮੇਰੇ ਫ਼ਿਕਰ ਵਿੱਚ ਹੋਰ ਵਾਧਾ ਕਰ ਦਿੱਤਾ ਕਿ ਜੇ ਸਾਡੀ ਨਵੀਂ ਪੀੜ੍ਹੀ ਅਜਿਹੀ ਗਲਤ ਜਾਂ ਅਧੂਰੀ ਜਾਣਕਾਰੀ ਉੱਤੇ ਅਧਾਰਿਤ ਗਿਆਨ ਪ੍ਰਾਪਤ ਕਰ ਰਹੀ ਹੋਵੇਗੀ, ਤਾਂ ਭਵਿੱਖ ਵਿੱਚ ਵੱਡਾ ਮਸਲਾ ਖੜਾ ਹੋ ਸਕਦਾ ਹੈ।  ਮੈਂ ਜਲਦੀ ਹੀ ਇਸ ਘਾਟ ਨੂੰ ਪੂਰਾ ਕਰਨ ਦਾ ਨਿਸ਼ਚਾ ਕਰ ਲਿਆ। ਆਪਣੇ ਅਧਿਆਪਨ ਕਿੱਤੇ ਦੇ ਸ਼ੁਰੂ ਤੋਂ ਹੀ ਮੈਂ "ਪੰਜਾਬੀ ਵਿੱਚ ਆਮ ਲੋਕਾਂ ਲਈ ਉਚਿਤ ਤੇ ਦਰੁਸਤ ਵਿਗਿਆਨ ਲੇਖਣ ਕਾਰਜਾਂ" ਦੀ ਹਿਮਾਇਤ ਕੀਤੀ। ਮੈਂ ਪਾਠ ਪੁਸਤਕਾਂ, ਅਖ਼ਬਾਰੀ ਕਾਲਮਾਂ ਅਤੇ ਲੇਖਾਂ ਰਾਹੀਂ ਜਟਿਲ ਵਿਗਿਆਨਕ ਵਿਚਾਰਾਂ ਨੂੰ ਸਪਸ਼ਟ ਅਤੇ ਸਰਲ ਪੰਜਾਬੀ ਵਿੱਚ ਪੇਸ਼ ਕੀਤਾ। ਮੈਂ ਅਜਿਹਾ ਅੰਗਰੇਜ਼ੀ ਭਾਸ਼ਾ ਵਿੱਚ ਕਿਸੇ ਅਯੋਗਤਾ ਕਰਕੇ ਨਹੀਂ ਸੀ ਕੀਤਾ, ਕਿਉਂ ਜੋ ਮੈਂ ਅਜੇ ਵੀ ਅੰਗਰੇਜ਼ੀ ਵਿੱਚ ਖੋਜ ਪੱਤਰ ਪ੍ਰਕਾਸ਼ਿਤ ਕਰਦਾ ਸਾਂ ਅਤੇ ਹੁਣ ਵੀ ਕਰਦਾ ਹਾਂ। ਇਸ ਦੇ ਨਾਲ ਹੀ ਮੇਰੇ ਵਿਗਿਆਨ ਅਧਿਆਪਨ ਕਾਰਜਾਂ ਦਾ ਮਾਧਿਅਮ ਵੀ ਰਵਾਇਤਨ ਅੰਗਰੇਜ਼ੀ ਹੀ ਸੀ। ਮੇਰੇ ਪੰਜਾਬੀ ਵਿੱਚ ਲੇਖਣ ਕਾਰਜਾਂ ਦੀ ਬੁਨਿਆਦ ਦੀ  ਮੂਲ ਧਾਰਣਾ ਇਹ ਸੀ ਕਿ ਸਥਾਨਕ ਭਾਸ਼ਾ ਵਿੱਚ ਵਿਗਿਆਨ ਦੀ ਉਪਲਬਧੀ ਸਮਾਜਕ ਸਮਾਨਤਾ ਦਾ ਸਾਧਨ ਹੈ। ਵਿਗਿਆਨ ਦੇ ਗਿਆਨ ਉੱਤੇ ਸਭ ਦਾ ਹੱਕ ਹੈ ਨਾ ਕਿ ਉਨ੍ਹਾਂ ਲੋਕਾਂ ਦਾ ਹੀ ਜੋ ਬਸਤੀਵਾਦੀ ਲੋਕਾਂ ਦੀ ਬੋਲੀ ਦਾ ਗਿਆਨ ਰੱਖਦੇ ਹੋਣ।

ਇਹ ਕੰਮ ਮੇਰੇ ਲਈ ਬਹੁਤ ਸੰਤੁਸ਼ਟੀ ਪੈਦਾ ਕਰਨ ਵਾਲਾ ਰਿਹਾ ਹੈ। ਪੰਜਾਬੀ ਭਾਸ਼ਾ ਵਿੱਚ ਰਚਿਤ ਮੇਰੀਆਂ ਕਈ ਰਚਨਾਵਾਂ ਹਿੰਦੀ, ਸ਼ਾਹਮੁਖੀ, ਮਰਾਠੀ, ਮਲਿਆਲਮ, ਅੰਗਰੇਜ਼ੀ ਅਤੇ ਰੋਮਾਨੀਅਨ ਭਾਸ਼ਾਵਾਂ ਵਿੱਚ ਵੀ ਅਨੁਵਾਦਿਤ ਹੋਈਆਂ ਹਨ। ਸਪਸ਼ਟ ਹੈ ਕਿ ਆਮ ਲੋਕਾਂ ਲਈ ਰਚਿਤ ਵਿਗਿਆਨਕ ਰਚਨਾਵਾਂ ਦੀ ਮੰਗ ਰਾਜਾਂ ਅਤੇ ਦੇਸ਼ਾਂ ਦੀਆਂ ਸੀਮਾਵਾਂ ਦੇ ਆਰ-ਪਾਰ ਇਕੋ ਜਿਹੀ ਹੈ। ਜਦੋਂ ਪੰਜਾਬ ਦੇ ਕਿਸੇ ਪਿੰਡ ਦੇ ਮਾਪੇ ਮੇਰੀ ਕੋਈ ਕਿਤਾਬ ਪੜ੍ਹ ਕੇ ਬੱਚਿਆਂ ਨੂੰ ਮੌਨਸੂਨ ਦੇ ਬਦਲਦੇ ਰੁਝਾਨ ਬਾਰੇ ਸਮਝਾਉਂਦੇ ਹਨ, ਜਾਂ ਦੇਸ਼-ਵਿਦੇਸ਼ ਦਾ ਕੋਈ ਵਿਦਿਆਰਥੀ ਮੇਰੀ ਪੰਜਾਬੀ ਸਾਇੰਸ ਫਿਕਸ਼ਨ ਪੜ੍ਹ ਕੇ ਪੁਲਾੜੀ ਸੱਭਿਆਤਾਵਾਂ ਬਾਰੇ ਰੁਚਿਤ ਹੁੰਦਾ ਹੈ, ਜਾਂ ਵਿਗਿਆਨ ਦੇ ਖੇਤਰ ਵਿਚ ਆਪਣੇ ਭਵਿੱਖ ਦਾ ਸੁਪਨਾ ਬੁਣਦਾ ਹੈ ਤਾਂ ਮੈਨੂੰ ਲੱਗਦਾ ਹੈ ਕਿ ਮੇਰਾ ਲਿਖਣਾ ਸਫਲ ਹੋਇਆ ਹੈ। ਗਿਆਨ ਤਦ ਹੋਰ ਵੀ ਪ੍ਰਭਾਵਸ਼ਾਲੀ ਹੁੰਦਾ ਹੈ ਜਦੋਂ ਉਹ ਸਹੀ ਰੂਪ ਵਿੱਚ, ਆਮ ਭਾਸ਼ਾ ਰਾਹੀਂ ਅਤੇ ਮਦਦਗਾਰੀ ਢੰਗ ਨਾਲ ਸਾਂਝਾ ਕੀਤਾ ਜਾਵੇ।

**ਨਾਗਰਿਕਾਂ ਲਈ ਅਤਿ-ਲੋੜੀਂਦੇ ਗੁਣ ਵਜੋਂ ਲੇਖਣ: ਵਿਗਿਆਨਕ ਸੋਚ ਦਾ ਵਿਕਾਸ:** ਮੈਂ ਇਸ ਲਈ ਲਿਖਦਾ ਹਾਂ ਕਿਉਂਕਿ ਮੇਰਾ ਵਿਸ਼ਵਾਸ ਹੈ ਕਿ ਵਿਗਿਆਨਕ ਸਾਖਰਤਾ ਸਿਰਫ਼ ਇੱਕ ਵਿੱਦਿਅਕ ਯੋਗਤਾ ਨਹੀਂ, ਬਲਕਿ ਲੋਕਤਾਂਤ੍ਰਿਕ ਪ੍ਰਣਾਲੀ ਵਿੱਚ ਜੀਵਨ ਬਤੀਤ ਕਰ ਰਹੇ ਲੋਕਾਂ ਲਈ ਅਤਿ-ਲੋੜੀਂਦਾ ਗੁਣ ਹੈ। ਭਾਰਤ ਦਾ ਸੰਵਿਧਾਨ ਦੇਸ਼-ਵਾਸੀਆਂ ਵਿੱਚ "ਵਿਗਿਆਨਕ ਮਨੋਵ੍ਰਿਤੀ"(Scientific Temper) ਦੇ ਵਿਕਾਸ ਨੂੰ ਅਹਿਮ ਫ਼ਰਜ਼ ਵਜੋਂ ਦਰਜ ਕਰਦਾ ਹੈ। ਇਹ ਵਿਚਾਰ ਇਸ ਧਾਰਣਾ ਉੱਤੇ ਅਧਾਰਿਤ ਹੈ ਕਿ ਜੋ ਸਮਾਜ ਸੱਚ ਤੇ ਸਬੂਤਾਂ (Evidences) ਦਾ ਮਹੱਤਵ ਜਾਣਦਾ ਹੈ, ਅੰਧਵਿਸ਼ਵਾਸਾਂ ਉੱਤੇ ਉੱਕਤੀ ਦੀ ਸਮਰਥਾ ਰੱਖਦਾ ਹੈ ਅਤੇ ਆਲੋਚਨਾਤਮਕ ਢੰਗ ਵਾਲੀ ਸੋਚ ਰੱਖਦਾ ਹੈ, ਉਹ ਸਮਾਜ ਸਵੈ-ਸ਼ਾਸਨ ਕਰਨ, ਵਾਤਾਵਰਣ ਦੀ ਸੁਰੱਖਿਆ ਕਰਨ ਅਤੇ ਆਪਣੇ ਭਵਿੱਖ ਨੂੰ ਮਹਿਫੂਜ਼ ਰੱਖਣ ਲਈ ਵਧੇਰੇ ਯੋਗ ਹੁੰਦਾ ਹੈ। ਪਰ ਅਜਿਹੇ ਸੰਵਿਧਾਨਕ ਆਦਰਸ਼ ਨੂੰ ਸਾਕਾਰ ਕਰਨ ਲਈ ਅਜਿਹੇ ਵਿਅਕਤੀਆਂ ਤੇ ਸੰਸਥਾਵਾਂ ਦੀ ਲੋੜ ਹੁੰਦੀ ਹੈ, ਜੋ ਵਿਸ਼ੇਸ਼ ਗਿਆਨ ਨੂੰ ਜਨ-ਸਾਧਾਰਣ ਦੀ ਸਮਝ ਅਨੁਸਾਰ ਬਿਆਨ ਕਰ ਸਕਣ। ਉਹ ਜੋ ਪ੍ਰਯੋਗਸ਼ਾਲਾਵਾਂ ਵਿੱਚ ਕੀਤੀਆਂ ਜਾ ਰਹੀਆਂ ਜਟਿਲ ਖੋਜਾਂ ਦੀ ਜਾਣਕਾਰੀ ਨੂੰ ਆਮ ਲੋਕਾਂ ਲਈ ਜਾਨਣ ਤੇ ਸਮਝਣ ਯੋਗ ਬਣਾ ਸਕਣ।

ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਮੈਂ ਅਜਿਹੇ ਹੀ ਵਿਅਕਤੀ ਦਾ ਰੋਲ ਅਦਾ ਕਰਨ ਦੀ ਕੋਸ਼ਿਸ਼ ਕਰਦਾ ਆ ਰਿਹਾ ਹਾਂ। ਮੇਰੀਆਂ ਵਿਗਿਆਨ ਸੰਬੰਧਤ ਰਚਨਾਵਾਂ ਨਵੀਂਆਂ ਖੋਜਾਂ ਅਤੇ ਉਨ੍ਹਾਂ ਦੇ ਸਮਾਜਕ ਪ੍ਰਸੰਗਾਂ ਨਾਲ ਸੰਬੰਧਿਤ ਰਹੀਆਂ ਹਨ।

ਜੇ ਮੈਂ ਹਿਗਜ਼ ਬੋਸੋਨ ਬਾਰੇ ਲਿਖ ਰਿਹਾ ਹਾਂ ਤਾਂ ਮੈਂ ਅਜਿਹਾ ਸਿਰਫ਼ ਇਸ ਲਈ ਨਹੀਂ ਲਿਖਦਾ ਕਿ ਕਣ-ਭੌਤਿਕ ਵਿਗਿਆਨ ਨੂੰ ਸਮਝਾਇਆ ਜਾਵੇ, ਸਗੋਂ ਇਸ ਲਈ ਵੀ ਲਿਖਦਾ ਹਾਂ ਕਿ ਮਨੁੱਖੀ ਜਿਗਿਆਸਾ, ਅੰਤਰਰਾਸ਼ਟਰੀ ਸਹਿਯੋਗ ਅਤੇ ਧੀਰਜ ਭਰਪੂਰ ਢੰਗ ਨਾਲ ਕੀਤੇ ਗਏ ਖੋਜ ਕਾਰਜ ਕਿਵੇਂ ਬ੍ਰਹਿਮੰਡ ਦੇ ਭੇਦ ਖੋਲ੍ਹ ਸਕਦੇ ਹਨ। ਮੈਂ ਜਲਵਾਯੂ ਵਿਗਿਆਨ ਬਾਰੇ ਸਿਰਫ਼ ਵਧ ਰਹੇ ਤਾਪਮਾਨਾਂ ਦੇ ਅੰਕੜੇ ਪੇਸ਼ ਕਰਨ ਲਈ ਨਹੀਂ ਲਿਖਦਾ, ਬਲਕਿ ਵਾਤਾਵਰਣੀ ਜ਼ਿੰਮੇਵਾਰੀ ਨੂੰ ਇੱਕ ਵਿਗਿਆਨਕ ਲੋੜ ਅਤੇ ਨੈਤਿਕ ਫ਼ਰਜ਼ ਵਜੋਂ ਬਿਆਨ ਕਰਨ ਲਈ ਲਿਖਦਾ ਹਾਂ। ਮੈਂ ਪਦਾਰਥ ਵਿਗਿਆਨ, ਬਣਾਉਟੀ ਬੁੱਧੀ ਅਤੇ ਜੀਵ-ਤਕਨਾਲੋਜੀ ਵਿੱਚ ਹੋ ਰਹੀ ਤਰੱਕੀ ਬਾਰੇ ਸਿਰਫ਼ ਜਾਣਕਾਰੀ ਦੇਣ ਲਈ ਨਹੀਂ, ਸਗੋਂ ਅਜਿਹੀ ਖੋਜ ਨਾਲ ਜੁੜੇ ਨੈਤਿਕ ਪ੍ਰਸ਼ਨਾਂ ਨੂੰ ਲੋਕ-ਕਚਿਹਰੀ ਵਿੱਚ ਪੇਸ਼ ਕਰਨ ਲਈ ਲਿਖਦਾ ਹਾਂ ਤਾਂ ਜੋ ਇਹ ਤਕਨੀਕਾਂ ਸਾਡੇ ਭੱਵਿਖ ਨੂੰ ਸਹੀ ਦਿਸ਼ਾ ਵੱਲ ਲਿਜਾ ਸਕਣ।

ਵਿਗਿਆਨਕ ਸੋਚ ਦੇ ਵਿਕਾਸ ਦਾ ਇਹ ਕਾਰਜ ਕਈ ਰੂਪ ਧਾਰਨ ਕਰਦਾ ਹੈ। ਮੈਂ ਵਿਆਪਕ ਪਾਠਕ ਵਰਗ ਵਾਲੇ ਅਖ਼ਬਾਰਾਂ ਅਤੇ ਵੈੱਬਪੋਰਟਲਾਂ ਲਈ ਰਚਨਾਵਾਂ ਲਿਖਦਾ ਰਿਹਾ ਹਾਂ/ਲਿਖਦਾ ਹਾਂ। ਮੇਰਾ ਇਹ ਯਕੀਨ ਰਿਹਾ ਹੈ ਕਿ ਇਹ ਮਾਧਿਅਮ ਉਨ੍ਹਾਂ ਲੋਕਾਂ ਤੱਕ ਪਹੁੰਚ ਰੱਖਦੇ ਹਨ ਜੋ ਵਿਗਿਆਨਕ ਖੋਜ ਪੱਤਰਿਕਾਵਾਂ (Journals) ਤੱਕ ਪਹੁੰਚ ਨਹੀਂ ਰੱਖਦੇ। ਮੈਂ ਕਿਤਾਬਾਂ ਲਿਖਦਾ ਹਾਂ ਜੋ ਸਮੇਂ ਦੇ ਨਾਲ ਸਮਝ ਨੂੰ ਮਜ਼ਬੂਤ ਕਰਦੀਆਂ ਹਨ। ਇਹ ਕਿਤਾਬਾਂ ਮੂਲ ਧਾਰਨਾਵਾਂ ਤੋਂ ਲੈ ਕੇ ਵਧੇਰੇ ਜਟਿਲ ਤੱਥਾਂ ਤੇ ਤਰਕਾਂ ਦਾ ਵਰਨਣ ਕਰਦੀਆਂ ਹਨ। ਮੈਂ ਟੈਲੀਵਿਜ਼ਨ, ਰੇਡੀਓ ਅਤੇ ਯੂ-ਟਿਊਬ ਵਰਗੇ ਸੰਚਾਰ ਮਾਧਿਅਮਾਂ ਦੀ ਵਰਤੋਂ ਰਾਹੀਂ ਵੀ ਵਿਗਿਆਨਕ ਜਾਣਕਾਰੀ ਲੋਕਾਂ ਨਾਲ ਸਾਂਝੀ ਕਰਦਾ ਹਾਂ। ਹੁਣ ਤਕ ਮੈਂ ਸੱਤਰ ਤੋਂ ਵੱਧ ਟੈਲੀਕਾਸਟ/ਯੂ-ਟਿਊਬ ਪ੍ਰਸਾਰਨਾਂ ਅਤੇ ਦਰਜਨਾਂ ਰੇਡੀਓ ਕਾਰਜਕ੍ਰਮਾਂ ਰਾਹੀਂ, ਗਿਆਨ, ਵਿਗਿਆਨ, ਵਾਤਾਵਰਣ ਤੇ ਧਰਮ ਨਾਲ ਜੁੜੇ ਮਸਲਿਆਂ ਬਾਰੇ ਵਿਚਾਰ ਵਟਾਂਦਰਿਆਂ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਨੂੰ ਸਰਲ ਤੇ ਸਪਸ਼ਟ ਵਿਧੀ ਨਾਲ ਦਰਸ਼ਕਾਂ ਤੇ ਸ੍ਰੋਤਿਆਂ ਦੇ ਸਨਮੁੱਖ ਪੇਸ਼ ਕਰ ਚੁੱਕਾ ਹਾਂ। ਮੈਂ ਸਿਰਫ਼ ਸਨਸਨੀਖੇਜ਼ ਖ਼ਬਰਾਂ ਦੇ ਪ੍ਰਸਾਰ ਲਈ ਇਨ੍ਹਾਂ ਸੰਚਾਰ ਮਾਧਿਅਮਾਂ ਦੀ ਵਰਤੋਂ ਨਹੀਂ ਕਰਦਾ ਸਗੋਂ ਲੜੀਵਾਰ ਢੰਗ ਨਾਲ ਲੇਖਾਂ, ਕਾਲਮਾਂ ਅਤੇ ਪ੍ਰਸਾਰਣੀ ਗੱਲਾਂ ਰਾਹੀਂ ਲਗਾਤਾਰਤਾ ਅਤੇ ਭਰੋਸਾ ਬਣਾਉਂਦਾ ਹਾਂ।

ਅਜਿਹੇ ਸੇਵਾ ਕਾਰਜਾਂ ਲਈ ਮੈਨੂੰ ਸੰਨ 2003 ਵਿੱਚ ਭਾਰਤੀ ਵਿਗਿਆਨ ਲੇਖਕ ਸੰਘ ਵੱਲੋਂ ਇਸਵਾ (ISWA) ਸਨਮਾਨ, ਸੰਨ 2006 ਵਿੱਚ ਵਿਗਿਆਨ ਸੰਚਾਰ ਲਈ ਲਾਲਾ ਹਰਦਿਆਲ ਯਾਦਗਾਰੀ ਇਨਾਮ, ਅਤੇ 2010 ਵਿੱਚ ਕੈਨੇਡਾ ਦੀ ਪੀਸ ਆਨ ਅਰਥ ਸੰਸਥਾ ਵੱਲੋਂ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਇਹ ਸਨਮਾਨ ਮੇਰੀ ਵਿਅਕਤੀਗਤ ਮਹਾਨਤਾ ਦਾ ਚਿੰਨ ਨਹੀਂ ਹਨ, ਸਗੋਂ ਇਹ ਤਾਂ ਇਨ੍ਹਾਂ ਯਤਨਾਂ ਦੀ ਲਗਾਤਾਰਤਾ ਅਤੇ ਸਮਾਜਿਕ ਪਹੁੰਚ ਦੀ ਗਵਾਹੀ ਹਨ। ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਇਹ ਸਨਮਾਨ, ਆਮ ਲੋਕਾਂ ਵਿੱਚ ਭਰੋਸੇਯੋਗ, ਸਪਸ਼ਟ ਅਤੇ ਸੰਵੇਦਨਸ਼ੀਲ ਵਿਗਿਆਨਕ ਸੰਚਾਰ ਲਈ ਮੌਜੂਦ ਮੰਗ ਦਾ ਪ੍ਰਗਟਾ ਹਨ। ਲੋਕ ਇਸ ਸੰਸਾਰ ਦੇ ਰਹੱਸਾਂ ਨੂੰ ਜਾਨਣਾ ਤੇ ਸਮਝਣਾ ਚਾਹੁੰਦੇ ਹਨ; ਮੇਰਾ ਕੰਮ ਉਨ੍ਹਾਂ ਦੇ ਇਸ ਸਫ਼ਰ ਵਿੱਚ ਮਦਦ ਕਰਨਾ ਹੈ।

**ਵਾਤਾਵਰਣੀ ਮਸਲਿਆਂ ਬਾਰੇ ਲੇਖਣ:** ਮੈਂ ਲਿਖਦਾ ਹਾਂ ਕਿਉਂਕਿ ਸਾਡਾ ਗ੍ਰਹਿ ਗੰਭੀਰ ਸੰਕਟ ਵਿੱਚ ਹੈ। ਅਜਿਹੇ ਹਾਲਤਾਂ ਵਿੱਚ ਚੁੱਪ ਰਹਿਣਾ ਸਾਂਝੀ ਜ਼ਿੰਮੇਵਾਰੀ ਤੋਂ ਮੁੱਕਰਣ ਦੇ ਬਰਾਬਰ ਹੈ। ਮੇਰਾ ਵਾਤਾਵਰਣੀ ਮਸਲਿਆਂ ਬਾਰੇ ਲਿਖਣਾ ਮੇਰੇ ਵਿਗਿਆਨਕ ਸੋਚ ਦੇ ਵਿਕਾਸ ਸੰਬੰਧਤ ਕਾਰਜਾਂ ਅਤੇ ਮੇਰੀ ਸਿੱਖੀ ਵਿਚਾਰਧਾਰਾ ਨਾਲ ਅਟੁੱਟ ਤੌਰ ਉੱਤੇ ਜੁੜਿਆ ਹੋਇਆ ਹੈ। ਇੱਕ ਭੌਤਿਕ ਵਿਗਿਆਨੀ ਵਜੋਂ, ਮੈਂ ਮੌਸਮੀ ਤਬਦੀਲੀ, ਜੈਵਿਕ ਵਿ ਭਿੰਨਤਾ ਦੀ ਘਾਟ ਅਤੇ ਪ੍ਰਦੂਸ਼ਣ ਸੰਬੰਧੀ ਅੰਕੜਿਆਂ (ਡਾਟੇ) ਨੂੰ ਸਮਝਦਾ ਹਾਂ। ਇੱਕ ਸਿੱਖ ਵਜੋਂ, ਮੈਂ ਗੁਰਬਾਣੀ ਵਿੱਚ ਵਰਣਿਤ 'ਕੁਦਰਤ ਦੇ ਵਿਭਿੰਨ ਸਰੂਪਾਂ'ਦੀ ਸਿੱਖਿਆ ਤੋਂ ਪ੍ਰੇਰਨਾ ਲੈਂਦਾ ਹਾਂ। ਗੁਰਬਾਣੀ ਦਾ ਇਹ ਸੁਝਾਅ ਕਿ ਸਿਰਜਣਾ ਪਵਿੱਤਰ ਹੈ ਤੇ ਦੈਵੀ-ਗੁਣਤਾ ਦਾ ਪ੍ਰਗਟਾਵਾ ਹੈ, ਬਹੁਤ ਅਹਿਮ ਹੈ। ਇਸੇ ਲਈ ਸਾਨੂੰ ਇਸ ਦੇ ਸ਼ੋਸ਼ਕ ਨਹੀਂ, ਸਗੋਂ ਇਸ ਦੇ ਰੱਖਿਆਕਾਰ ਬਣਨ ਲਈ ਸੁਝਾਇਆ ਗਿਆ ਹੈ।

ਮੈਂ ਪੰਜਾਬ, ਦੇਸ਼ ਤੇ ਵਿਸ਼ਵ ਭਰ ਦੇ ਵਾਤਾਵਰਣੀ ਹਾਲਾਤਾਂ ਤੇ ਚੁਣੌਤੀਆਂ ਬਾਰੇ ਲਿਖਦਾ ਹਾਂ। ਅਜਿਹੇ ਕਰਦੇ ਸਮੇਂ ਮੈਂ ਸਥਾਨਕ ਮਸਲਿਆਂ ਨੂੰ ਵਿਸ਼ਾਲ ਵਾਤਾਵਰਣੀ ਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਪ੍ਰਸੰਗ ਵਿੱਚ ਬਿਆਨਦਾ ਹਾਂ। ਮੈਂ ਭਾਰਤੀ ਪੰਜਾਬ ਵਿਚ ਫੈਲੇ ਵਿਭਿੰਨ ਕਿਸਮਾਂ ਦੇ ਪ੍ਰਦੂਸ਼ਣਾਂ ਜਿਵੇਂ ਕਿ ਹਵਾ-ਪ੍ਰਦੂਸ਼ਣ, ਪਾਣੀ-ਪ੍ਰਦੂਸ਼ਣ, ਭੂ-ਪ੍ਰਦੂਸ਼ਣ, ਭੂ-ਖੋਰ, ਸ਼ੋਰ-ਪ੍ਰਦੂਸ਼ਣ ਤੇ ਬਿਜਲ-ਚੁੰਬਕੀ-ਪ੍ਰਦੂਸ਼ਣ ਆਦਿ ਨਾਲ ਸੰਬੰਧਿਤ ਮਸਲਿਆਂ ਉੱਤੇ ਵਿਸਤਾਰ ਨਾਲ ਲਿਖਿਆ ਹੈ। ਮੈਂ ਆਪਣੇ ਲੇਖਾਂ ਤੇ ਕਿਤਾਬਾਂ ਵਿੱਚ ਪੰਜਾਬ ਦੇ ਦਰਿਆਵਾਂ ਵਿੱਚ ਫੈਲੇ ਜਲ-ਪ੍ਰਦੂਸ਼ਣ ਤੇ ਤਾਪ-ਪ੍ਰਦੂਸ਼ਣ, ਖਾਸ ਕਰ ਸਤਲੁਜ ਦਰਿਆ ਦੇ ਪ੍ਰਦੂਸ਼ਣ ਅਤੇ ਸੰਬੰਧਤ ਜਲ-ਜੀਵਾਂ (ਮੱਛੀਆਂ) ਦੀ ਮੌਤ ਵਰਗੀਆਂ ਘਟਨਾਵਾਂ ਬਾਰੇ ਵਿਸਤਾਰਿਤ ਚਰਚਾ ਕੀਤੀ ਹੈ। ਅਜਿਹੇ ਪ੍ਰਦੂਸ਼ਣ ਤੋਂ ਪ੍ਰਭਾਵਿਤ ਮਨੁੱਖੀ ਸਮਾਜ ਦੇ ਮਸਲਿਆਂ ਦਾ ਜ਼ਿਕਰ ਵੀ ਕੀਤਾ ਹੈ। ਮੈਂ ਵਿਸ਼ਵ ਵਾਤਾਵਰਣੀ ਦਿਵਸ ਅਤੇ ਧਰਤੀ

ਦਿਵਸ ਸੰਬੰਧਤ ਕਾਰਜਾਂ ਵਿੱਚ ਵੀ ਭਾਗ ਲਿਆ ਹੈ। ਕੋਵਿਡ-19 ਦੌਰਾਨ ਇਸ ਮਹਾਂਮਾਰੀ ਦੇ ਵਾਤਾਵਰਣੀ ਪ੍ਰਭਾਵਾਂ ਬਾਰੇ ਚਰਚਾਵਾਂ ਵਿੱਚ ਸ਼ਾਮਿਲ ਹੋਇਆ ਹਾਂ, ਅਤੇ ਚਿਰ-ਸਥਾਈ ਖੇਤੀਬਾੜੀ ਕਾਰਜਾਂ, ਊਰਜਾ ਨੀਤੀ ਅਤੇ ਕੂੜ-ਕਬਾੜ ਦੇ ਸਹੀ ਇੰਤਜ਼ਾਮ ਸੰਬੰਧੀ ਸੰਵਾਦਾਂ ਵਿੱਚ ਲਗਾਤਾਰ ਹਿੱਸਾ ਲੈਂਦਾ ਆ ਰਿਹਾ ਹਾਂ।

ਮੇਰੀਆਂ ਵਾਤਾਵਰਣ ਸੰਬੰਧਤ ਲਿਖਤਾਂ ਦਾ ਇਕ ਵਿਲੱਖਣ ਗੁਣ ਇਹ ਹੈ ਕਿ ਇਨ੍ਹਾਂ ਰਚਨਾਵਾਂ ਵਿੱਚ ਵਿਗਿਆਨਕ ਅਤੇ ਆਤਮਕ ਦ੍ਰਿਸ਼ਟੀਕੋਣਾਂ ਦੀ ਸੁਮੇਲਤਾ ਮੌਜੂਦ ਹੁੰਦੀ ਹੈ। ਮੈਂ ਸੰਵਾਦ ਵਿੱਚ ਵਾਤਾਵਰਣੀ ਮਸਲਿਆਂ ਬਾਰੇ ਮਾਪ, ਰੁਝਾਨ ਅਤੇ ਅਨੁਮਾਨ ਸੰਬੰਧਤ ਅੰਕੜੇ ਵਰਨਣ ਤਾਂ ਕਰਦਾ ਹਾਂ, ਪਰ ਨਾਲ ਹੀ ਗੁਰਬਾਣੀ ਵਿੱਚ ਸ੍ਰਿਸ਼ਟੀ ਪ੍ਰਤੀ ਆਦਰ ਤੋਂ ਪੈਦਾ ਹੋਏ ਨੈਤਿਕ ਗੁਣਾਂ ਨੂੰ ਵੀ ਬਿਆਨ ਕਰਦਾ ਹਾਂ। ਇਹ ਸੁਮੇਲਤਾ ਭਰੀ ਆਵਾਜ਼ ਖ਼ਾਸ ਤੌਰ ਉੱਤੇ ਉਹਨਾਂ ਪਾਠਕਾਂ ਲਈ ਮਹੱਤਵਪੂਰਨ ਹੁੰਦੀ ਹੈ ਜੋ ਧਾਰਮਿਕ ਸਿਧਾਂਤਾਂ ਉੱਤੇ ਭਰੋਸਾ ਕਰਦੇ ਹਨ ਪਰ ਇਸ ਦੇ ਨਾਲ ਹੀ ਉਹ ਵਾਤਾਵਰਣੀ ਖਤਰੇ ਬਾਰੇ ਦਰੁਸਤ ਤੇ ਸਬੂਤ-ਆਧਾਰਿਤ ਅਗੁਵਾਈ ਦੀ ਜ਼ਰੂਰਤ ਮਹਿਸੂਸ ਕਰਦੇ ਹਨ। ਜਦੋਂ ਮੈਂ ਇਹ ਬਿਆਨ ਕਰਦਾ ਹਾਂ ਕਿ ਵਾਤਾਵਰਣ ਦੀ ਸੰਭਾਲ ਨਾ ਸਿਰਫ਼ ਵਿਗਿਆਨਕ ਤੌਰ ਉੱਤੇ ਹੀ ਲਾਜ਼ਮੀ ਹੈ ਅਤੇ ਸਗੋਂ ਨੈਤਿਕ ਤੌਰ ਉੱਤੇ ਵੀ ਇਹ ਸਾਡਾ ਫ਼ਰਜ਼ ਹੈ, ਤਾਂ ਮੈਂ ਅਜੋਕੇ ਸਮੇਂ ਦੇ ਲੋੜੀਂਦੇ ਗਿਆਨ ਨੂੰ ਉਨ੍ਹਾਂ ਲੋਕਾਂ ਤੱਕ ਪਹੁੰਚਾਣ ਵਿੱਚ ਸਫ਼ਲ ਹੋਇਆ ਮਹਿਸੂਸ ਕਰਦਾ ਹਾਂ ਜੋ ਜਾਂ ਤਾਂ ਵਿਗਿਆਨ ਨੂੰ ਨਜ਼ਰਅੰਦਾਜ਼ ਕਰਦੇ ਹਨ ਜਾਂ ਧਾਰਮਿਕ ਗ੍ਰੰਥਾਂ ਨੂੰ।

ਮੌਸਮੀ ਤਬਦੀਲੀ ਦੇ ਭੈੜੇ ਪ੍ਰਭਾਵ, ਜੈਵਿਕ ਵਿਭਿੰਨਤਾ ਦਾ ਨਸ਼ਟ ਹੋਣਾ, ਅਤੇ ਪ੍ਰਦੂਸ਼ਣ ਦੇ ਮਾੜੇ ਅਸਰ ਸਿਰਫ਼ ਤਕਨੀਕੀ ਹੱਲਾਂ ਨਾਲ ਨਹੀਂ ਸੁਲਝਾਏ ਜਾ ਸਕਦੇ; ਇਨ੍ਹਾਂ ਲਈ ਸਭਿਆਚਾਰ, ਨੈਤਿਕਤਾ ਅਤੇ ਸਥਾਨਕ ਭਾਸ਼ਾਵਾਂ ਵਿੱਚ ਪ੍ਰਬਲ ਜਨ-ਸੰਸਥਾਵਾਂ ਦੀ ਲੋੜ ਹੈ। ਮੇਰੀ ਲਿਖਤ ਦਾ ਉਦੇਸ਼ ਅਜਿਹੀਆਂ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਹੈ, ਜੋ ਸਮੇਂ ਦੀ ਲੋੜ ਅਨੁਸਾਰ ਉੱਚਿਤ ਗਿਆਨ ਨਾਲ ਭਰਪੂਰ ਅਤੇ ਵਾਤਵਰਣੀ ਸਾਂਭ-ਸੰਭਾਲ ਲਈ ਉੱਦਮੀ ਵਿਵਹਾਰ ਰੱਖਦੀਆਂ ਹੋਣ। ਅਜਿਹੇ ਲੇਖਣ ਕਾਰਜਾਂ ਦਾ ਇਹ ਵੀ ਆਸ਼ਾ ਹੈ ਕਿ ਅਜਿਹੇ ਸਮਾਜ ਦੀ ਸਿਰਜਣਾ ਹੋ ਸਕੇ ਜਿਸ ਦੇ ਮੈਂਬਰ ਵਿਗਿਆਨ ਨੂੰ ਸਮਝਦੇ ਹੋਣ ਅਤੇ ਨੈਤਿਕ ਜ਼ੁੰਮੇਵਾਰੀ ਨੂੰ ਮਹਿਸੂਸ ਕਰਦੇ ਹੋਏ ਵਾਤਾਵਰਣੀ ਮਸਲਿਆਂ ਨੂੰ ਨਜਿੱਠਣ ਲਈ ਲੋੜੀਂਦੀਆਂ ਕਾਰਵਾਈਆਂ ਕਰਨ ਲਈ ਤੱਤਪਰ ਹੋਣ।

ਮੈਨੂੰ ਖੁਸ਼ੀ ਹੈ ਕਿ ਮੇਰੀਆਂ ਵਾਤਾਵਰਣ ਸੰਬੰਧਤ ਲਿਖਤਾਂ ਨੂੰ ਵਿਦਿਅਕ ਅਦਾਰਿਆਂ ਅਤੇ ਪਾਠਕ ਵਰਗ ਵਲੋਂ ਚੰਗਾ ਹੁੰਗਾਰਾ ਮਿਲਿਆ ਹੈ। ਸੰਨ 2007 ਵਿੱਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੈਨੂੰ "ਵਾਤਾਵਰਣੀ ਮਸਲੇ ਅਤੇ ਸਮਾਧਾਨ" ਵਿਸ਼ੇ ਬਾਰੇ ਪਾਠ-ਪੁਸਤਕ ਤਿਆਰ ਕਰਨ ਦਾ ਕਾਰਜ ਸੌਂਪਿਆ ਜੋ ਯੂਨੀਵਰਸਿਟੀ ਵਲੋਂ ਸੰਨ 2008 ਛਾਪੀ ਗਈ। ਇਹ ਕਿਤਾਬ ਪੰਜਾਬੀ ਯੂਨੀਵਰਸਿਟੀ ਦੇ ਤਿੰਨ ਸਾਲਾਂ ਡਿਗਰੀ ਪ੍ਰੋਗਰਾਮ (ਬੀ. ਏ.) ਦੇ ਸਿਲੇਬਸ ਦਾ ਅੰਗ ਬਣ, ਅਗਲੇ ਕਈ ਸਾਲਾਂ ਤਕ ਵਿਦਿਆਰਥੀਆ ਦਾ ਰਾਹ ਦਸੇਰਾ ਬਣੀ ਰਹੀ। ਇਨ੍ਹਾਂ ਦਿਨ੍ਹਾਂ ਵਿਚ ਹੀ ਮੇਰੀਆ ਕਈ ਰਚਨਾਵਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਮ.ਏ. (ਪੰਜਾਬੀ), ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬੀ. ਏ. (ਆਨਰਜ਼) ਡਿਗਰੀ ਦੇ ਸਿਲੇਬਸ ਵਿਚ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ 'ਡਿਪਾਰਟਮੈਂਟ ਆਫ਼ ਅਡਲਟ, ਕੰਨਟੀਨਿਊਇੰਗ ਐਜੂਕੇਸ਼ਨ ਐਂਡ ਐਕਸਟੈਂਸ਼ਨ'ਦੇ ਸਿਲੇਬਸ ਵਿਚ ਸ਼ਾਮਿਲ ਕੀਤੀਆ ਗਈਆ। ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਲੋਂ ਛਾਪੀ ਗਈ ਮੇਰੀ ਕਿਤਾਬ "ਵਾਤਾਵਰਣੀ ਪ੍ਰਦੂਸ਼ਣ"(2004) ਅੱਜ ਵੀ ਸੰਸਾਰ ਤੇ ਪੰਜਾਬ ਦੇ ਵਾਤਾਵਰਣੀ ਹਾਲਤਾਂ ਦਾ ਇਕ ਅਹਿਮ ਦਸਤਾਵੇਜ਼ ਹੈ। ਪਿਛਲੇ ਸਾਲਾਂ ਦੌਰਾਨ ਇਸ ਕਿਤਾਬ ਦੇ ਅਨੇਕ ਲੇਖ ਗੁਰੂ ਨਾਨਕ ਖਾਲਸਾ ਕਾਲਜ ਫਾਰ ਵੁਮੈਨ, ਲੁਧਿਆਣਾ ਦੇ ਕਮਿਊਨਟੀ ਰੀਚ ਰੇਡੀਓ ਪ੍ਰੋਗ੍ਰਾਮ ਤਹਿਤ ਪ੍ਰਸਾਰਿਤ ਕੀਤੇ ਜਾਂਦੇ ਰਹੇ ਹਨ।

ਸੰਨ 2019 ਵਿਚ ਮੇਰੀ ਵਾਤਾਵਰਣੀ ਨਾਟਕਾਂ ਦੀ ਕਿਤਾਬ "ਸਤਰੰਗੀ ਪੀਂਘ ਅਤੇ ਹੋਰ ਨਾਟਕ" ਪੰਜਾਬੀ ਬਾਲ ਅਦਬੀ ਬੋਰਡ, ਲਾਹੌਰ ਵਲੋਂ ਸ਼ਾਹਮੁਖੀ ਲਿਪੀ ਵਿਚ ਛਾਪੀ ਗਈ। ਵਰਨਣਯੋਗ ਹੈ ਕਿ ਇਸ ਕਿਤਾਬ ਉੱਤੇ ਖੋਜ ਕਾਰਜਾਂ ਲਈ ਵਿਦਿਆਰਥਣ ਨਿਮਰਾ ਕਿਊਮ ਨੂੰ ਗੌਰਮਿੰਟ ਕਾਲਜ ਵੂਮੈਂਨ ਯੂਨੀਵਰਸਿਟੀ, ਲਾਹੌਰ ਵਲੋਂ ਬੀ. ਐੱਸ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਮੇਰੇ ਵਾਤਾਵਰਣੀ ਰਚਨਾਵਾਂ ਸੰਬੰਧੀ ਖੋਜ ਕਾਰਜਾਂ ਸੰਬੰਧਤ ਦੋ ਹੋਰ ਵਿਦਿਆਰਥਣਾਂ ਮਨਦੀਪ ਖੋਖਰ ਅਤੇ ਮੀਨਾ ਸ਼ਰਮਾ ਨੂੰ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਜਲੰਧਰ, ਪੰਜਾਬ, ਭਾਰਤ ਵਲੋਂ ਪੀਐੱਚ. ਡੀ. ਦੀਆਂ ਡਿਗਰੀਆ ਪ੍ਰਦਾਨ ਕੀਤੀ ਗਈਆ ਹਨ। ਮੈਨੂੰ ਤਸੱਲੀ ਹੈ ਕਿ ਪੰਜਾਬੀ ਭਾਈਚਾਰੇ ਵਿਚ ਵਾਤਾਵਰਣੀ ਚੇਤਨਾ ਪੈਦਾ ਕਰਨ ਦੀਆਂ ਮੇਰੀਆਂ ਨਿਮਾਣੀਆ ਕੋਸ਼ਿਸਾਂ ਨੂੰ ਚੰਗਾ ਹੁੰਗਾਰਾ ਮਿਲਿਆ ਹੈ।

ਬੱਚਿਆਂ ਵਿੱਚ ਵਾਤਾਵਰਣੀ ਮਸਲਿਆਂ ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਮੈਂ ਪਿਛਲੇ ਸਾਲਾਂ ਵਿੱਚ "ਧਰਤੀ ਮਾਂ ਬੀਮਾਰ ਹੈ ਅਤੇ ਹੋਰ ਨਾਟਕ"(2021), "ਰੋਬੋਟ, ਮਨੁੱਖ ਤੇ ਕੁਦਰਤ"(2022), "ਜੱਸੀ ਅਤੇ ਜਲਗਾਹਾਂ ਦੀ ਦੁਨੀਆ ਤੇ ਹੋਰ ਕਹਾਣੀਆਂ"(2025) ਅਤੇ "ਚਿੰਕੂ ਖਰਗੋਸ਼ ਅਤੇ ਸ਼ਹਿਰ ਦੀ

ਸੈਰ"(2025) ਦੀ ਰਚਨਾ ਕੀਤੀ। ਇਹ ਚਾਰੇ ਕਿਤਾਬਾਂ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ।

**ਵਿਗਿਆਨ ਅਤੇ ਧਰਮ ਵਿਚਕਾਰ ਪੁਲ ਸਿਰਜਣ ਲਈ ਲੇਖਣ:** ਮੈਂ ਇਸ ਲਈ ਲਿਖਦਾ ਹਾਂ ਕਿਉਂਕਿ ਮੈਨੂੰ ਯਕੀਨ ਹੈ ਕਿ ਵਿਗਿਆਨ ਅਤੇ ਧਰਮ ਵਿਚਕਾਰ ਦਿੱਸਣ ਵਾਲਾ ਟਕਰਾਅ ਅਕਸਰ ਇੱਕ ਗਲਤ ਧਾਰਣਾ ਹੈ, ਜੋ ਗਲਤਫ਼ਹਿਮੀਆਂ ਅਤੇ ਜਾਣਕਾਰੀ ਦੀ ਘਾਟ ਤੋਂ ਪੈਦਾ ਹੁੰਦਾ ਹੈ। ਇੱਕ ਭੌਤਿਕ ਵਿਗਿਆਨੀ ਅਤੇ ਸਿੱਖ ਵਿਦਵਾਨ ਹੋਣ ਦੇ ਨਾਤੇ, ਮੈਂ ਐਸੇ ਮੁਕਾਮ ਉੱਤੇ ਖੜਾ ਹਾਂ ਜਿਸ ਨੂੰ ਕੁਝ ਲੋਕ ਵਿਰੋਧਾਭਾਸੀ ਸਮਝ ਸਕਦੇ ਹਨ। ਕੋਈ ਵਿਅਕਤੀ ਕਿਵੇਂ ਪ੍ਰਯੋਗਸ਼ਾਲਾ ਵਿੱਚ ਤਜਰਬੇ ਅਧਾਰਿਤ ਖੋਜ ਕਰ ਸਕਦਾ ਹੈ ਅਤੇ ਨਾਲ ਹੀ ਰਹੱਸਮਈ ਧਾਰਮਿਕ ਗ੍ਰੰਥਾਂ ਨਾਲ ਗਹਿਰਾਈ ਨਾਲ ਜੁੜਿਆ ਰਹਿ ਸਕਦਾ ਹੈ? ਉਹੀ ਮਨ ਜੋ ਪਾਲੀਮਰਾਂ ਵਿੱਚ ਪਰਾ-ਧੁਨੀ ਤਰੰਗਾਂ ਦੀ ਪ੍ਰਸਾਰ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦਾ ਹੈ, ਪ੍ਰਭੂ ਦੇ ਸਰੂਪ 'ਤੇ ਵੀ ਕਿਵੇਂ ਚਿੰਤਨ ਕਰ ਸਕਦਾ ਹੈ?

ਮੇਰੇ ਅਨੁਭਵ ਅਨੁਸਾਰ, ਇਸ ਦਾ ਜਵਾਬ, ਵਿਗਿਆਨ ਅਤੇ ਧਰਮ ਦੇ ਵੱਖ-ਵੱਖ ਖੇਤਰਾਂ ਅਤੇ ਢੰਗਾਂ ਨੂੰ ਮੰਨਣ ਵਿੱਚ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਨੈਤਿਕ ਰੋਲ ਨੂੰ ਸਵੀਕਾਰ ਕਰਨ ਵਿੱਚ ਵੀ। ਵਿਗਿਆਨ ਪਦਾਰਥੀ ਸੰਸਾਰ ਦੀ ਜਾਂਚ ਕਰਨ ਦਾ ਇੱਕ ਢੰਗ ਹੈ, ਜੋ ਪ੍ਰੇਖਣ, ਪ੍ਰਯੋਗ ਅਤੇ ਤਰਕ 'ਤੇ ਆਧਾਰਿਤ ਹੈ। ਇਹ ਸਾਨੂੰ ਦੱਸਦਾ ਹੈ ਕਿ ਚੀਜ਼ਾਂ ਕਿਵੇਂ ਕੰਮ ਕਰਦੀਆਂ ਹਨ; ਧੁਨੀ ਤਰੰਗਾਂ ਕਿਵੇਂ ਪ੍ਰਸਾਰ ਕਰਦੀਆਂ ਹਨ, ਵਾਤਾਵਰਣੀ ਪ੍ਰਣਾਲੀਆਂ ਕਿਵੇਂ ਕੰਮ ਕਰਦੀਆਂ ਹਨ, ਬਿਮਾਰੀਆਂ ਕਿਵੇਂ ਫੈਲਦੀਆਂ ਹਨ ਆਦਿ। ਧਰਮ, ਅਤੇ ਖ਼ਾਸ ਕਰ ਕੇ ਸਿੱਖੀ ਵਿਚਾਰਧਾਰਾ, ਵੱਖਰੇ ਸਵਾਲਾਂ ਨੂੰ ਸੰਬੋਧਨ ਕਰਦੇ ਹਨ: ਸਾਡੀ ਹੋਂਦ ਦਾ ਕੀ ਮੰਤਵ ਹੈ? ਸਾਨੂੰ ਕਿਵੇਂ ਜੀਣਾ ਚਾਹੀਦਾ ਹੈ? ਇੱਕ-ਦੂਜੇ ਸੰਬੰਧੀ ਅਤੇ ਸ੍ਰਿਸ਼ਟੀ ਸੰਬੰਧੀ ਸਾਡੀਆਂ ਕੀ ਜ਼ਿੰਮੇਵਾਰੀਆਂ ਹਨ? ਵਿਗਿਆਨ ਅਤੇ ਧਰਮ ਦੇ ਖੇਤਰਾਂ ਦੇ ਇਹ ਸਵਾਲ ਇੱਕੋ ਕਿਸਮ ਦੇ ਸਵਾਲ ਨਹੀਂ ਹਨ। ਇਨ੍ਹਾਂ ਸਵਾਲਾਂ ਦੇ ਜਵਾਬ ਪ੍ਰਸਪਰ ਤੌਰ ਉੱਤੇ ਇਕ ਦੂਜੇ ਦੇ ਪੂਰਕ ਹਨ।

ਮੇਰਾ 2021 ਦਾ ਖੋਜ ਪੱਤਰ, "ਸਾਇੰਸ-ਰਿਲੀਜਨ ਡਾਇਲਾਗ - ਸਿੱਖੀ ਦ੍ਰਿਸ਼ਟੀਕੋਣ", ਇਸ ਨਜ਼ਰੀਏ ਨੂੰ ਵਿਸਥਾਰ ਨਾਲ ਪੇਸ਼ ਕਰਦਾ ਹੈ। ਪਿਛਲੇ ਸਾਲਾਂ ਦੌਰਾਨ ਪ੍ਰਕਾਸ਼ਿਤ ਹੋਈਆਂ ਮੇਰੀਆਂ ਕਿਤਾਬਾਂ "ਸਾਇੰਸ ਐਂਡ ਸਿੱਖਇਜ਼ਮ - ਕੋਨਫਲਿਕਟ ਔਰ ਕੋਹੇਰੈਂਸ"(2018) ਅਤੇ "ਰੈਸ਼ਨੇਲਟੀ ਐਂਡ ਰੇਵੇਲੈਸ਼ਨ"(2025) ਉਪਰੋਕਤ ਵਿਚਾਰਧਾਰਾ ਦਾ ਵਿਸਤਾਰਿਤ ਵਰਨਣ ਕਰਦਿਆ ਹਨ। ਮੇਰੀ ਦਲੀਲ ਹੈ ਕਿ ਗੁਰਬਾਣੀ ਨੂੰ ਵਿਗਿਆਨ-ਵਿਰੋਧੀ ਵਿਚਾਰਧਾਰਾ ਵਜੋਂ ਨਹੀਂ, ਬਲਕਿ ਤਕਨੀਕੀ ਤਰੱਕੀ ਲਈ ਇਸ ਨੂੰ ਨੈਤਿਕ ਆਧਾਰ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ। ਸਿੱਖੀ ਨੈਤਿਕ ਗੁਣ: ਸਚਾਈ, ਨਿਮਰਤਾ, ਸੇਵਾ, ਅਤੇ ਕੁਦਰਤ ਪ੍ਰਤੀ ਆਦਰ, ਵਿਗਿਆਨਕ ਲਾਲਸਾਵਾਂ ਨੂੰ ਨਿਯਮਿਤ ਕਰ ਸਕਦੇ ਹਨ ਅਤੇ ਨਵੀਂਆਂ ਖੋਜਾਂ ਨੂੰ ਸਰਬੱਤ ਦੇ ਭਲੇ ਦੇ ਸਿਧਾਂਤ ਨਾਲ ਜੋੜ ਕੇ ਰੱਖ ਸਕਦੇ ਹਨ। ਇਹ ਕੋਈ ਸਰਸਰੀ ਸੁਮੇਲਤਾ ਨਹੀਂ ਜੋ ਕਠਿਨ ਉਲਝਣਾਂ ਨੂੰ ਨਜ਼ਰਅੰਦਾਜ਼ ਕਰ ਦੇਵੇ। ਸਗੋਂ, ਇਹ ਇੱਕ ਸਿਧਾਂਤਕ ਸੰਵਾਦ ਹੈ ਜੋ ਮਨੁੱਖੀ ਗਿਆਨ ਦੀਆਂ ਸੀਮਾਵਾਂ ਦਾ ਸਤਿਕਾਰ ਕਰਦਾ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਵਿਗਿਆਨ ਅਤੇ ਧਰਮ ਦੋਵੇਂ ਮਨੁੱਖੀ ਵਿਕਾਸ ਦੇ ਨੈਤਿਕ ਪ੍ਰੋਜੈਕਟ ਵਿੱਚ ਮਿਲ ਕੇ ਯੋਗਦਾਨ ਪਾ ਸਕਦੇ ਹਨ।

ਮੈਂ ਇਸ ਸੰਵਾਦ ਬਾਰੇ ਵਿਸਥਾਰ ਨਾਲ ਲਿਖਦਾ ਆ ਰਿਹਾ ਹਾਂ; ਕਿਤਾਬਾਂ, ਲੇਖਾਂ ਅਤੇ ਕਹਾਣੀਆ ਦੇ ਰੂਪ ਵਿੱਚ, ਚਾਹੇ ਉਹ ਅਕਾਦਮਿਕ ਪਾਠਕ ਹੋਣ ਜਾਂ ਆਮ ਪਾਠਕ। ਅੱਜ ਕਲ ਮੈਂ ਅਰਿਹੰਤਾ ਇੰਸਟੀਚਿਊਟ, ਸੇਨ ਹੋਜ਼ੇ, ਅਮਰੀਕਾ ਵਿੱਚ ਧਾਰਮਿਕ ਅਧਿਐਨ ਦਾ ਪ੍ਰੋਫ਼ੈਸਰ ਹਾਂ ਅਤੇ ਦਿ ਸਿੱਖ ਰਿਵਿਊ, ਕਲਕੱਤਾ ਅਤੇ ਜਰਨਲ ਆਫ਼ ਸਟਡੀਜ਼ ਇਨ ਸਿੱਖਿਜ਼ਮ ਐਂਡ ਕੰਪੈਰੇਟਿਵ ਰਿਲੀਜਨ, ਨਵੀਂ ਦਿੱਲੀ ਦੀ ਸੰਪਾਦਕੀ ਬੋਰਡ ਦਾ ਮੈਂਬਰ ਵੀ ਹਾਂ। ਆਪਣੇ ਕੰਮ ਵਿੱਚ ਮੈਂ ਇਹ ਪੜਤਾਲ ਕੀਤੀ ਹੈ ਕਿ ਕੀ ਵਿਗਿਆਨ ਅਤੇ ਸਿੱਖ ਧਰਮ ਵਿਚਕਾਰ ਟਕਰਾਅ ਹੈ ਜਾਂ ਤਾਲਮੇਲ; ਗੁਰਮਤਿ ਕਿਵੇਂ ਤਕਨਾਲੋਜੀ ਅਤੇ ਆਧੁਨਿਕਤਾ ਨੂੰ ਇਸ ਤਰ੍ਹਾਂ ਦਾ ਆਕਾਰ ਦੇ ਸਕਦੀ ਹੈ ਕਿ ਨਾ ਤਾਂ ਇਸ ਉੱਪਰ ਸਾਡੀ ਵਿਗਿਆਨ ਪ੍ਰਧਾਨ ਸੋਚ (ਨੈਵ ਸਾਇੰਟਿਜ਼ਮ) ਹੀ ਭਾਰੂ ਹੋਵੇ ਤੇ ਨਾ ਹੀ ਅਸੀਂ ਅਕਲ-ਵਿਰੋਧੀ ਰੁਝਾਨਾਂ ਵਿੱਚ ਫਸੀਏ। ਮੇਰੀ ਖੋਜ ਇਹ ਵੀ ਰਹੀ ਹੈ ਕਿ ਮਨੁੱਖੀ ਸਮਾਜ ਕਿਵੇਂ, ਨੈਤਿਕ ਤੇ ਆਤਮਿਕ ਗੁਣਾਂ ਨੂੰ ਨਜ਼ਰ ਅੰਦਾਜ਼ ਕੀਤੇ ਬਿਨ੍ਹਾਂ, ਬਣਾਉਟੀ ਬੁੱਧੀ (Artificial Intelligence) ਵਰਗੀਆਂ ਨਵੀਆਂ ਤਕਨਾਲੋਜੀਆਂ ਨੂੰ ਸਮਝਦਾਰੀ ਨਾਲ ਅਪਣਾ ਸਕਦਾ ਹੈ।

ਇਹ ਕੰਮ ਬਹੁਤ ਜ਼ਰੂਰੀ ਹੈ। ਅਸੀਂ ਧੁਰਵੀਕਰਣ ਦੇ ਯੁੱਗ ਵਿੱਚ ਜੀ ਰਹੇ ਹਾਂ। ਜਿੱਥੇ ਧਾਰਮਿਕ ਭਾਈਚਾਰਿਆਂ ਨੂੰ ਅਕਸਰ ਵਿਗਿਆਨ ਦੇ ਵਿਰੋਧੀ ਵਜੋਂ ਦਰਸਾਇਆ ਜਾਂਦਾ ਹੈ ਅਤੇ ਇਸ ਦੇ ਠੀਕ ਉਲਟ ਵਿਗਿਆਨਕ ਸਮੁਦਾਇ ਕਈ ਵਾਰ ਧਰਮ ਨੂੰ ਸਿਰਫ਼ ਅੰਧਵਿਸ਼ਵਾਸ ਸਮਝ ਕੇ ਰੱਦ ਕਰ ਦਿੰਦੇ ਹਨ। ਦੋਵੇਂ ਤਸਵੀਰਾਂ ਖ਼ਤਰਨਾਕ ਹਨ। ਅਜਿਹੇ ਵਿਚਾਰ ਉਸ ਸਹਿਯੋਗ ਦੇ ਰਾਹ ਵਿੱਚ ਰੁਕਾਵਟ ਬਣਦੇ ਹਨ ਜਿਸ ਦੀ ਸਾਨੂੰ ਮੌਸਮੀ ਬਦਲਾਅ, ਜੀਵ-ਨੈਤਿਕਤਾ (Bioethics) ਅਤੇ ਸਮਾਜੀ ਨਿਆਂ ਵਰਗੀਆਂ ਸਾਂਝੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਬੇਹੱਦ ਲੋੜ ਹੈ। ਵਿਗਿਆਨ ਅਤੇ ਸਿੱਖ ਧਰਮ ਦੀ ਸੁਮੇਲਤਾ ਸੰਬੰਧਤ ਲਿਖਦਿਆਂ, ਮੇਰੀ ਆਸ ਹੈ ਕਿ ਮੈਂ ਇੱਕ ਅਜਿਹਾ

ਵੱਖਰਾ ਰਾਹ ਸੁਝਾ ਸਕਾਂ, ਜਿਸ ਵਿੱਚ ਕਠੋਰ ਬੌਧਿਕ ਪੜਤਾਲ ਅਤੇ ਆਤਮਕ ਗਿਆਨ ਇਕ-ਦੂਜੇ ਨੂੰ ਘਟਾਉਣ ਦੀ ਬਜਾਏ, ਹੋਰ ਸਮਰਥ ਬਣਾ ਸਕਣ।

**ਕਲਾਸਰੂਮ ਤੋਂ ਬਾਹਰ ਸਿੱਖਿਆ ਕਾਰਜਾਂ ਵਜੋਂ ਲੇਖਣ:** ਮੈਂ ਲਿਖਦਾ ਹਾਂ ਕਿਉਂ ਕਿ ਸਿੱਖਿਆ ਦੀ ਹਰ ਥਾਂ ਲੋੜ ਹੁੰਦੀ ਹੈ, ਸਿੱਖਿਆ ਕਾਰਜ ਸਿਰਫ਼ ਕਲਾਸਰੂਮਾਂ ਤੱਕ ਸੀਮਿਤ ਨਹੀਂ ਰਹਿਣੇ ਚਾਹੀਦੇ। ਭਾਰਤ ਅਤੇ ਕੈਨੇਡਾ ਵਿੱਚ, ਰਸਮੀ ਸੰਸਥਾਵਾਂ ਅਤੇ ਗੈਰ-ਰਸਮੀ ਸਿੱਖਲਾਈ ਕਾਰਜਾਂ ਵਿੱਚ, ਚਾਲੀ ਸਾਲ ਤੋਂ ਵੱਧ ਸਮੇਂ ਦੇ ਅਧਿਆਪਨ ਦੌਰਾਨ ਮੈਂ ਸੈਂਕੜੇ ਵਿਦਿਆਰਥੀਆਂ ਨੂੰ ਭੌਤਿਕ ਵਿਗਿਆਨ ਪੜ੍ਹਾਇਆ ਹੈ। ਪਰ ਮੈਂ ਹਮੇਸ਼ਾ ਇਹ ਸਮਝਿਆ ਹੈ ਕਿ ਸਿੱਖਿਆ ਕਾਲਜ ਜਾਂ ਯੂਨੀਵਰਸਿਟੀ ਦੀਆਂ ਦੀਵਾਰਾਂ ਤੋਂ ਪਰੇ ਵੀ ਹੋਂਦ ਰੱਖਦੀ ਹੈ। ਇਹ ਅਖ਼ਬਾਰਾਂ ਵਿੱਚ, ਟੈਲੀਵਿਜ਼ਨ ਉੱਤੇ, ਕਮਿਊਨਿਟੀ ਸੈਂਟਰਾਂ ਵਿੱਚ ਵੀ, ਅਤੇ ਉਨ੍ਹਾਂ ਘਰਾਂ ਵਿੱਚ ਵੀ ਮੌਜੂਦ ਹੁੰਦੀ ਹੈ ਜਿੱਥੇ ਮਾਪੇ ਆਪਣੇ ਬੱਚਿਆਂ ਨੂੰ ਪੜ੍ਹ ਕੇ ਸੁਣਾਉਂਦੇ ਹਨ।

ਜਦੋਂ ਮੈਂ ਮਿਸੀਸਾਗਾ ਵਿੱਚ ਐਕੂਸਟਿਕਸ ਰਿਸਰਚ ਸੈਂਟਰ ਦੀ ਸਥਾਪਨਾ ਕੀਤੀ ਅਤੇ ਓਨਟਾਰੀਓ ਵਿੱਚ ਸੈਂਟਰ ਫ਼ਾਰ ਅੰਡਰਸਟੈਂਡਿੰਗ ਸਿੱਖਿਜ਼ਮ ਕਾਇਮ ਕੀਤਾ, ਤਾਂ ਮੈਂ ਦਰਅਸਲ ਸਿੱਖਿਆ ਸੰਸਥਾਵਾਂ ਹੀ ਬਣਾਈਆਂ; ਉਹ ਥਾਵਾਂ ਜਿੱਥੇ ਗਿਆਨ ਪੈਦਾ ਹੁੰਦਾ ਹੈ, ਸਾਂਝਾ ਕੀਤਾ ਜਾਂਦਾ ਹੈ ਅਤੇ ਹਕੀਕਤੀ ਦੁਨੀਆ ਦੀਆਂ ਸਮੱਸਿਆਵਾਂ 'ਤੇ ਲਾਗੂ ਕੀਤਾ ਜਾਂਦਾ ਹੈ। ਕੈਂਬਰਿਜ ਲਰਨਿੰਗ ਸੰਸਥਾ ਦੇ ਨਿਰਦੇਸ਼ਕ ਵਜੋਂ ਜਦੋਂ ਮੈਂ ਸੈਕੰਡਰੀ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀ ਭੌਤਿਕ ਵਿਗਿਆਨ ਜਾਂ ਹੋਰ ਸੰਬੰਧਤ ਵਿਗਿਆਨਾਂ ਬਾਰੇ ਗਿਆਨ ਪ੍ਰਾਪਤੀ ਵਿਚ ਮਦਦ ਕਰਦਾ ਹਾਂ ਜਾਂ ਉਨ੍ਹਾਂ ਵਲੋਂ ਉਚੇਰੀ ਪੜ੍ਹਾਈ ਲਈ ਸਹੀ ਖੇਤਰ ਦੀ ਚੋਣ ਕਰਨ ਵਿਚ ਰਾਹਨੁਮਾਈ ਕਰਦਾ ਹਾਂ, ਤਾਂ ਮੈਂ ਸਿੱਖਿਆ ਦੇ ਰਿਹਾ ਹੁੰਦਾ ਹਾਂ। ਜਦੋਂ ਮੈਂ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਵਿੱਚ ਵਿਗਿਆਨ ਗਲਪ ਕਹਾਣੀਆਂ ਲਿਖਦਾ ਹਾਂ, ਖਾਸ ਕਰ ਛੋਟੀਆਂ ਕਹਾਣੀਆਂ ਅਤੇ ਬੱਚਿਆਂ ਲਈ ਕਿਤਾਬਾਂ, ਜੋ ਹੈਰਾਨੀ ਪੈਦਾ ਕਰਨ ਅਤੇ ਕਹਾਣੀ ਰਾਹੀਂ ਵਿਗਿਆਨਕ ਧਾਰਨਾਵਾਂ ਨਾਲ ਜਾਣੂ ਕਰਵਾਉਣ ਲਈ ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਵੀ ਮੈਂ ਸਿੱਖਿਆ ਹੀ ਦੇ ਰਿਹਾ ਹੁੰਦਾ ਹਾਂ। ਜਦੋਂ ਮੈਂ ਟੈਲੀਵਿਜ਼ਨ ਉੱਤੇ "ਰੱਬੀ ਕਣ" (God particle) ਜਾਂ "ਬਲੈਕ ਹੋਲਜ਼" ਦੀ ਵਿਆਖਿਆ ਕਰਦਾ ਹਾਂ, ਜਾਂ ਫਿਰ ਸੁਚੱਜੀ ਜੀਵਨ ਸ਼ੈਲੀ ਬਾਰੇ ਗੱਲ ਕਰਦਾ ਹਾਂ, ਤਾ ਵੀ ਮੈਂ ਸਿੱਖਿਆ ਹੀ ਸਾਂਝੀ ਕਰ ਰਿਹਾ ਹੁੰਦਾ ਹਾਂ।

ਸਿੱਖਿਆ ਬਾਰੇ ਇਹ ਵਿਸਥਾਰਪੂਰਵਕ ਸਮਝ ਮੇਰੇ ਪੂਰੇ ਕਿੱਤਾਕਾਰੀ ਜੀਵਨ ਦਾ ਅਧਾਰ ਰਹੀ ਹੈ। ਮੈਂ ਬਾਰ-ਬਾਰ ਅਜਿਹੇ ਕਾਰਜ ਕੀਤੇ ਜੋ ਕਲਾਸਰੂਮ ਤੋਂ ਬਾਹਰ ਵੀ ਸਿੱਖਿਆ ਦਾ ਪਸਾਰ ਕਰਦੇ ਰਹੇ ਹਨ ਜਿਵੇਂ ਕਿ ਪਾਠਕ੍ਰਮ ਵਿਕਾਸ, ਵਿਦਿਆਰਥੀ ਮਾਰਗਦਰਸ਼ਨ, ਅਕਾਦਮਿਕ ਰਾਹਨੁਮਾਈ, ਅਤੇ ਲੋਕਾਂ ਵਿੱਚ ਗਿਆਨ ਸੰਚਾਰ ਕਾਰਜ। ਮਿਸੀਸਾਗਾ ਅਤੇ ਬ੍ਰੈਂਪਟਨ ਸਥਾਪਿਤ ਚਾਰ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਦਿਅਕ ਸਲਾਹਕਾਰ ਵਜੋਂ ਪਾਠਕ੍ਰਮ ਵਿਕਾਸ ਅਤੇ ਆਨਲਾਇਨ ਸਿੱਖਿਆ ਸੁਵਿਧਾ ਨਿਰਮਾਣ ਕਾਰਜਾਂ ਵਿਚ ਪਾਇਆ ਮੇਰਾ ਯੋਗਦਾਨ ਅਜਿਹੇ ਹੀ ਸਿੱਖਿਆ ਪ੍ਰਸਾਰ ਅੰਗ ਰਿਹਾ ਹੈ। ਪੰਜਾਬ ਦੀ ਚਿਤਕਾਰਾ ਯੂਨੀਵਰਸਿਟੀ ਵਿੱਚ, ਜਿੱਥੇ ਮੈਂ ਲਗਭਗ ਡੇਢ ਦਹਾਕੇ ਤੋਂ ਰਿਸਰਚ ਪ੍ਰੋਫੈਸ਼ਨਲ ਅਤੇ ਰਿਸਰਚ ਪਹਿਲਕਦਮੀਆਂ ਲਈ ਸਲਾਹਕਾਰ ਵਜੋਂ ਸੇਵਾ ਨਿਭਾਈ ਹੈ। ਮੈਂ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਵਾਂ ਨੂੰ ਪ੍ਰਭਾਵਸ਼ਾਲੀ ਖੋਜ ਕਰਨ ਵਿੱਚ ਮਾਰਗਦਰਸ਼ਨ ਦਿੱਤਾ ਹੈ। ਰਿਸਰਚ ਡਿਗਰੀ ਕਮੇਟੀ ਦੇ ਮੈਂਬਰ ਵਜੋਂ, ਮੈਂ ਡਾਕਟਰੇਟ ਪ੍ਰਸਤਾਵਾਂ (synopsis) ਦੀ ਸਮੀਖਿਆ ਕੀਤੀ ਹੈ। ਅਜਿਹੇ ਕਾਰਜਾਂ ਵਿੱਚ ਸਿਧਾਂਤਕ ਦਰੁਸਤੀ ਅਤੇ ਵਿਦਵਾਨੀ ਉੱਤਮਤਾ ਨੂੰ ਯਕੀਨੀ ਬਣਾਉਣ ਵਿੱਚ ਰੋਲ ਅਦਾ ਕੀਤਾ ਹੈ। ਅੰਤਰਰਾਸ਼ਟਰੀ ਕਾਨਫਰੰਸਾਂ ਦੇ ਸਲਾਹਕਾਰ ਪੈਨਲਾਂ ਦਾ ਮੈਂਬਰ ਹੋਣ ਦੇ ਨਾਤੇ, ਮੈਂ ਵਿਸ਼ਵ ਪੱਧਰੀ ਮਹੱਤਤਾ ਵਾਲੇ ਵਿਸ਼ਿਆਂ ਦੀ ਸਿਫ਼ਾਰਸ਼ ਕਰਕੇ ਅਤੇ ਅੰਤਰ-ਵਿਸ਼ਿਅਕ ਸਾਂਝੀਵਾਲਤਾ ਨੂੰ ਉਤਸ਼ਾਹਿਤ ਕਰਦੇ ਹੋਏ ਅਕਾਦਮਿਕ ਸਮਾਗਮਾਂ ਦੀ ਬੌਧਿਕ ਦਿਸ਼ਾ ਨਿਰਧਾਰਤ ਕਰਨ ਵਿੱਚ ਯੋਗਦਾਨ ਪਾਇਆ ਹੈ।

ਇਹ ਸਭ ਕੁਝ ਸਿੱਖਿਆ ਕਾਰਜਾਂ ਦਾ ਹੀ ਅੰਗ ਹੈ, ਅਤੇ ਅਜਿਹੇ ਕਾਰਜਾਂ ਦਾ ਵੱਡਾ ਹਿੱਸਾ ਲੇਖਣ ਢੰਗਾਂ ਰਾਹੀਂ ਹੀ ਵਾਪਰਦਾ ਹੈ। ਜਿਵੇਂ ਕਿ ਉਹ ਖੋਜ ਪੇਪਰ ਜੋ ਚੰਗੀ ਜਾਂਚ-ਪੜਤਾਲ ਦਾ ਨਮੂਨਾ ਪੇਸ਼ ਕਰਦੇ ਹਨ, ਉਹ ਲੋਕਪ੍ਰਿਯ ਲੇਖ ਜੋ ਲੋਕਾਂ ਦੇ ਗਿਆਨ ਦਾ ਘੇਰਾ ਵੱਡਾ ਕਰਦੇ ਹਨ, ਉਹ ਕਿਤਾਬਾਂ ਜੋ ਗਿਆਨ ਦੇ ਨਵੇਂ ਖੇਤਰਾਂ ਵੱਲ ਦੇ ਦਰਵਾਜ਼ੇ ਖੋਲ੍ਹਦੀਆਂ ਹਨ, ਅਤੇ ਉਹ ਕਾਲਮ ਜੋ ਹਫ਼ਤਾ ਦਰ ਹਫ਼ਤਾ ਪਾਠਕਾਂ ਨੂੰ ਸੰਵਾਦ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੇ ਹਨ, ਸਿੱਖਿਆ ਕਰਜਾਂ ਦਾ ਹੀ ਅੰਗ ਹੁੰਦੇ ਹਨ। ਇਸੇ ਲਈ ਲਿਖਣ ਕ੍ਰਿਆ ਅਹਿਮ ਬਣ ਜਾਂਦੀ ਹੈ।

**ਸਾਹਿਤਕ ਅਤੇ ਰਚਨਾਤਮਕ ਕਿਰਿਆ ਵਜੋਂ ਲੇਖਣ:** ਮੈਂ ਇਸ ਲਈ ਵੀ ਲਿਖਦਾ ਹਾਂ ਕਿਉਂ ਕਿ ਭਾਸ਼ਾਈ ਮਾਧਿਅਮ ਦੀ ਵਰਤੋਂ ਨਾਲ ਵਿਚਾਰਾਂ ਦਾ ਅਦਾਨ-ਪ੍ਰਦਾਨ ਆਪਣੇ ਆਪ ਵਿੱਚ ਇਕ ਰੌਚਕ ਕਾਰਵਾਈ ਹੈ। ਇਹ ਵੀ ਸੱਚ ਹੈ ਕਿ ਕਹਾਣੀ ਕਹਿਣਾ ਮਨੁੱਖੀ ਸੁਭਾਅ ਦਾ ਮੂਲ ਅੰਗ ਹੈ, ਅਤੇ ਗੱਲਬਾਤ ਨੂੰ ਸ਼ਬਦਾਂ/ਵਾਕਾਂ ਰਾਹੀਂ ਪ੍ਰਗਟ ਕਰਨਾ, ਪਾਤਰਾਂ ਦੀ ਰਚਨਾ ਕਰਨਾਂ ਜਾਂ ਦਲੀਲਾਂ ਨੂੰ ਪੇਸ਼ ਕਰਨ ਦਾ ਕੰਮ ਦਿਲਚਸਪ ਹੁੰਦਾ ਹੈ। ਮੇਰੀਆਂ ਲਿਖਤਾਂ ਕਈ ਸ਼ੈਲੀਆਂ ਦੇ ਆਰ-ਪਾਰ ਫੈਲੀ

ਹੋਈਆਂ ਹਨ ਜਿਵੇਂ ਕਿ ਵਿਗਿਆਨਕ ਲੇਖ, ਵਿਗਿਆਨੀਆਂ ਦੀਆਂ ਜੀਵਨੀਆਂ, ਵਿਗਿਆਨ ਕਥਾ, ਵਿਗਿਆਨ ਗਲਪ ਕਹਾਣੀ, ਵਿਗਿਆਨ ਅਧਾਰਿਤ ਕਵਿਤਾ, ਵਾਤਾਵਰਣੀ ਨਾਟਕ, ਵਿਗਿਆਨ ਨਿਬੰਧ ਅਤੇ ਕਥਾ-ਸੰਗ੍ਰਹਿ ਸੰਪਾਦਨ, ਧਾਰਮਿਕ ਨਿਬੰਧ, ਸਫ਼ਰਨਾਮਾ, ਅਤੇ ਅਨੁਵਾਦ ਕਾਰਜ। ਇਹ ਰਚਨਾਤਮਕ ਵਿਸ਼ਾਲਤਾ ਕੋਈ ਸ਼ੌਕੀਆਵਾਦ ਨਹੀਂ ਹੈ; ਸਗੋਂ ਇਹ ਮੇਰੇ ਉਸ ਵਿਸ਼ਵਾਸ ਦਾ ਪ੍ਰਗਟਾ ਹੈ ਜਿਸ ਅਨੁਸਾਰ ਵੱਖ-ਵੱਖ ਤੱਥਾਂ/ਸੱਚਾਈਆਂ ਨੂੰ ਦਰਸਾਉਣ ਲਈ ਵੱਖ-ਵੱਖ ਲਿਖਤੀ ਰੂਪਾਂ ਦੀ ਲੋੜ ਹੁੰਦੀ ਹੈ।

ਖਾਸ ਤੌਰ 'ਤੇ, ਵਿਗਿਆਨ ਗਲਪ ਕਥਾ ਮੇਰੇ ਦਿਲ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ। ਉਨ੍ਹਾਂ ਖੇਤਰਾਂ ਵਿੱਚ, ਜਿਥੇ STEM ਸਿੱਖਿਆ ਕਾਰਜ ਆਰਥਿਕ ਤੇ ਸਮਾਜਿਕ ਦਬਾਵਾਂ ਨਾਲ ਮੁਕਾਬਲਾ ਕਰਦੇ ਹਨ, ਜਿੱਥੇ ਨੌਜਵਾਨ ਆਪਣੇ ਆਪ ਨੂੰ ਭਵਿੱਖ ਦੇ ਸੰਭਾਵੀ ਵਿਗਿਆਨੀ ਜਾਂ ਇੰਜੀਨੀਅਰ ਵਜੋਂ ਦੇਖਣ ਵਿੱਚ ਦੁਵਿਧਾ ਮਹਿਸੂਸ ਕਰ ਰਹੇ ਹੁੰਦੇ ਹਨ, ਉੱਥੇ ਉਮਰ-ਅਨੁਕੂਲ ਵਿਗਿਆਨ ਗਲਪ ਕਥਾਵਾਂ ਇੱਕ ਅਸਾਧਾਰਣ ਉਤਸ਼ਾਹਵਰਧਕ ਦਾ ਕਾਰਜ ਕਰਦੀਆਂ ਹਨ। ਇੱਕ ਬੱਚਾ, ਜੋ ਇੱਕ ਪੰਜਾਬੀ ਪੁਲਾੜ ਵਿਗਿਆਨੀ (ਅਸਟਰੋਨੌਟ) ਬਾਰੇ ਕਹਾਣੀ ਪੜ੍ਹਦਾ ਹੈ, ਜੋ ਕਿਸੇ ਦੁਰੇਡੇ ਗ੍ਰਹਿ ਵਿਖੇ ਖੋਜ ਕਰ ਰਿਹਾ ਹੈ, ਜਾਂ ਇੱਕ ਨੌਜਵਾਨ ਇੰਜੀਨੀਅਰ ਬਾਰੇ, ਜੋ ਪ੍ਰਦੂਸ਼ਿਤ ਦਰਿਆਵਾਂ ਦੇ ਪਾਣੀਆਂ ਨੂੰ ਸਾਫ਼ ਕਰਨ ਲਈ ਕੋਈ ਯੰਤਰ ਬਣਾਉਂਦਾ ਹੈ, ਉਹ ਆਪਣੇ ਲਈ ਇਸ ਤਰ੍ਹਾਂ ਦੇ ਭਵਿੱਖ ਕਲਪਨਾ ਕਰ ਸਕਦਾ ਹੈ। ਮੈਂ ਵਿਗਿਆਨ ਗਲਪ ਕਥਾਵਾਂ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਲਿਖੀਆਂ ਹਨ, ਪਰ ਸਮੇਂ ਨਾਲ ਇਹ ਰਚਨਾਵਾਂ ਪੰਜਾਬੀ (ਸ਼ਾਹਮੁਖੀ), ਮਰਾਠੀ, ਮਲਿਆਲਮ ਅਤੇ ਰੋਮਾਨੀਅਨ ਭਾਸ਼ਾਵਾਂ ਵਿਚ ਵੀ ਅਨੁਵਾਦ ਹੋ ਦੇਸ਼-ਵਿਦੇਸ਼ ਦੇ ਪਾਠਕਾਂ ਨੂੰ ਵਿਗਿਆਨ ਦੀ ਦੁਨੀਆਂ ਦੇ ਸੁਨੇਹੇ ਪਹੁੰਚਾ ਰਹੀਆਂ ਹਨ। ਮੇਰੀਆਂ ਵਿਗਿਆਨ ਗਲਪ ਕਥਾਵਾਂ, ਪਾਠਕਾਂ ਨੂੰ ਬ੍ਰਹਿਮੰਡ ਅਤੇ ਵਿਗਿਆਨ ਦੀ ਦੁਨੀਆਂ ਦੇ ਅਜਬ ਭੇਤਾਂ, ਨਾਲ ਰੋਮਾਂਚਕ ਅਤੇ ਸਰਲ ਢੰਗ ਨਾਲ ਰੂਬਰੂ ਕਰਵਾਉਂਦੀਆਂ ਹਨ। ਇਹ ਕਹਾਣੀਆਂ ਦਸ ਪਾਉਂਦੀਆਂ ਹਨ ਕਿ ਸਾਡੇ ਆਲੇ ਦੁਆਲੇ ਤੇ ਬ੍ਰਹਿਮੰਡ ਦੀਆਂ ਅਨੰਤ ਦੂਰੀਆਂ ਵਿਚ ਬਹੁਤ ਕੁਝ ਅਜਿਹਾ ਹੈ ਜੋ ਮਨੁੱਖੀ ਖੋਜ ਦੀ ਉਡੀਕ ਵਿੱਚ ਹੈ। ਇਸੇ ਖੇਤਰ ਵਿੱਚ, ਮੈਂ ਅਮਰੀਕਾ ਤੋਂ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਛਾਪੇ ਜਾ ਰਹੇ ਵਿਗਿਆਨ ਗਲਪ ਰਸਾਲੇ "ਉਡਾਣ" ਦੇ ਸੰਪਾਦਕੀ ਸਲਾਹਕਾਰ ਬੋਰਡ ਦਾ ਮੈਂਬਰ ਹਾਂ ਅਤੇ ਇਸ ਰਸਾਲੇ ਦੇ ਹਰ ਅੰਕ ਵਿੱਚ ਮੇਰੀਆਂ ਰਚਨਾਵਾਂ ਪਾਠਕਾਂ ਦੇ ਰੂਬਰੂ ਹੁੰਦੀਆਂ/ਹੋ ਰਹੀਆਂ ਹਨ।

ਲੇਖਕ ਦੇ ਤੌਰ ਉੱਤੇ ਮੈਂ ਹੁਣ ਤਕ ਦੋ ਦਰਜਨ ਤੋਂ ਵੱਧ ਕਿਤਾਬਾਂ ਛਾਪ ਚੁੱਕਾ ਹਾਂ, ਜੋ ਨੈਸ਼ਨਲ ਬੁੱਕ ਟ੍ਰਸਟ, ਨਵੀਂ ਦਿੱਲੀ; ਪੰਜਾਬੀ ਯੂਨੀਵਰਸਿਟੀ, ਪਟਿਆਲਾ; ਪੰਜਾਬ ਸਟੇਟ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ; ਪੰਜਾਬੀ ਬਾਲ ਅਦਬੀ ਬੋਰਡ, ਲਾਹੌਰ ਅਤੇ ਨਿੱਜੀ ਪ੍ਰਕਾਸ਼ਕਾਂ ਜਿਵੇਂ ਕਿ ਸਿੰਘ ਬ੍ਰਦਰਜ਼, ਅੰਮ੍ਰਿਤਸਰ ਤੇ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਦੁਆਰਾ ਛਾਪੀਆਂ ਗਈਆਂ ਹਨ। ਇਹ ਸੱਭ ਕੁਝ ਇੱਕ ਲੰਬੇ ਸਮੇਂ ਤੱਕ ਜੁਟੀ ਲਿਖਤੀ ਹੌਂਦ ਦਾ ਪ੍ਰਗਟਾ ਹੈ, ਜੋ ਵਿਗਿਆਨੀਆਂ ਵਿੱਚ ਅਕਸਰ ਘੱਟ ਹੀ ਨਜ਼ਰ ਆਉਂਦਾ ਹੈ। ਮੈਂ ਤਕਨੀਕੀ ਲੇਖਾਂ ਅਤੇ ਰਚਨਾਤਮਕ ਕਥਾਵਾਂ, ਵਿਆਖਿਆ ਕਾਰਜਾਂ ਅਤੇ ਕਹਾਣੀ ਵਿਵਰਣ ਦੀਆਂ ਵਿਧਾਵਾਂ ਵਿੱਚ ਸਹਿਜ ਭਰਪੂਰ ਤੇ ਸੁਚਾਰੂ ਤਰੀਕੇ ਨਾਲ ਲੇਖਣ ਕਰਦਾ ਹਾਂ, ਕਿਉਂ ਕਿ ਮੈਂ ਜਾਣਦਾ ਹਾਂ ਕਿ ਹਰ ਵਿਧਾ ਦੀ ਆਪਣੀ ਲੋੜ, ਸਥਿਤੀ ਅਤੇ ਪ੍ਰਭਾਵ ਹੁੰਦਾ ਹੈ।

**ਸੰਵਾਦ ਵਜੋਂ ਲੇਖਣ: ਇੱਕ ਸੁਮੇਲਤਾਪੂਰਣ ਬੌਧਿਕ ਯੋਜਨਾ:** ਜਦੋਂ ਮੈਂ ਆਪਣੀ ਪੂਰੀ ਲਿਖਤ: ਖੋਜ ਪੱਤਰ, ਲੋਕਪ੍ਰਿਯ ਲੇਖ, ਕਥਾਵਾਂ, ਕਿਤਾਬਾਂ, ਅਤੇ ਟੈਲੀਕਾਸਟ ਉੱਤੇ ਪਿਛਲ-ਝਾਤ ਮਾਰਦਾ ਹਾਂ, ਤਾਂ ਮੈਨੂੰ ਰੁਚੀਆਂ ਦਾ ਕੋਈ ਖਿੰਡਰਾਵ ਨਜ਼ਰ ਨਹੀਂ ਆਉਂਦਾ, ਸਗੋਂ ਚਾਰ ਮੂਲ ਸਿਧਾਂਤਾਂ ਉੱਤੇ ਆਧਾਰਿਤ ਇੱਕ ਸੁਮੇਲਤਾਪੂਰਣ ਬੌਧਿਕ ਯੋਜਨਾ ਨਜ਼ਰ ਆਉਂਦੀ ਹੈ।

ਸੱਭ ਤੋਂ ਪਹਿਲਾਂ ਉਦੇਸ਼ ਤਾਂ ਹੈ ਮਾਤ-ਭਾਸ਼ਾ ਵਿੱਚ ਗਿਆਨ ਪ੍ਰਸਾਰ। ਮੈਂ ਪੰਜਾਬੀ ਭਾਸ਼ਾ ਵਿੱਚ ਵਿਗਿਆਨ ਅਤੇ ਧਾਰਮਿਕ ਗਿਆਨ ਦੇ ਖੇਤਰਾਂ ਵਿੱਚ ਖੂਬ ਲਿਖਿਆ ਹੈ ਕਿਉਂਕਿ ਮੇਰਾ ਪੱਕਾ ਯਕੀਨ ਹੈ ਕਿ ਵਿਚਾਰ ਉਸ ਵੇਲੇ ਜੜ੍ਹ ਫੜ੍ਹਦੇ ਹਨ ਜਦੋਂ ਉਹ ਘਰ ਅਤੇ ਦਿਲ ਦੀ ਭਾਸ਼ਾ ਵਿੱਚ ਸਮਝਾਏ ਜਾਂਦੇ ਹਨ। ਮਾਤ ਭਾਸ਼ਾ ਵਿੱਚ ਗਿਆਨ ਪ੍ਰਸਾਰ ਕੋਈ ਫੈਸ਼ਨ ਨਹੀਂ, ਸਗੋਂ ਮਾਨਵੀ ਸਮਾਨਤਾ ਲਈ ਇੱਕ ਪ੍ਰਭਾਵਸ਼ਾਲੀ ਸਾਧਨ ਹੈ।

ਦੂਸਰਾ ਮੰਤਵ ਹੈ, ਨਾਗਰਿਕ ਗੁਣ ਵਜੋਂ ਵਿਗਿਆਨ ਪ੍ਰਸਾਰ ਕਾਰਜ। ਮੈਂ ਵਿਗਿਆਨਕ ਸਾਖਰਤਾ ਨੂੰ ਜਨ-ਜੀਵਨ ਦਾ ਅਟੁੱਟ ਹਿੱਸਾ ਮੰਨਦਾ ਹਾਂ ਜੋ ਵਾਤਾਵਰਣੀ ਸਾਂਭ-ਸੰਭਾਲ, ਮਾਨਵੀ ਸਿਹਤ-ਸੰਭਾਲ ਅਤੇ ਸਮਾਜਕ ਪ੍ਰਫੁਲਤਾ ਲਈ ਬਹੁਤ ਜ਼ਰੂਰੀ ਹੈ। ਮੇਰੇ ਪੂਰੇ ਜੀਵਨ ਦੀ ਘਾਲਣਾ, ਆਮ ਲੋਕਾਂ ਵਿੱਚ ਵੱਡੇ ਪੱਧਰ ਉੱਤੇ "ਵਿਗਿਆਨਕ ਮਨੋਵ੍ਰਿਤੀ"ਦਾ ਵਿਕਾਸ ਕਰਨ ਲਈ, ਮੇਰੀ ਦ੍ਰਿੜ੍ਹਤਾ ਦਾ ਚਿੰਨ ਹੀ ਹੈ। ਤੀਸਰਾ ਟੀਚਾ ਹੈ, ਵਿਗਿਆਨ ਅਤੇ ਧਰਮ ਵਿਚਕਾਰ ਸੰਵਾਦ। ਵਿਗਿਆਨ ਅਤੇ ਧਰਮ ਨੂੰ ਵਿਰੋਧੀ ਧੁਰਿਆਂ ਵਜੋਂ ਖੜ੍ਹਾ ਕਰਨ ਦੀ ਥਾਂ, ਮੈਂ ਨਿਯਮਤ ਸੰਵਾਦ ਦੀ ਵਕਾਲਤ ਕਰਦਾ ਹਾਂ। ਜਿਸ ਅਨੁਸਾਰ ਵੱਖ-ਵੱਖ ਵਿਚਾਰ-ਧਾਰਾਵਾਂ ਦਾ ਆਦਰ ਕਰਦੇ ਹੋਏ, ਨੈਤਿਕ ਮੁੱਲਾਂ ਦੇ ਸਾਂਝੇ ਅਧਾਰ

ਲੱਭਦੇ ਹੋਏ, ਅਤੇ ਵਿਗਿਆਨ ਅਤੇ ਧਰਮ, ਦੋਹਾਂ ਨੂੰ ਮਨੁੱਖੀ ਭਲਾਈ ਅਤੇ ਵਾਤਾਵਰਣੀ ਸੰਤੁਲਨ ਬਣਾਏ ਰੱਖਣ ਲਈ ਵਰਤਣ ਦੀ ਲੋੜ੍ਹ ਹੈ।

ਚੌਥਾ ਮਨੋਰਥ ਹੈ ਕਿ ਸੰਚਾਰ ਮਾਧਿਅਮਾਂ ਨੂੰ ਕਲਾਸਰੂਮ ਵਜੋਂ ਵਰਤਿਆ ਜਾਵੇ। ਮੈਂ ਰੇਡੀਓ, ਟੈਲੀਵਿਜ਼ਨ, ਅਖ਼ਬਾਰਾਂ ਅਤੇ ਆਨਲਾਈਨ ਮੰਚਾਂ ਨੂੰ ਵਿਸ਼ਾਲ ਕਲਾਸਰੂਮਾਂ ਵਜੋਂ ਵਰਤਦਾ ਹਾਂ। ਇਹ ਅਜਿਹੇ ਮਾਧਿਅਮ ਹਨ ਜਿੱਥੇ ਜਿਗਿਆਸਾ ਦਾ ਸਵਾਗਤ ਹੁੰਦਾ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਸਹਿਜਤਾ, ਸਰਲਤਾ ਤੇ ਹਮਦਰਦੀ ਨਾਲ ਸਮਝਾਇਆ ਜਾਂਦਾ ਹੈ, ਵਿਸ਼ਾ ਭਾਵੇਂ ਬ੍ਰਹਿਮੰਡੀ ਰਹੱਸਾਂ ਦਾ ਹੋਵੇ, ਜਾਂ ਮਨੁੱਖੀ ਸਰੋਕਾਰਾਂ ਦਾ, ਜਾਂ ਫਿਰ ਗੁਰਬਾਣੀ ਵਿੱਚ ਮੌਜੂਦ ਕੁਦਰਤ ਦੀ ਅਹਿਮੀਅਤ ਤੇ ਇਸ ਨਾਲ ਸੁਮੇਲਤਾ ਬਣਾਈ ਰੱਖਣ ਦਾ ਸੁਨੇਹਾ ਹੋਵੇ।

**ਮੈਂ ਲਿਖਣਾ ਕਿਉਂ ਜਾਰੀ ਰੱਖਾਂਗਾ:** ਮੈਂ ਲਿਖਦਾ ਹਾਂ ਕਿਉਂਕਿ ਇਹ ਗਿਆਨ ਸੰਚਾਰ ਦਾ ਕੰਮ ਕਦੇ ਮੁਕੰਮਲ ਨਹੀਂ ਹੁੰਦਾ। ਵਿਗਿਆਨ ਬਾਰੇ ਗਲਤ ਜਾਣਕਾਰੀ, ਕੋਵਿਡ ਸੰਬੰਧਤ ਟੀਕਿਆਂ ਤੋਂ ਲੈ ਕੇ ਬਣਾਉਟੀ ਸੂਝ ਤੱਕ, ਲਗਾਤਾਰ ਫੈਲ ਰਹੀ ਹੈ। ਜਿਸ ਕਾਰਣ ਅਜਿਹੇ ਭਰੋਸੇਯੋਗ ਲੇਖਣ ਕਾਰਜਾਂ ਦੀ ਲੋੜ ਹੈ ਜੋ ਬਿਨਾਂ ਕਿਸੇ ਲਾਗ-ਲਪਟ ਦੇ ਜਟਿਲ ਵਿਸ਼ਿਆਂ ਨੂੰ ਸਾਫ਼ ਤੇ ਸਹੀ ਤਰੀਕੇ ਨਾਲ ਸਮਝਾ ਸਕਣ। ਮੌਸਮੀ ਤਬਦੀਲੀ ਤੇਜ਼ੀ ਨਾਲ ਵੱਧ ਰਹੀ ਹੈ, ਜੋ ਅਜਿਹੀਆਂ ਨਾਗਰਿਕ ਸੰਸਥਾਵਾਂ ਦੇ ਸਹਿਯੋਗ ਦੀ ਮੰਗ ਕਰਦੀ ਹੈ ਜੋ ਅੰਕੜਿਆਂ (ਡਾਟਾ) ਨੂੰ ਵੀ ਸਮਝਦੀਆਂ ਹੋਣ ਅਤੇ ਇਸ ਨਾਲ ਜੁੜੀਆਂ ਨੈਤਿਕ ਜ਼ਿੰਮੇਵਾਰੀਆਂ ਨੂੰ ਵੀ। ਧਾਰਮਿਕ ਫ਼ਿਰਕਿਆ ਵਿਚਕਾਰ ਤਣਾਅ ਕਾਇਮ ਹਨ, ਜਿਸ ਲਈ ਅਜਿਹੇ ਵਿਦਵਾਨਾਂ ਦੀ ਲੋੜ ਹੈ ਜੋ ਅਧਿਆਤਮਿਕ ਪਰੰਪਰਾਵਾਂ ਦੀ ਇਸ ਢੰਗ ਨਾਲ ਵਿਆਖਿਆ ਕਰ ਸਕਣ ਕਿ ਸਾਂਝੇ ਮਸਲਿਆਂ ਦੇ ਹੱਲ ਲਈ ਸਹਿਯੋਗ ਵਧ ਸਕੇ। ਨਵੀਂ ਤਕਨਾਲੋਜੀ ਨਵੇਂ ਨੈਤਿਕ ਸਵਾਲ ਖੜ੍ਹੇ ਕਰਦੀ ਹੈ, ਅਤੇ ਨੌਜਵਾਨਾਂ ਨੂੰ ਇਨ੍ਹਾਂ ਚੁਣੌਤੀਆਂ ਵਿੱਚ ਰਾਹਨੁਮਾਈ ਦੀ ਲੋੜ ਹੈ।

ਮੈਂ ਲਿਖਦਾ ਹਾਂ ਕਿਉਂ ਕਿ ਮੈਂ ਸ਼ਬਦਾਂ ਦੀ ਤਾਕਤ 'ਤੇ ਭਰੋਸਾ ਰੱਖਦਾ ਹਾਂ, ਜੋ ਸਪਸ਼ਟਤਾ ਪ੍ਰਦਾਨ ਕਰਨ ਵਿੱਚ, ਲੋਕਾਂ ਵਿਚ ਸਾਂਝੀਵਾਲਤਾ ਪੈਦਾ ਕਰਨ ਵਿੱਚ, ਅਤੇ ਲੋਕਾਂ ਨੂੰ ਉਚਿਤ ਕਾਰਵਾਈਆ ਕਰਨ ਲਈ ਉਤਸ਼ਾਹਿਤ ਕਰਨ ਦੇ ਸਮਰਥ ਹੁੰਦੇ ਹਨ। ਮੈਂ ਲਿਖਦਾ ਹਾਂ ਕਿਉਂ ਕਿ ਸਮਾਜ ਅਤੇ ਕੁਦਰਤ ਵਲੋਂ ਮੈਨੂੰ ਕਈ ਵਰਦਾਨ ਮਿਲੇ ਹਨ; ਜਿਵੇਂ ਕਿ ਚੰਗੀ ਵਿਗਿਆਨਕ ਸਿੱਖਿਆ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਮੁਹਾਰਿਤ, ਜਨ-ਸੰਚਾਰ ਕਾਰਜਾਂ ਲਈ ਉਚਿਤ ਮੰਚ, ਅਤੇ ਇੱਕ ਅਧਿਆਤਮਿਕ ਪਰੰਪਰਾ ਜੋ ਸੱਚ ਅਤੇ ਸੇਵਾ ਨੂੰ ਮਾਨ ਦਿੰਦੀ ਹੈ, ਅਤੇ ਮੈਂ ਮੰਨਦਾ ਹਾਂ ਕਿ ਇਨ੍ਹਾਂ ਵਰਦਾਨਾਂ ਨਾਲ ਜ਼ਿੰਮੇਵਾਰੀਆਂ ਵੀ ਜੁੜੀਆਂ ਹਨ। ਮੈਂ ਲਿਖਦਾ ਹਾਂ ਕਿਉਂ ਕਿ ਮੈਂ ਬਹੁਤ ਵਾਰ ਵੇਖਿਆ ਹੈ ਕਿ ਜਦੋਂ ਗਿਆਨ ਸਹੀ ਢੰਗ ਨਾਲ ਸਾਂਝਾ ਕੀਤਾ ਜਾਂਦਾ ਹੈ ਤਾਂ ਲੋਕਾਂ ਦੀ ਸਮਝ ਵਿਚ ਸਪਸ਼ਟਤਾ ਆਉਂਦੀ ਹੈ, ਉਹ ਸਮਾਜਿਕ ਤੇ ਵਾਤਾਵਰਣੀ ਮਸਲਿਆ ਬਾਰੇ ਹੋਰ ਡੂੰਘੀ ਤਰ੍ਹਾਂ ਚਿੰਤਨ ਕਰਦੇ ਹਨ, ਅਤੇ ਵਧੇਰੇ ਹਿੰਮਤ ਨਾਲ ਅਜਿਹੇ ਮਸਲਿਆ ਦਾ ਹੱਲ ਲੱਭਣ ਲਈ ਇਕ ਜੁੱਟ ਹੋ ਸੁਯੋਗ ਕਾਰਵਾਈ ਕਰਦੇ ਹਨ।

ਅੰਤ ਵਿੱਚ, ਮੈਂ ਕਹਿਣਾ ਚਾਹਾਂਗਾ ਕਿ ਮੈਂ ਲਿਖਦਾ ਹਾਂ ਕਿਉਂਕਿ ਲਿਖਣਾ ਹੀ ਮੇਰੀ ਸੇਵਾ ਹੈ। ਇਹੀ ਮੇਰਾ "ਸਰਬੱਤ ਦਾ ਭਲਾ" (ਸਭ ਦੀ ਭਲਾਈ) ਵੱਲ ਯੋਗਦਾਨ ਹੈ। ਇਹੀ ਉਹ ਸਾਧਨ ਹੈ ਜਿਸ ਰਾਹੀਂ ਮੈਂ ਆਪਣੇ ਮਨ ਅੰਦਰ ਵੱਸ ਰਹੇ ਸੰਸਾਰਾਂ ਨੂੰ ਜੋੜਦਾ ਹਾਂ ਜਿਵੇਂ ਕਿ ਧੁਨੀ ਵਿਗਿਆਨ ਤੇ ਪਾਲੀਮਰ ਭੌਤਿਕੀ ਦਾ ਸੰਸਾਰ, ਗੁਰਬਾਣੀ ਅਤੇ ਸੰਗਤ ਦਾ ਸੰਸਾਰ, ਟੈਲੀਵਿਜ਼ਨ ਸਟੂਡੀਓਆਂ ਅਤੇ ਕਮਿਊਨਿਟੀ ਰੇਡੀਓ ਦਾ ਸੰਸਾਰ, ਅਕਾਦਮਿਕ ਸੰਮੇਲਨਾਂ ਅਤੇ ਪਿੰਡਾਂ ਦੇ ਸਕੂਲਾਂ ਦਾ ਸੰਸਾਰ। ਲਿਖਣਾ ਮੈਨੂੰ ਇਕੋ ਸਮੇਂ ਵਿਗਿਆਨੀ ਅਤੇ ਕਹਾਣੀਕਾਰ, ਅਧਿਆਪਕ ਅਤੇ ਵਿਦਿਆਰਥੀ, ਮਾਹਿਰ ਅਤੇ ਨਾਗਰਿਕ ਬਣਨ ਦੀ ਆਜ਼ਾਦੀ ਦਿੰਦਾ ਹੈ।

**ਮੇਰੇ ਪੇਸ਼ਾਵਰ ਕਿੱਤੇ ਦਾ ਮਾਰਗ:** ਖੋਜਕਾਰ, ਸਿੱਖਿਆਕਾਰ, ਲੋਕ-ਪ੍ਰਿਯ ਵਿਗਿਆਨ ਦਾ ਸੰਚਾਰਕ, ਵਾਤਾਵਰਣੀ ਕਾਰਜਕਰਤਾ ਤੇ ਸਮਰਥਕ, ਸਿੱਖ ਵਿਦਵਾਨ, ਲੇਖਕ ਅਤੇ ਮੀਡੀਆ ਸੰਚਾਰਕ ਵਜੋਂ, ਇੱਕ ਆਮ ਪਰ ਅਹਿਮ ਵਿਚਾਰ ਨੂੰ ਰੌਸ਼ਨ ਕਰਦਾ ਹੈ: ਗਿਆਨ ਹੋਰ ਵਧੇਰੇ ਸ਼ਕਤੀਸ਼ਾਲੀ ਤਦੋਂ ਹੁੰਦਾ ਹੈ ਜਦੋਂ ਉਹ ਸਹੀ ਤਰੀਕੇ ਨਾਲ, ਸਭ ਤਕ ਪਹੁੰਚਯੋਗ ਮਾਧਿਅਮਾਂ ਰਾਹੀਂ, ਅਤੇ ਹਮਦਰਦੀ ਭਰੇ ਢੰਗ ਨਾਲ ਸਾਂਝਾ ਕੀਤਾ ਜਾਵੇ। ਇਸ ਲਈ ਮੈਂ ਲਿਖਦਾ ਹਾਂ। ਇਸ ਲਈ ਮੈਂ ਲਿਖਣਾ ਜਾਰੀ ਰੱਖਾਂਗਾ। ਅਤੇ ਇਸ ਲਈ ਮੈਂ ਹੋਰਾਂ, ਖਾਸ ਕਰ ਵਿਗਿਆਨੀਆਂ, ਅਧਿਆਪਕਾਂ, ਧਾਰਮਿਕ ਆਗੂਆਂ, ਪੱਤਰਕਾਰਾਂ, ਅਤੇ ਵਿਦਿਆਰਥੀਆਂ, ਨੂੰ ਇਸ ਅਤਿ-ਜ਼ਰੂਰੀ ਕੰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦਾ ਹਾਂ: ਸੰਚਾਰ, ਅਨੁਵਾਦ ਅਤੇ ਸਾਂਝੀਵਾਲਤਾ ਦੇ ਪੁਲ ਬਣਾਉਣ ਦਾ ਕੰਮ। ਦੁਨੀਆ ਨੂੰ ਹੋਰ ਲੇਖਕਾਂ ਦੀ ਲੋੜ ਹੈ ਜੋ ਸਪਸ਼ਟਤਾ, ਸੱਚ ਅਤੇ ਸੇਵਾ ਲਈ ਵਚਨਬੱਧ ਹੋਣ। ਕਾਸ਼ ਸਾਨੂੰ ਸਭ ਨੂੰ ਹਿੰਮਤ ਮਿਲੇ ਕਿ ਅਸੀਂ ਬੋਲ ਕੇ ਜਾਂ ਲਿਖਤਾਂ ਰਾਹੀਂ ਆਪਣੇ ਵਿਚਾਰ ਅਜਿਹੇ ਢੰਗ ਨਾਲ ਹੋਰਨਾਂ ਨਾਲ ਸਾਂਝੇ ਕਰੀਏ ਕਿ ਉਹ ਮਨੁੱਖੀ ਭਵਿੱਖ ਲਈ ਰੌਸ਼ਨ ਮੀਨਾਰ ਬਣ ਸਕਣ।




ਹਰੀਆਂ ਭਰੀਆਂ ਪਹਾੜੀਆਂ ਦੇ ਪੈਰਾਂ ਕੋਲ ਵਗ ਰਹੀ ਨਦੀ ਦੇ ਕਿਨਾਰੇ ਇੱਕ ਛੋਟੇ ਜਿਹਾ ਕਸਬਾ ਸੀ। ਜਿਸ ਵਿੱਚ, ਮਿੰਟੂ ਨਾਮੀ ਇੱਕ ਜਗਿਆਸੂ ਬੱਚਾ ਰਹਿੰਦਾ ਸੀ। ਇੱਕ ਦਿਨ ਜਦ ਉਹ ਆਪਣੇ ਦੋਸਤਾਂ ਨਾਲ ਨਦੀ ਕਿਨਾਰੇ ਖੇਲ ਰਿਹਾ ਸੀ ਤਾਂ ਅਚਾਨਕ ਉਸ ਨੂੰ ਇਕ ਚਮਕਦਾਰ ਪੱਥਰ ਤੋਂ ਠੋਕਰ ਲੱਗ ਗਈ। ਉਸ ਨੇ ਧਿਆਨ ਨਾਲ ਦੇਖਿਆ, ਇਹ ਪੱਥਰ ਹੋਰ ਪੱਥਰਾਂ ਨਾਲੋਂ ਬਿਲਕੁਲ ਅਲੱਗ ਕਿਸਮ ਦਾ ਸੀ। ਜੋ ਢਲ ਰਹੇ ਸੂਰਜ ਦੀ ਰੌਸ਼ਨੀ ਵਿੱਚ ਭਿੰਨ ਭਿੰਨ ਰੰਗ ਬਿਖੇਰ ਰਿਹਾ ਸੀ। ਉਸੇ ਪਲ ਤੋਂ ਹੀ ਉਸ ਦੇ ਮਨ ਵਿੱਚ ਪੱਥਰਾਂ ਦੀ ਅਜਬ ਦੁਨੀਆਂ ਦੇ ਭੇਦ ਜਾਨਣ ਦੀ ਇੱਛਾ ਪੈਦਾ ਹੋ ਗਈ।

ਅਗਲੇ ਹੀ ਦਿਨ, ਮਿੰਟੂ, ਮਜ਼ਬੂਤ ਬੈਕਪੈਕ ਅਤੇ ਵੱਡਦਰਸ਼ੀ ਸ਼ੀਸ਼ੇ ਨਾਲ ਲੈਸ ਹੋ ਚੱਟਾਨੀ ਪੱਥਰਾਂ ਦੀ ਦੁਨੀਆਂ ਬਾਰੇ ਜਾਨਣ ਲਈ ਚਲ ਪਿਆ। ਨਦੀ ਦੇ ਕਿਨਾਰੇ ਕਿਨਾਰੇ ਚਲਦਿਆਂ ਉਸ ਨੂੰ ਵੱਖ ਵੱਖ ਰੰਗਾਂ ਤੇ ਭਿੰਨ ਭਿੰਨ ਆਕਾਰਾਂ ਵਾਲੇ ਪੱਥਰ ਨਜ਼ਰੀ ਪਏ। ਨਦੀ ਦੇ ਪਾਣੀ ਦੇ ਵਹਾਅ ਕਾਰਣ, ਕਈ ਪੱਥਰ ਤਾਂ, ਹੋਰ ਪੱਥਰਾਂ ਨਾਲ ਟਕਰਾ ਟਕਰਾ ਕੇ ਗੋਲ ਮਟੋਲ ਬਣ ਗਏ ਸਨ ਪਰ ਕਈ ਤਾਂ ਅਜੇ ਵੀ ਬੇਢੰਗੇ ਹੀ ਸਨ। ਹਰ ਪੱਥਰ ਹੀ ਕਿਸੇ ਵੱਖਰੀ ਕਹਾਣੀ ਦੀ ਦੱਸ ਪਾ ਰਿਹਾ ਸੀ। ਜ਼ਰਾ ਧਿਆਨ ਨਾਲ ਦੇਖਣ ਉੱਤੇ ਉਸ ਨੇ ਜਾਣ ਲਿਆ ਕਿ ਅਲੱਗ ਅਲੱਗ ਪੱਥਰ, ਨਦੀ ਕਿਨਾਰੇ ਮੌਜੂਦ ਭਿੰਨ ਭਿੰਨ ਚਟਾਨਾਂ ਦੇ ਟੁੱਕੜੇ ਹੀ ਸਨ।

ਮਿੰਟੂ ਨੇ ਨਦੀ ਦੇ ਪਥਰੀਲੇ ਕਿਨਾਰੇ ਕੋਲ ਮੌਜੂਦ ਪੱਥਰਾਂ ਅਤੇ ਰੇਤ ਵਿੱਚ ਲੁਕੀਆਂ ਵੰਨ-ਸੁਵੰਨੀਆਂ ਚੀਜ਼ਾਂ ਨੂੰ ਢੂੰਡਦਿਆਂ ਕਈ ਘੰਟੇ ਗੁਜ਼ਾਰ ਦਿੱਤੇ। ਆਪਣੀਆਂ ਮਜ਼ਬੂਤ ਉਂਗਲਾਂ, ਤੇਜ਼ ਨਜ਼ਰ ਅਤੇ ਵੱਡਦਰਸ਼ੀ ਸ਼ੀਸ਼ੇ ਦੀ ਵਰਤੋਂ ਨਾਲ ਉਸ ਨੇ ਪ੍ਰਾਚੀਨ ਪੱਥਰਾਂ ਉੱਤੇ ਛਪੇ ਹੋਏ ਜੀਵਾਂ ਤੇ ਪੌਦਿਆਂ ਦੇ ਨਿਸ਼ਾਨ (ਫਾਸਿਲ) ਲੱਭ ਲਏ। ਇਹ ਫਾਸਿਲ ਉਨ੍ਹਾਂ ਪੌਦਿਆਂ ਤੇ ਜੀਵਾਂ ਦੀ ਹੋਂਦ ਦਾ ਸਬੂਤ ਸਨ ਜੋ ਮਿੰਟੂ ਦੇ ਜਨਮ ਤੋਂ ਬਹੁਤ ਪਹਿਲਾਂ ਧਰਤੀ ਉੱਤੇ ਮੌਜੂਦ ਸਨ। ਉਸ ਨੇ ਉਨ੍ਹਾਂ ਜੀਵਾਂ ਤੇ ਪੌਦਿਆਂ ਬਾਰੇ ਸੋਚਦਿਆਂ, ਬਹੁਤ ਹੀ ਸਾਵਧਾਨੀ ਨਾਲ, ਇਨ੍ਹਾਂ ਫਾਸਿਲਾਂ ਨੂੰ ਆਪਣੇ ਬੈਕਪੈਕ ਵਿਚ ਸੰਭਾਲ ਲਿਆ।

ਹੁਣ ਮਿੰਟੂ ਨਦੀ ਦੇ ਕਿਨਾਰੇ ਤੋ ਕੁਝ ਦੂਰੀ ਉੱਤੇ ਮੌਜੂਦ ਹਰੇ ਭਰੇ ਰੁੱਖਾਂ ਨਾਲ ਸਜੀ ਪਹਾੜੀ ਵੱਲ ਚਲ ਪਿਆ। ਇਥੇ ਗ੍ਰੇਨਾਈਟ ਅਤੇ ਚੂਨੇ ਦੇ ਪੱਥਰਾਂ ਦੀਆਂ ਚੱਟਾਨਾਂ ਅਸਮਾਨ ਨੂੰ ਛੂੰਹਦੀਆਂ ਲਗ ਰਹੀਆਂ ਸਨ। ਉਸ ਨੇ ਭਿੰਨ ਭਿੰਨ ਅਕਾਰਾਂ ਵਾਲੀਆਂ ਚੱਟਾਨਾਂ ਨੂੰ ਬਹੁਤ ਹੀ ਧਿਆਨ ਨਾਲ ਦੇਖਿਆ। ਕਈ ਚੱਟਾਨਾਂ ਤਾਂ ਬੀਤੇ ਸਮੇਂ ਦੇ ਪ੍ਰਭਾਵਾਂ ਦੀ ਦੱਸ ਪਾ ਰਹੀਆਂ ਸਨ। ਵੱਡਦਰਸ਼ੀ ਸ਼ੀਸ਼ੇ ਦੀ ਮਦਦ ਨਾਲ ਉਸ ਨੇ ਚੱਟਾਨਾਂ ਦੀ ਜਟਿਲ ਬਣਤਰ ਦੀ ਜਾਂਚ ਕੀਤੀ। ਕੁਦਰਤੀ ਸਿਰਜਣਾ ਦੀ ਸੁੰਦਰਤਾ ਨੂੰ ਵੇਖਦਿਆਂ, ਉਹ ਹੱਕਾ ਬੱਕਾ ਰਹਿ ਗਿਆ ਸੀ।

ਦੁਪਿਹਰ ਢਲਦਿਆਂ ਹੀ ਮਿੰਟੂ ਨੇੜ੍ਹਲੀ ਪਹਾੜੀ ਦੇ ਸ਼ਿਖਰ ਉੱਤੇ ਪਹੁੰਚ ਗਿਆ। ਇੱਥੇ ਉਸ ਨੂੰ ਕਈ ਪਹਾੜ੍ਹੀ ਗੁਫਾਵਾਂ ਨਜ਼ਰੀ ਆਈਆਂ ਜੋ ਢਲ ਰਹੇ ਸੂਰਜ ਦੀ ਰੌਸ਼ਨੀ ਵਿਚ ਚਮਕ ਰਹੀਆਂ ਸਨ। ਇੰਝ ਲਗ ਰਿਹਾ ਸੀ ਜਿਵੇਂ ਇਹ ਗੁਫਾਵਾਂ ਚਮਕੀਲੇ ਖਣਿਜ ਪਦਾਰਥਾਂ ਦਾ ਕੋਈ ਖਜ਼ਾਨਾ ਛੁਪਾਈ ਬੈਠੀਆਂ ਹੋਣ। ਅਜਬ ਕੁਦਰਤੀ ਕ੍ਰਿਸ਼ਮੇ ਨੂੰ ਦੇਖ ਉਹ ਹੈਰਾਨ ਹੋ ਗਿਆ ਸੀ। ਜਿਵੇਂ ਹੀ ਮਿੰਟੂ ਇਕ ਗੁਫਾ ਕੋਲ ਪੁੱਜਿਆ, ਗੁਫਾ ਅੰਦਰ ਫੈਲੀ ਧੁੰਦਲੀ ਰੋਸ਼ਨੀ ਵਿੱਚ ਉਸ ਨੂੰ ਚਮਕੀਲੇ ਰੰਗਾਂ ਦਾ ਨਾਚ ਦਿਖਾਈ ਦਿੱਤਾ। "ਸ਼ਾਇਦ ਅਜਿਹਾ ਗੁਫਾ ਵਿਚ ਮੌਜੂਦ ਹਵਾ ਦੇ ਵਹਾਅ ਕਾਰਣ ਹੋ ਰਿਹਾ ਹੈ।" ਉਸ ਸੋਚਿਆ।

ਆਪਣੇ ਬੈਕਪੈਕ ਨੂੰ ਵਿਭਿੰਨ ਚਮਕੀਲੇ ਪੱਥਰਾਂ ਨਾਲ ਭਰ, ਸ਼ਾਮ ਪੈਂਦਿਆਂ ਹੀ ਉਹ ਖੁਸ਼ੀ ਖੁਸ਼ੀ ਵਾਪਸ ਘਰ ਵੱਲ ਚਲ ਪਿਆ। ਹੁਣ ਉਹ ਅੱਜ ਦੀਆਂ ਲੱਭਤਾਂ ਨੂੰ ਆਪਣੇ ਪਰਿਵਾਰ ਨਾਲ ਸਾਂਝਾ ਕਰਨ ਲਈ ਉਤਾਵਲਾ ਸੀ। ਜਿਵੇਂ ਹੀ ਉਸ ਨੇ ਰਸੋਈ ਦੇ ਮੇਜ਼ ਉੱਤੇ ਆਪਣੀਆਂ ਲੱਭਤਾਂ ਦਾ ਭੰਡਾਰ ਖੋਲ੍ਹਿਆ, ਉਸ ਦੇ ਮੰਮੀ-ਪਾਪਾ ਅਤੇ ਛੋਟੀ ਭੈਣ ਉਸ ਦੇ ਆਲੇ-ਦੁਆਲੇ ਇਕੱਠੇ ਹੋ ਗਏ। ਮਿੰਟੂ ਦੁਆਰਾ ਲਿਆਦੇ ਪੱਥਰਾਂ, ਖਣਿਜਾਂ ਤੇ ਫਾਸਿਲਾਂ ਦੀ ਸੁੰਦਰਤਾ ਅਤੇ ਵਿਭਿੰਨਤਾ ਦੇਖ ਉਹ ਸਾਰੇ ਬਹੁਤ ਹੈਰਾਨ ਹੋ ਗਏ ਸਨ। "ਇਹ ਕੁਦਰਤੀ ਅਜੂਬੇ ਤਾਂ ਸੱਚ ਹੀ ਬਹੁਤ ਸੁੰਦਰ ਹਨ।" ਮਿੰਟੂ ਦੀ ਭੈਣ ਅਚਾਨਕ ਬੋਲ ਪਈ।

ਉਸ ਦਿਨ ਤੋਂ ਬਾਅਦ, ਮਿੰਟੂ ਦਾ, ਚੱਟਾਨਾਂ, ਖਣਿਜਾਂ ਤੇ ਫਾਸਿਲਾਂ ਬਾਰੇ ਹੋਰ ਜਾਨਣ ਦਾ ਜਨੂੰਨ ਹੋਰ ਤੇਜ਼ ਹੋ ਗਿਆ। ਗਰਮੀ ਦੀਆ ਛੁੱਟੀਆਂ ਦੇ ਅਨੇਕ ਦਿਨ ਉਸ ਨੇ ਆਪਣੇ ਘਰ ਦੇ ਆਲੇ ਦੁਆਲੇ ਦੀਆਂ ਪਹਾੜੀਆਂ ਅਤੇ ਵਾਦੀਆਂ ਦੀ ਛਾਣਬੀਣ ਕਰਨ ਵਿੱਚ ਹੀ ਬਿਤਾਏ। ਨਵੀਆਂ ਖੋਜਾਂ ਦੇ ਕਾਰਣ, ਉਸ ਦੁਆਰਾ ਲੱਭੇ ਵਿਸ਼ੇਸ਼ ਪੱਥਰਾਂ, ਖਣਿਜਾਂ ਤੇ ਫਾਸਿਲਾਂ (Fossils) ਦਾ ਸੰਗ੍ਰਹਿ ਬਹੁਤ ਵੱਧ ਗਿਆ। ਇੱਕ ਦਿਨ ਜਿਵੇਂ ਹੀ ਉਸ ਨੇ ਸੁੰਦਰ ਸੁਲੇਮਾਨੀ ਪੱਥਰ (Agate) ਦੀ ਸਮਤਲ ਸਤਹ ਨੂੰ ਛੂਹਿਆਂ ਤਾਂ ਉਹ ਆਪਣੀਆਂ ਅਜਬ ਖੋਜਾਂ ਲਈ ਕੁਦਰਤ ਪ੍ਰਤੀ ਸ਼ੁਕਰਾਨੇ ਦੀ ਭਾਵਨਾ ਨਾਲ ਭਰ ਗਿਆ, ਜਿਸ ਨੇ ਉਸ ਨੂੰ ਅਜਿਹਾ ਖ਼ਜਾਨਾ ਬਖ਼ਸ਼ਿਆ ਸੀ।

ਹੁਣ ਤਕ ਮਿੰਟੂ ਜਾਣ ਚੁੱਕਾ ਸੀ ਕਿ ਚੱਟਾਨਾਂ ਦੀ ਦੁਨੀਆ ਵਿਸ਼ਾਲ ਅਤੇ ਬੇਅੰਤ ਸੀ। ਜੋ ਇਸ ਦੇ ਰਹੱਸਾਂ ਨੂੰ ਉਜਾਗਰ ਕਰਨ ਲਈ ਉਤਸ਼ਾਹੀ ਤੇ ਦ੍ਰਿੜ ਇਰਾਦੇ ਵਾਲੇ ਖੋਜੀਆਂ ਦੀ ਉਡੀਕ ਵਿੱਚ ਸੀ। ਮਿੰਟੂ ਨੂੰ ਯਕੀਨ ਸੀ ਮਜ਼ਬੂਤ ਬੈਕਪੈਕ ਅਤੇ ਵੱਡਦਰਸ਼ੀ ਸ਼ੀਸ਼ਾ ਦੇ ਸਾਥ ਵਿਚ ਇਹ ਉਸ ਦੇ ਖੋਜੀ ਕਾਰਨਾਮਿਆਂ ਦੀ ਸ਼ੁਰੂਆਤ ਹੀ ਸੀ।

## ਪੋਪਟਮੱਲ ਜੀ




## ਅਮਨਦੀਪ ਸਿੰਘ

**ਮਨੋਵਿਗਿਆਨਕ ਬਾਲ ਕਹਾਣੀ**

# ਪਿੰਕੀ ਨੂੰ ਨੀਂਦ ਕਿਉਂ ਨਹੀਂ ਆਉਂਦੀ



**ਅਮਨਦੀਪ ਸਿੰਘ**

"ਮੰਮੀ ਮੈਨੂੰ ਨੀਂਦ ਨਹੀਂ ਆ ਰਹੀ!" ਆਪਣੀਆਂ ਅੱਖਾਂ ਮਲਦਿਆਂ ਪਿੰਕੀ ਆਪਣੇ ਮੰਮੀ-ਡੈਡੀ ਦੇ ਕਮਰੇ ਵਿੱਚ ਆਈ। ਉਸ ਦੇ ਹੱਥ ਵਿੱਚ ਉਸ ਦਾ ਪਿਆਰਾ "ਟੈਡੀ" ਸੀ।

ਕੋਮਲ ਹੜਬੜਾ ਕੇ ਉੱਠੀ। ਘੜੀ ਵੱਲ ਦੇਖਿਆ, ਰਾਤ ਦੇ ਦੋ ਵੱਜ ਚੁੱਕੇ ਸਨ।

"ਓ ਮੇਰੇ ਬੱਚੇ। ਕੀ ਗੱਲ ਹੋਈ। ਤੂੰ ਠੀਕ ਤਾਂ ਹੈਂ।" ਉਸ ਨੇ ਪਿੰਕੀ ਨੂੰ ਕਲਾਵੇ ਵਿੱਚ ਲੈਂਦਿਆਂ ਪੁੱਛਿਆ, ਨਾਲ ਹੀ ਆਪਣੇ ਹੱਥ ਨਾਲ਼ ਉਸ ਦਾ ਮੱਥਾ ਚੈੱਕ ਕੀਤਾ ਕਿ ਕਿਤੇ ਬੁਖਾਰ ਤਾਂ ਨਹੀਂ। ਪਰ ਪਿੰਕੀ ਦਾ ਮੱਥਾ ਠੰਡਾ ਸੀ।

"ਮੰਮੀ, ਕੀ ਮੈਂ ਇੱਥੇ ਤੁਹਾਡੇ ਕੋਲ਼ ਪੈ ਜਾਂ।"

"ਹਾਂ ਹਾਂ ਬੇਟੇ, ਜ਼ਰੂਰ"

ਪਿੰਕੀ ਬਿਸਤਰੇ ਤੇ ਪੈ ਗਈ। ਰਾਜੇਸ਼, ਉਸ ਦਾ ਡੈਡੀ ਘੂਕ ਨੀਂਦੇ ਸੁੱਤਾ ਪਿਆ ਸੀ। ਪੂਰਾ ਦਿਨ ਕੰਮ ਕਰ ਕੇ ਥੱਕਿਆ ਹੋਇਆ।

"ਮੰਮੀ, ਮੈਨੂੰ ਓਹੀ ਲੋਰੀ ਸੁਣਾਓ ਜੋ ਛੋਟੇ ਹੁੰਦਿਆਂ ਸੁਣਾਉਂਦੇ ਸੀ।"

ਕੋਮਲ ਨੇ ਸੋਚਿਆ ਕਿੰਨਾ ਚਿਰ ਹੋ ਗਿਆ ਪਿੰਕੀ ਨੂੰ ਲੋਰੀ ਸੁਣਾਇਆਂ। ਉਸ ਨੇ ਹੌਲੀ-ਹੌਲੀ ਗੁਣਗੁਣਾਉਣ ਸ਼ੁਰੂ ਕੀਤਾ -

"ਸੌਂ ਜਾ ਮੇਰੇ ਪਿਆਰੇ, ਸੌਂ ਜਾ ਤੂੰ ਸੌਂ ਜਾ।

ਮੇਰੀ ਅੱਖ ਦੇ ਤਾਰੇ, ਮੇਰੇ ਰਾਜਦੁਲਾਰੇ -

ਸਾਰੇ ਜੱਗ ਤੋਂ ਨਿਆਰੇ, ਸੌਂ ਜਾ ਤੂੰ ਸੌਂ ਜਾ।"

ਕੋਮਲ ਨੇ ਪਿੰਕੀ ਵੱਲ ਦੇਖਿਆ ਤਾਂ ਆਖਰ ਉਸ ਨੂੰ ਨੀਂਦ ਆ ਗਈ ਸੀ। ਕੋਮਲ ਨੇ ਉਸ ਦਾ ਚੰਨ ਵਰਗਾ ਮੁਖੜਾ ਚੁੰਮਿਆ। ਪਰ ਹੁਣ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਸੋਚਣ ਲੱਗ ਪਈ ਕਿ ਪਿੰਕੀ ਨੂੰ ਨੀਂਦ ਨਾ ਆਉਣ ਦਾ ਕੀ ਕਾਰਨ ਹੋ ਸਕਦਾ ਹੈ। ਸ਼ਾਇਦ ਹੋਮਵਰਕ, ਸਕੂਲ ਵਿੱਚ ਕੁਝ ਜਾਂ ਕੋਈ ਹੋਰ ਪ੍ਰੇਸ਼ਾਨੀ। ਆਖਰ ਉਸ ਨੂੰ ਨੀਂਦ ਆਈ ਤਾਂ ਭੈੜਾ ਜਿਹਾ ਸੁਫ਼ਨਾ ਆਇਆ

- ਜਿਸ ਵਿੱਚ ਪਿੰਕੀ ਬਹੁਤ ਸਾਰੀਆਂ ਕਿਤਾਬਾਂ-ਕਾਪੀਆਂ ਤੇ ਸਕਰੀਨਾਂ ਦੀ ਨੀਲੀ ਰੌਸ਼ਨੀ ਵਿੱਚ ਘਿਰੀ ਹੋਈ ਹੈ ਤੇ ਉਸ ਵਿੱਚੋਂ ਨਿੱਕਲਣ ਲਈ ਛਟਪਟਾ ਰਹੀ ਹੈ। ਉਹ ਤ੍ਰਭਕ ਕੇ ਉੱਭੜਵਾਹੇ ਉੱਠ ਖੜਦੀ ਹੈ। ਦਿਨ ਚੜ੍ਹ ਆਇਆ ਸੀ। ਪਿੰਕੀ ਤੇ ਰਾਜੇਸ਼ ਗਹਿਰੀ ਨੀਂਦ ਵਿੱਚ ਸੁੱਤੇ ਪਏ ਸਨ। ਉਸ ਨੇ ਖਾਣਾ ਬਣਾਇਆ ਤੇ ਸਭ ਦਾ ਲੰਚ ਪੈਕ ਕੀਤਾ। ਇੰਨੇ ਨੂੰ ਰਾਜੇਸ਼ ਵੀ ਉੱਠ ਗਿਆ।

"ਰਾਤੀਂ ਪਿੰਕੀ ਨੂੰ ਕੀ ਹੋਇਆ। ਨੀਂਦ ਵਿੱਚ ਮੈਨੂੰ ਪਤਾ ਹੀ ਨਹੀਂ ਚੱਲਿਆ।"

"ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਮੈਨੂੰ ਲੋਰੀ ਸੁਣਾਉਣ ਨੂੰ ਕਿਹਾ ਤਾਂ ਸੌਂ ਗਈ। ਵੈਸੇ ਸਿਹਤ ਠੀਕ ਲੱਗ ਰਹੀ ਸੀ। ਅੱਜ ਦੇਖਦੇ ਹਾਂ।"

ਉਸ ਰਾਤ ਵੀ ਪਿੰਕੀ ਨੂੰ ਨੀਂਦ ਆਉਣ ਵਿੱਚ ਬੜੀ ਮੁਸ਼ਕਿਲ ਆਈ ਤੇ ਇੰਝ ਕਈ ਰਾਤਾਂ ਲੰਘ ਗਈਆਂ। ਕੋਮਲ ਤੇ ਰਾਜੇਸ਼ ਨੇ ਸੋਚਿਆ ਕਿ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ।

ਡਾਕਟਰ ਸੀਮਾ ਬਹੁਤ ਕਾਬਲ ਬੱਚਿਆਂ ਦੀ ਮਾਹਰ ਡਾਕਟਰ ਸੀ। ਉਸ ਨੇ ਪਿੰਕੀ ਦਾ ਪੂਰਾ ਚੈੱਕਅਪ ਕੀਤਾ। ਖ਼ੂਨ ਚੈੱਕ ਕਰਨ ਲਈ ਟੈਸਟ ਵੀ ਆਰਡਰ ਕੀਤੇ। ਸਭ ਤੋਂ ਮਹੱਤਵਪੂਰਨ ਗੱਲ ਉਸ ਨੇ ਪਿੰਕੀ ਨਾਲ ਇਕੱਲੇ ਗੱਲਬਾਤ ਕੀਤੀ।

"ਬੱਚੇ ਮਾਪਿਆਂ ਤੋਂ ਬਿਨਾ ਡਾਕਟਰ ਦੇ ਨਾਲ ਵਧੀਆ ਗੱਲਬਾਤ ਕਰ ਸਕਦੇ ਹਨ।"

ਡਾ. ਸੀਮਾ ਨੇ ਪਿੰਕੀ ਨਾਲ਼ ਗੱਲਬਾਤ ਕਰਨ ਤੋਂ ਬਾਅਦ ਉਨ੍ਹਾਂ ਨਾਲ ਗੱਲਬਾਤ ਕੀਤੀ। "ਮੈਨੂੰ ਲੱਗ ਰਿਹਾ ਹੈ ਕਿ ਸੌਣ ਤੋਂ ਪਹਿਲਾਂ ਫੋਨ ਤੇ ਹੋਰ ਇਲੈਕਟ੍ਰੋਨਿਕ ਉਪਕਰਣਾਂ ਦੀ ਜ਼ਿਆਦਾ ਵਰਤੋਂ ਤੇ ਉਸ ਦੇ ਨਾਲ-ਨਾਲ ਬੱਚਿਆਂ ਤੇ ਹੋਮਵਰਕ ਦਾ ਬੋਝ ਨੀਂਦ ਨਾ ਆਉਣ ਦਾ ਕਾਰਣ ਹੋ ਸਕਦਾ ਹੈ। ਅੱਜਕੱਲ ਬੱਚੇ ਪੜ੍ਹਾਈ ਤੇ ਹੋਮਵਰਕ ਵੀ ਕੰਪਿਊਟਰ ਤੇ ਹੀ ਕਰਦੇ ਹਨ। ਇਲੈਕਟ੍ਰੋਨਿਕ ਉਪਕਰਣ ਨੀਲੀ ਰੌਸ਼ਨੀ ਛੱਡਦੇ ਹਨ ਤੇ ਜੇ ਉਨ੍ਹਾਂ ਨੂੰ ਸੌਣ ਤੋਂ ਪਹਿਲਾਂ ਵਰਤੀਏ ਤਾਂ ਉਹ ਸਾਡੀ ਚੰਗੀ ਨੀਂਦ ਲੈਣ ਦੀ ਸਮਰੱਥਾ ਵਿੱਚ ਵਿਘਨ ਪਾਉਂਦੇ ਹਨ। ਭਲਾ ਇਸ ਕੋਲ਼ ਕਿੰਨੇ ਕੁ ਇਲੈਕਟ੍ਰੋਨਿਕ ਉਪਕਰਣ ਹਨ?"

"ਓਹ, ਅਸੀਂ ਇਸ ਬਾਰੇ ਕਦੇ ਸੋਚਿਆ ਹੀ ਨਹੀਂ।" ਕੋਮਲ ਨੇ ਸੋਚਦਿਆਂ ਕਿਹਾ,"ਆਈਫੋਨ, ਆਈਪੈਡ, ਲੈਪਟਾਪ, ਡੈਸਕਟਾਪ ਕੰਪਿਊਟਰ।"

"ਮੇਰੇ ਮੁਤਾਬਿਕ, ਉਹ ਦਿਨ ਵਿੱਚ 6-7 ਘੰਟੇ ਇਨ੍ਹਾਂ ਉਪਕਰਣਾਂ ਤੇ ਹੀ ਬਿਤਾਉਂਦੀ ਹੈ। ਕੀ ਉਹ ਕੋਈ ਖੇਡ ਵੀ ਖੇਡਦੀ ਹੈ?"

"ਨਹੀਂ , ਉਹ ਸ਼ੁਰੂ ਤੋਂ ਹੀ ਪੜ੍ਹਾਈ ਵਿੱਚ ਵਿਅਸਤ ਰਹੀ ਹੈ। ਪੜ੍ਹਾਈ ਦਾ ਬੋਝ ਇੰਨਾ ਹੈ ਕਿ ਖੇਡਣ ਦਾ ਸਮਾਂ ਹੀ ਨਹੀਂ ਮਿਲਦਾ। ਅਸੀਂ ਆਪਣੇ ਬੱਚੇ ਨੂੰ ਪੜ੍ਹਾਈ ਵਿੱਚ ਅਵੱਲ ਦੇਖਣਾ ਚਾਹੁੰਦੇ ਹਾਂ।"

"ਹਾਂ।" ਰਾਜੇਸ਼ ਨੇ ਵੀ ਸਿਰ ਹਿਲਾਉਂਦਿਆਂ ਕਿਹਾ।

"ਉਹ ਤਾਂ ਠੀਕ ਹੈ, ਪਰ ਬੱਚਿਆਂ ਲਈ ਕਸਰਤ ਵੀ ਜ਼ਰੂਰੀ ਹੈ। ਤੁਸੀਂ ਵੀ ਇਸ ਨਾਲ ਸਮਾਂ ਬਿਤਾਇਆ ਕਰੋ। ਬਾਹਰ ਪਾਰਕ ਵਿੱਚ ਘੁੰਮਣ ਜਾਓ, ਜਿੱਥੇ ਉਹ ਹੋਰ ਬੱਚਿਆਂ ਨਾਲ ਖੇਡ ਸਕਦੀ ਹੈ। ਛੁੱਟੀ ਵਾਲੇ ਦਿਨ ਸੈਰ ਕਰਨ ਚਲੇ ਜਾਓ, ਪਹਾੜਾਂ ਦੀ ਸੈਰ ਕਰੋ - ਹਾਈਕਿੰਗ (Hiking) ਆਦਿ ਤੇ ਜਾਓ। ਜ਼ਿਆਦਾ ਤੋਂ ਜ਼ਿਆਦਾ ਸਮਾਂ ਕੁਦਰਤ ਦੀ ਗੋਦ ਵਿੱਚ ਬਿਤਾਉਣ ਦੀ ਕੋਸ਼ਿਸ਼ ਕਰੋ।"

ਉਨ੍ਹਾਂ ਨੂੰ ਯਾਦ ਨਹੀਂ ਸੀ ਆ ਰਿਹਾ ਉਹ ਕਦੋਂ ਇਕੱਠੇ ਸੈਰ ਕਰਨ ਗਏ ਸਨ।

"ਹਾਂ, ਸਭ ਤੋਂ ਮਹੱਤਵਪੂਰਣ ਗੱਲ ਬੱਚੇ ਦਾ ਖਾਣ-ਪੀਣ ਦਾ ਖ਼ਿਆਲ ਰੱਖੋ, ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਪੀਓ, ਜਿਸ ਵਿੱਚ ਟ੍ਰਿਪਟੋਫੈਨ (Tryptophan) ਹੁੰਦਾ ਹੈ, ਜੋ ਕਿ ਨੀਂਦ ਨੂੰ ਨਿਯੰਤ੍ਰਿਤ ਕਰਨ ਲਈ ਇੱਕ ਜ਼ਰੂਰੀ ਅਮੀਨੋ ਐਸਿਡ ਹੈ।"

ਜਾਣ ਲੱਗਿਆਂ ਡਾਕਟਰ ਨੇ ਪਿੰਕੀ ਨੂੰ ਪਿਆਰ ਨਾਲ ਕਿਹਾ,"ਬੇਟੇ ਠੀਕ ਹੈ ਨਾ ਉਵੇਂ ਕਰੋਗੇ ਜਿਵੇਂ ਮੈਂ ਕਿਹਾ ਹੈ। ਰਾਤ ਨੂੰ ਸੌਣ ਤੋਂ 2-3 ਘੰਟੇ ਪਹਿਲਾਂ ਫੋਨ ਤੇ ਹੋਰ ਇਲੈਕਟ੍ਰੋਨਿਕ ਉਪਕਰਣ ਨਹੀਂ ਵਰਤਣੇ। ਸੌਣ ਤੋਂ ਪਹਿਲਾਂ ਦੁੱਧ ਪਿਓ ਕਿਉਂਕਿ ਉਸ ਵਿੱਚ ਨੀਂਦ ਆਉਣ ਦਾ ਗੁਪਤ ਰਾਜ਼ ਹੁੰਦਾ ਹੈ। ਤੁਸੀਂ ਕੋਈ ਕਿਤਾਬ ਪੜ੍ਹ ਸਕਦੇ ਹੋ ਜਾਂ ਸੰਗੀਤ ਸੁਣ ਸਕਦੇ ਹੋ। ਅਤੇ ਇਹ ਵੀ ਯਾਦ ਰੱਖੋ ਕਿ ਸੌਣ ਲਈ ਤੁਸੀਂ ਸੌਣ ਦਾ ਦਿਖਾਵਾ ਕਰੋ। ਸ਼ਾਇਦ ਸਭ ਕੁਝ ਇਸ ਤਰ੍ਹਾਂ ਹੀ ਕੰਮ ਕਰਦਾ ਹੈ। ਜਦੋਂ ਤੱਕ ਤੁਸੀਂ ਸੌਂ ਨਹੀਂ ਜਾਂਦੇ, ਆਪਣੇ ਮਨ ਵਿੱਚ ਇਹ ਝੂਠਮੂਠ ਦੀ ਖੇਡ ਖੇਡੋ। ਗੁੱਡ ਲੱਕ। "

ਇਸ ਤਰ੍ਹਾਂ ਪਿੰਕੀ ਨੇ ਉਵੇਂ ਹੀ ਕੀਤਾ ਜਿਵੇਂ ਡਾਕਟਰ ਸੀਮਾ ਨੇ ਕਿਹਾ। ਕੋਮਲ ਤੇ ਰਾਜੇਸ਼ ਨੇ ਆਪਣਾ ਫ਼ਰਜ਼ ਨਿਭਾਉਂਦਿਆਂ ਇਹ ਯਕੀਨੀ ਕਰਿਆ ਕਿ ਉਹ ਸੌਣ ਤੋਂ ਪਹਿਲਾਂ ਫੋਨ ਨਾ ਵਰਤੇ ਤੇ ਉਨ੍ਹਾਂ ਨਾਲ਼ ਵੱਧ ਤੋਂ ਵੱਧ ਸਮਾਂ ਬਿਤਾਏ। ਉਹ ਇਕੱਠੇ ਸੈਰ ਕਰਨ ਵੀ ਜਾਣ ਲੱਗੇ ਤੇ ਪਿੰਕੀ ਪਾਰਕ ਵਿੱਚ ਵੀ ਹੋਰ ਬੱਚਿਆਂ ਨਾਲ ਖੇਡਣ ਲੱਗੀ। ਕੋਮਲ ਤੇ ਰਾਜੇਸ਼ ਨੇ ਉਸ "ਤੇ ਪੜ੍ਹਾਈ ਵਿੱਚ ਅੱਵਲ ਆਉਣ ਦਾ ਦਬਾਅ ਵੀ ਘੱਟ ਕਰ ਦਿੱਤਾ। ਉਹ ਖ਼ੁਸ਼ ਨਜ਼ਰ ਆਉਣ ਲੱਗੀ। ...ਤੇ ਇਸ ਤਰ੍ਹਾਂ ਪਿੰਕੀ ਨੂੰ ਮੁੜ ਤੋਂ ਬੱਚਿਆਂ ਵਾਂਗ ਨੀਂਦ ਆਉਣ ਲੱਗੀ।

### ਵਿਗਿਆਨਕ ਕਵਿਤਾ

# ਤੇਜ਼ਾਬੀ ਵਰਖਾ

ਹਰੀ ਕ੍ਰਿਸ਼ਨ ਮਾਇਰ

ਉਦਯੋਗਾਂ ਵਿੱਚ ਕੋਇਲਾ
ਡੀਜ਼ਲ ਤੇਲ ਜਦੋਂ ਬਲਦੇ
ਤੇਜ਼ਾਬੀ ਆਕਸਾਈਡ ਹਵਾ 'ਚ
ਆਪੇ ਆ ਰਲਦੇ
ਗੰਧਕ ਦੇ ਆਕਸਾਈਡ
ਹਵਾ 'ਚੋਂ ਨਮੀ ਮਿਲਾਉਂਦੇ
ਨਮੀ ਮਿਲਾ ਕੇ ਗੰਧਕ ਦਾ
ਤੇਜ਼ਾਬ ਬਣਾਉਂਦੇ
ਬਰਫ਼ ਜਿਹੀਆਂ ਬੂੰਦਾ ਬਣਕੇ
ਧਰਤੀ ਤੇ ਵਰ੍ਹਦੇ
ਇਹ ਤੇਜ਼ਾਬੀ ਵਰਖਾ ਜੀਹਦੀਆਂ
ਲੋਕੀਂ ਗੱਲਾਂ ਕਰਦੇ
ਨਾਈਟ੍ਰੋਜਨ ਦੇ ਆਕਸਾਈਡ
ਹਵਾ ਤੋਂ ਸਿੱਲ੍ਹ ਲੈਂਦੇ

ਧਰਤੀ ਤੇ ਤੇਜ਼ਾਬੀ ਵਰਖਾ
ਬਣਕੇ ਵਰ੍ਹ ਪੈਂਦੇ
ਚਟਮ ਕਰੇ ਫ਼ਸਲਾਂ ਨੂੰ
ਖਾਂਦੀ ਮਖ਼ਮਲ ਘਾਹ
ਧਰਤੀ ਨੂੰ ਦੇਊ ਇਹ
ਰੜਾ ਮੈਦਾਨ ਬਣਾ
ਜਲ-ਜੀਵਾਂ ਦਾ ਇਹ ਮੀਂਹ
ਵੈਰੀ ਬਣ ਜਾਂਦਾ
ਪੱਤਾ ਪੱਤਾ ਰੁੱਖਾਂ ਦਾ
ਜੀਕੂੰ ਛਣ ਜਾਂਦਾ
ਰੰਗਲੀ ਧਰਤੀ ਨੂੰ ਇਹ
ਰੇਗਿਸਤਾਨ ਬਣਾਉਣ ਤੁਰੀ
ਤਾਜ ਮਹਿਲ ਦੀਆਂ ਸ਼ਾਨਾਂ
ਮਿੱਟੀ 'ਚ ਮਿਲਾਉਣ ਤੁਰੀ

ਉਦਯੋਗਾਂ,ਗੱਡੀਆਂ ਕਾਰਾਂ
ਵਾਲਿਆਂ ਨੂੰ ਪੈਣਾ ਸਮਝਾਉਣਾ
ਤੇਜਾਬੀ ਧੂੰਏ ਤੋਂ ਪਉ ਪੌਣਾਂ
ਨੂੰ ਬਚਾਉਣਾ
ਪੈਦਲ ਤੁਰੋ ਜੇ ਸਰਦਾ
ਤਾਂ ਸਾਈਕਲ ਤੇ ਜਾਈਏ
ਕਾਰ ਸਕੂਟਰ ਦੀ ਵਰਤੋਂ ਤੇ
ਬੰਦਸ਼ ਲਾਈਏ
ਤੇਜਾਬੀ ਵਰਖਾ ਤੋਂ ਬਚਣ ਦਾ
ਕੋਈ ਹੱਲ ਕਰੋ
ਆਓ ਸਿਆਣਿਓ ਲੋਕੋ
ਬਹਿ ਕੇ ਕੋਈ ਗੱਲ ਕਰੋ।




# ਏਆਈ

## ਸੁਰਿੰਦਰਪਾਲ ਸਿੰਘ

ਪਿਆਰੇ ਬੱਚਿਓ ਆਓ ਏਆਈ ਬਾਰੇ ਜਾਣੀਏ

ਚੰਗੀ ਤਰ੍ਹਾਂ ਸਮਝ ਕੇ ਇਹਦੇ ਸੁੱਖ ਅਸੀਂ ਮਾਣੀਏ।

ਵਿਗਿਆਨ ਅਤੇ ਤਕਨੀਕ ਦੀ ਇਹ ਦੇਣ ਨਿਰਾਲੀ

ਹਰ ਔਖੇਂ ਸੌਖੇ ਕੰਮ ਨੂੰ ਏਆਈ ਕਰ ਦੇਵੇ ਸੁਖਾਲ਼ੀ।

ਸਿੱਖਿਆ, ਸਿਹਤ, ਰਾਜਨੀਤੀ ਵਿੱਚ ਪੈਰ ਪਸਾਰੇ

ਅੜੇ ਫੜੇ ਕਾਰਜ ਕਈ ਏਆਈ ਨੇ ਸਵਾਰੇ।

ਕਰੋਨਾ ਮਹਾਂਮਾਰੀ ਨੇ ਜਦ ਸੀ ਦੁਨੀਆਂ ਡਰਾਈ

ਏਆਈ ਨੇ ਉਸ ਸਮੇਂ ਵਿੱਚ ਵੀ ਕਰਵਾਈ ਪੜ੍ਹਾਈ।

ਏਆਈ ਕਰਦੀ ਹੈ ਮਨੁੱਖੀ ਬੁੱਧੀ ਦੀ ਨਕਲ

ਜੇ ਚੱਜ ਨਾਲ ਵਰਤੀਏ ਤੇ ਵਧਾ ਦਿੰਦੀ ਹੈ ਅਕਲ।

ਐਵੇਂ ਘੰਟਿਆਂ ਬੱਧੀ ਮੋਬਾਈਲਾਂ ਵਿੱਚ ਨਾ ਸਮਾਂ ਗਵਾਓ

ਵਰਤ ਕੇ ਏਆਈ ਨੂੰ ਵਿੱਚ ਪੜ੍ਹਾਈ ਤਰੱਕੀ ਪਾਓ।

* ਏਆਈ—ਆਰਟੀਫੀਸ਼ਲ ਇੰਟੈਲੀਜੈਂਸ ਜਾਂ ਬਣਾਵਟੀ ਬੁੱਧੀ

ਨੋਟ: ਕਿਸੇ ਵੀ ਏਆਈ ਪ੍ਰੋਗਰਾਮ ਨੂੰ ਵਰਤਣ ਲਈ ਘੱਟੋ-ਘੱਟ ਉਮਰ 13 ਸਾਲ ਹੈ, ਪਰ 13-17 ਸਾਲ ਦੀ ਉਮਰ ਦੇ ਬੱਚਿਆਂ ਨੂੰ ਮਾਪਿਆਂ ਦੀ ਇਜਾਜ਼ਤ ਨਾਲ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ, ਕਿਉਂਕਿ ਏਆਈ ਪ੍ਰੋਗਰਾਮ ਗ਼ਲਤੀਆਂ ਕਰ ਸਕਦਾ ਹੈ ਤੇ ਉਸ ਦੁਆਰਾ ਦੱਸੀ ਗਈ ਹਰ ਗੱਲ ਸੱਚ ਨਹੀਂ ਹੁੰਦੀ।—ਸੰਪਾਦਕ

# ਪੰਜ ਡਾਇਨਾਸੋਰ

## ਅਮਨਦੀਪ ਸਿੰਘ

ਪੰਜ ਡਾਇਨਾਸੋਰ ਮਾਰਦੇ ਚਿੰਘਾੜ
ਇੱਕ ਨੱਠ ਗਿਆ ਤੇ ਬਾਕੀ ਰਹਿ ਗਏ ਚਾਰ
ਚਾਰ ਡਾਇਨਾਸੋਰ ਕਰਦੇ ਭਿੰਨ ਭਿੰਨ
ਇੱਕ ਉੜ ਗਿਆ ਤੇ ਬਾਕੀ ਰਹਿ ਗਏ ਤਿੰਨ
ਤਿੰਨ ਡਾਇਨਾਸੋਰ ਕਰਦੇ ਪੌਂ ਪੌਂ

ਇੱਕ ਪਰੇ ਗਿਆ ਹੋ ਤੇ ਬਾਕੀ ਰਹਿ ਗਏ ਦੋ
ਦੋ ਡਾਇਨਾਸੋਰ ਖਾਂਦੇ ਨਿਕ-ਸੁੱਕ
ਇੱਕ ਚਲਾ ਗਿਆ ਤੇ ਬਾਕੀ ਰਹਿ ਗਿਆ ਇੱਕ
ਇੱਕ ਡਾਇਨਾਸੋਰ ਖਾਵੇ ਹਰ ਇੱਕ ਡਾਲੀ
ਉਹ ਰੱਜ ਗਿਆ ਤੇ ਮੈਦਾਨ ਹੋ ਗਿਆ ਖਾਲੀ



Image Courtesy: Unistar Books




## ਰੀਵਿਊਕਾਰ: ਬਲਜਿੰਦਰ ਮਾਨ

ਬਾਲ ਸਾਹਿਤ ਦੇ ਖੇਤਰ ਵਿੱਚ ਸਿਰਜੀਆਂ ਜਾ ਰਹੀਆਂ ਕਹਾਣੀਆਂ ਨੂੰ ਜਦੋਂ ਅਸੀਂ ਗੰਭੀਰ ਹੋ ਕੇ ਪੜ੍ਹਦੇ ਹਾਂ ਤਾਂ ਵਿਗਿਆਨਕ ਕਹਾਣੀਆਂ ਦੀ ਹਮੇਸ਼ਾ ਘਾਟ ਦਿਖਾਈ ਦਿੰਦੀ ਹੈ। ਇਸ ਖੇਤਰ ਵਿੱਚ ਨਰੋਆ ਕਾਰਜ ਕਰਨ ਵਾਲੇ ਲੇਖਕ ਉਂਗਲਾਂ ਤੇ ਗਿਣਨ ਜੋਗੇ ਵੀ ਨਹੀਂ ਹਨ। ਵਿਗਿਆਨਿਕ ਰਚਨਾਵਾਂ ਰਚਨਾ ਵਾਲਿਆਂ ਵਿੱਚ ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਦਾ ਨਾਂ ਸਭ ਤੋਂ ਅੱਗੇ ਆ ਜਾਂਦਾ ਹੈ। ਤਿੰਨ ਦਹਾਕੇ ਪਹਿਲਾਂ ਡਾ. ਡੀ.ਪੀ. ਸਿੰਘ, ਡਾ. ਧਰਮਪਾਲ ਸਾਹਿਲ ਹੋਰਾਂ ਇਸ ਖੇਤਰ ਵਿੱਚ ਆਪਣਾ ਸ਼ਾਨਦਾਰ ਯੋਗਦਾਨ ਪਾਉਣਾ ਆਰੰਭ ਕੀਤਾ ਸੀ। ਡਾ. ਸੋਨੀਆ ਚਹਿਲ ਅਤੇ ਅਮਨਦੀਪ ਸਿੰਘ ਨੌਰਾ ਦਾ ਵੀ ਉਨ੍ਹਾਂ ਨਾਲ ਜ਼ਿਕਰ ਹੋਣਾ ਆਰੰਭ ਹੋਇਆ ਹੈ। ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਇੱਕ ਦਰਜਨ ਤੋਂ ਵੱਧ ਬਾਲ ਸਾਹਿਤ ਦੀਆਂ ਪੁਸਤਕਾਂ ਦੀ ਸਿਰਜਣਾ ਕਰਕੇ ਆਪਣਾ ਸ਼ਾਨਦਾਰ ਮੁਕਾਮ ਸਿਰਜ ਚੁੱਕੇ ਹਨ। ਇਹਨਾਂ ਵਿੱਚ ਬਾਲ

ਕਹਾਣੀਆਂ ਅਤੇ ਵਿਗਿਆਨੀਆਂ ਦੀਆਂ ਜੀਵਨੀਆਂ ਵੀ ਸ਼ਾਮਿਲ ਹਨ। ਇਸ ਪ੍ਰਕਾਰ ਉਹ ਸਮਾਜ ਵਿੱਚ ਵਿਗਿਆਨਿਕ ਸੋਚ ਨੂੰ ਪ੍ਰਚਲਿਤ ਕਰਨ ਵਿੱਚ ਆਪਣਾ ਸ਼ਾਨਦਾਰ ਯੋਗਦਾਨ ਪਾ ਰਹੇ ਹਨ। ਹੱਥਲੇ ਕਹਾਣੀ ਸੰਗ੍ਰਹਿ 'ਪਲਾਸਟਿਕ ਦਾ ਡੱਡੂ' ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਅਸੀਂ 21ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਪੁੱਜ ਕੇ ਵੀ ਵਹਿਮਾਂ ਭਰਮਾਂ ਤੋਂ ਛੁਟਕਾਰਾ ਨਹੀਂ ਪਾ ਸਕੇ। ਸਮਾਜ ਨੂੰ ਵਿਗਿਆਨਿਕ ਦ੍ਰਿਸ਼ਟੀ ਤੋਂ ਨਵਾਂ ਤੇ ਨਰੋਆ ਨਜ਼ਰੀਆ ਪ੍ਰਦਾਨ ਕਰਨ ਵਾਲੀ ਇਹ ਪੁਸਤਕ ਹਰ ਬਾਲ ਪਾਠਕ ਲਈ ਜਿੱਥੇ ਸਿੱਖਿਆਦਾਇਕ ਹੈ ਉੱਥੇ ਪ੍ਰੇਰਨਾਦਾਇਕ ਵੀ ਹੈ ਕਿਉਂਕਿ ਸਾਨੂੰ ਕੁਦਰਤ ਵੱਲੋਂ ਬਖਸ਼ੀਆਂ ਨਿਆਮਤਾਂ ਨੂੰ ਸਹੀ ਢੰਗ ਨਾਲ ਪ੍ਰਯੋਗ ਕਰਨ ਦੀ ਮੱਤ ਆਉਣੀ ਚਾਹੀਦੀ ਹੈ। ਇਹ ਪੁਸਤਕ ਮੱਤਾਂ ਤਾਂ ਦਿੰਦੀ ਹੈ ਪਰ ਉਪਦੇਸ਼ਾਤਮਕ ਨਹੀਂ ਬਣਦੀ ਸਗੋਂ ਬਾਲ ਪਾਠਕ ਕਹਾਣੀਆਂ ਪੜ੍ਹਦੇ-ਪੜ੍ਹਦੇ ਹੀ ਆਪਣੇ ਅੰਦਰ ਝਾਤੀ ਮਾਰਨ ਲਈ ਤਿਆਰ ਹੋ ਜਾਂਦੇ ਹਨ। ਉਹ ਇੰਜ ਮਹਿਸੂਸ ਕਰਦੇ ਹਨ ਕਿ ਹੋਣਾ ਕੀ ਚਾਹੀਦਾ ਹੈ ਤੇ ਅਸੀਂ ਕਰ ਕੀ ਰਹੇ ਹਾਂ?

ਕਹਾਣੀਕਾਰ ਨੇ ਇਹਨਾਂ ਕਹਾਣੀਆਂ ਦੀ ਬਣਤਰ ਤੇ ਬੁਣਤਰ ਨੂੰ ਨਵੀਂ ਰੰਗਤ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ ਤਾਂ ਕਿ ਤਕਨੀਕੀ ਯੁਗ ਦੇ ਹਾਣੀ ਬੱਚੇ ਇਹਨਾਂ ਤੋਂ ਲਾਭ ਉਠਾ ਸਕਣ। ਗੁਰੂ ਸਾਹਿਬਾਨ ਅਤੇ ਮਹਾਂਪੁਰਸ਼ਾਂ ਨੇ ਸੈਂਕੜੇ ਸਾਲ ਪਹਿਲਾਂ ਉਚ ਨੀਚ, ਜਾਤ ਪਾਤ ਅਤੇ ਸਭ ਵਿਤਕਿਰਿਆਂ ਨੂੰ ਖਤਮ ਕੀਤਾ ਸੀ। ਪ੍ਰੰਤੂ ਅੱਜ ਵੀ ਅਸੀਂ ਵਰਗਾਂ , ਜਾਤਾਂ, ਧਰਮਾਂ ਵਿੱਚ ਵੰਡੇ ਹੋਏ ਹਾਂ। ਪੁਸਤਕ ਵਿੱਚ ਸ਼ਾਮਿਲ ਕਹਾਣੀਆਂ ਸਾਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਂਦੀਆਂ ਹੋਈਆਂ ਕੁਦਰਤ ਦੇ ਵਰਤਾਰੇ ਵਿੱਚ ਖਲਲ ਨਾ ਪਾਉਣ ਦਾ ਸੁਨੇਹਾ ਦਿੰਦੀਆਂ ਹਨ। ਕਹਾਣੀਕਾਰ ਨੂੰ ਚਿੰਤਾ ਹੈ ਕਿ ਮਨੁੱਖ ਵਿੱਚੋਂ ਮਨੁੱਖਤਾ ਖਤਮ ਹੋ ਰਹੀ ਹੈ ਜਿਸ ਕਾਰਨ ਉਹ ਕੁਦਰਤੀ ਜੀਵਾਂ ਪ੍ਰਤੀ ਦਇਆ ਕਰਨ ਦੀ ਬਜਾਏ ਜ਼ੁਲਮ ਕਰ ਰਿਹਾ ਹੈ। ਉਹ ਇਹ ਨਹੀਂ ਜਾਣਦਾ ਕਿ ਪਾਣੀ ਗੰਧਲਾ ਹੋਣ ਨਾਲ ਪਾਣੀ ਅੰਦਰ ਰਹਿਣ ਵਾਲੇ ਜੀਵ ਖਤਮ ਹੋ ਰਹੇ ਹਨ ਅਤੇ ਵਾਤਾਵਰਣ ਗੰਧਲਾ ਹੋਣ ਨਾਲ ਅਸੀਂ ਸਾਰੇ ਹੀ ਦੁੱਖਾਂ ਦੀ ਹਨੇਰ ਕੋਠੜੀ ਵਿੱਚ ਜਾ ਰਹੇ ਹਾਂ। ਮਨੁੱਖ ਬਨਾਉਟੀ ਪੰਛੀ ਅਤੇ ਜਾਨਵਰ ਆਪਣੇ ਘਰਾਂ ਵਿੱਚ ਰੱਖ ਰਹੇ ਹਨ। ਜਦਕਿ ਜਿਉਂਦੇ ਜਾਗਦੇ ਜੀਵਾਂ ਤੇ ਅੱਤਿਆਚਾਰ ਕਰ ਰਹੇ ਹਨ। ਪੁਸਤਕ ਵਿੱਚ ਦਰਜ ਵੀਹ ਕਹਾਣੀਆਂ ਪਾਠਕਾਂ ਦੀ ਕਿਰਤ ਅਤੇ ਕਿਰਦਾਰ ਨੂੰ ਉੱਚੀਆਂ ਦਿਸ਼ਾਵਾਂ ਵੱਲ ਤੋਰਦੀਆਂ ਹਨ। ਪੁਸਤਕ ਦੀ ਰੌਚਕ ਸ਼ੈਲੀ ਅਤੇ ਨਾਟਕੀ ਤੱਤ ਹਰ ਕਿਸੇ ਨੂੰ ਪ੍ਰਭਾਵਿਤ ਕਰਦੇ ਹਨ। ਮਾਨਵੀ ਸੋਚ ਦਾ ਪ੍ਰਚਾਰ ਅਤੇ ਪ੍ਰਸਾਰ ਸ਼ਾਨਦਾਰ ਸਲੀਕੇ ਨਾਲ ਕੀਤਾ ਗਿਆ ਹੈ। ਆਤਮ ਵਿਸ਼ਵਾਸ ਅਤੇ ਦ੍ਰਿੜ ਨਿਸ਼ਚੇ ਨਾਲ ਹੀ ਜਿੱਤਾਂ ਜਿੱਤੀਆਂ ਜਾ ਸਕਦੀਆਂ ਹਨ। ਪੰਜਾਬੀ ਸਾਹਿਤ ਦੀ ਪਹਿਲੀ ਡਾਕਟਰ ਬੀਬੀ ਰਮਾ ਰਤਨ ਇਸ ਪੁਸਤਕ ਬਾਰੇ ਆਪਣੇ ਵਿਚਾਰ ਇੰਜ ਪ੍ਰਗਟ ਕਰਦੇ ਹਨ-'ਮਾਇਰ ਜੀ ਨੇ ਬਾਲਾਂ ਦਾ ਹਾਣੀ ਬਣ ਕੇ ਬਾਲਾਂ ਦੀ ਸੰਵਾਦ ਸ਼ੈਲੀ ਵਿੱਚ ਹੀ ਅਹਿਸਾਸਾਂ ਨੂੰ ਇਸ ਤਰ੍ਹਾਂ ਬੁਣਿਆ ਹੈ ਕਿ ਬੱਚੇ ਸਹਿਜੇ ਹੀ ਪਾਤਰਾਂ ਨਾਲ ਆਤਮਸਾਤ ਕਰਨ ਲੱਗ ਜਾਂਦੇ ਹਨ'। ਅਧਿਆਪਕਾਂ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਮਿਆਂ ਦੇ ਹਾਣੀ ਬਣਾਉਣ ਵਾਸਤੇ ਇਹ ਪੁਸਤਕ ਪੜ੍ਹਨ ਲਈ ਪ੍ਰੇਰਿਤ ਕਰਨ।

ਬਲਜਿੰਦਰ ਮਾਨ ਪੰਜਾਬੀ ਵਿੱਚ ਬਾਲ ਸਾਹਿਤ ਦੇ ਇੱਕ ਪ੍ਰਸਿੱਧ ਲੇਖਕ, ਪ੍ਰਕਾਸ਼ਕ ਅਤੇ ਸੇਵਾਮੁਕਤ ਅਧਿਆਪਕ ਹਨ। ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੁਆਰਾ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹ 30 ਸਾਲਾਂ ਤੋਂ ਵੱਧ ਸਮੇਂ ਤੋਂ ਪੰਜਾਬੀ ਵਿੱਚ ਬਾਲ ਮੈਗਜ਼ੀਨ ਨਿੱਕੀਆਂ ਕਰੂੰਬਲਾਂ ਦੇ ਮੁੱਖ ਸੰਪਾਦਕ ਹਨ। ਉਹ ਬੱਚਿਆਂ ਲਈ ਅਨੇਕਾਂ ਬਾਲ ਪੁਸਤਕਾਂ ਪੰਜਾਬੀ ਸਾਹਿਤ ਦੀ ਸੇਵਾ ਵਿਚ ਅਰਪਣ ਕਰ ਚੁੱਕੇ ਹਨ।



## ਕੁਝ ਹਲਕਾ-ਫੁਲਕਾ - ਵਿਗਿਆਨਕ ਚੁਟਕਲੇ

ਸਾਨੂੰ ਚੈਟ-ਜੀਪੀਟ ਤੇ ਹੋਰ ਬਣਾਵਟੀ ਬੁੱਧੀ (ਏਆਈ) ਏਜੰਟਾਂ ਦਾ ਹਮੇਸ਼ਾਂ ਸਵਾਲ ਪੁੱਛਣ ਤੋਂ ਬਾਅਦ ਧੰਨਵਾਦ ਕਰਨਾ ਚਾਹੀਦਾ ਹੈ। ਕਿਉਂ?

ਕਿਉਂਕਿ ਜੇ ਕਦੇ ਭਵਿਖ ਵਿੱਚ ਏਆਈ ਦੁਨੀਆਂ 'ਤੇ ਕਬਜਾ ਕਰ ਲਏ ਤਾਂ ਉਹ ਸਾਡੀ ਜ਼ਿੰਦਗੀ ਬਖ਼ਸ਼ ਦੇਵੇ।

ਸਵਾਲ: ਇੱਕ ਬੱਲਬ ਬਦਲਣ ਲਈ ਕਿੰਨੇ ਮਨੋਰੋਗ ਮਾਹਿਰਾਂ ਦੀ ਲੋੜ ਹੁੰਦੀ ਹੈ?

ਜਵਾਬ: ਸਿਰਫ਼ ਇੱਕ, ਪਰ ਜੇ ਬੱਲਬ ਸੱਚਮੁੱਚ ਬਦਲਣਾ ਚਾਹੇ ਤਾਂ।

# ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

## ਨਾਸਾ ਦੇ ਹਬਲ ਸਪੇਸ ਟੈਲੀਸਕੋਪ ਨੇ ਇੱਕ ਸੰਭਾਵੀ ਬ੍ਰਹਿਮੰਡੀ ਚਮਤਕਾਰ ਦਾ ਪਤਾ ਲਗਾਇਆ



ਹਬਲ ਦੁਆਰਾ ਧਰਤੀ ਤੋਂ ਲਗਭਗ 30 ਕਰੋੜ ਪ੍ਰਕਾਸ਼ ਵਰ੍ਹੇ ਦੂਰ ਲਗਭਗ ਪੂਰੀ ਤਰ੍ਹਾਂ ਸਿਆਹ ਪਦਾਰਥ (Dark matter), ਇੱਕ ਰਹੱਸਮਈ ਪਦਾਰਥ, ਜੋ ਬ੍ਰਹਿਮੰਡ ਦੇ ਬਹੁਤ ਸਾਰੇ ਹਿੱਸੇ ਨੂੰ ਆਕਾਰ ਦਿੰਦਾ ਹੈ ਪਰ ਕਦੇ ਦੇਖਿਆ ਨਹੀਂ ਗਿਆ, ਨਾਲ ਬਣੀ ਇੱਕ ਗਲੈਕਸੀ CDG-2 (Candidate Dark Galaxy-2) ਨੂੰ ਲੱਭਿਆ ਗਿਆ ਹੈ। ਖਗੋਲ ਵਿਗਿਆਨੀਆਂ ਅਨੁਸਾਰ ਇਹ ਬ੍ਰਹਿਮੰਡ ਦੇ ਸਭ ਤੋਂ ਗੁੰਝਲਦਾਰ ਪਦਾਰਥ ਨੂੰ ਸਮਝਣ ਵਿੱਚ ਸਹਾਈ ਹੋ ਸਕਦਾ ਹੈ।

## 100 ਸਾਲ ਵਿਚ ਪਹਿਲੀ ਵਾਰ ਵਿਗਿਆਨੀਆਂ ਨੇ ਡਾਇਨਾਸੌਰ ਦੀ ਇੱਕ ਨਵੀਂ ਜਾਤੀ ਲੱਭੀ



ਸਪਿਨੋਸੌਰਸ ਮਿਰਾਬਿਲਿਸ ਨਾਂ ਦੀ ਇਹ ਨਵੀਂ ਪ੍ਰਜਾਤੀ, ਇੱਕ ਸਕੂਲ ਬੱਸ ਜਿੱਡੀ ਲੰਬੀ ਸੀ ਅਤੇ ਇਸਨੂੰ ਸ਼ਿਕਾਗੋ ਯੂਨੀਵਰਸਿਟੀ ਦੇ ਜੀਵਾਣੂ ਵਿਗਿਆਨੀਆਂ ਦੀ ਅਗਵਾਈ ਵਿੱਚ ਵਿਗਿਆਨੀਆਂ ਦੀ ਇੱਕ ਅੰਤਰਰਾਸ਼ਟਰੀ ਟੀਮ ਦੁਆਰਾ ਨਾਈਜਰ ਵਿੱਚ ਲੱਭਿਆ ਗਿਆ। ਉਹ ਡਾਇਨਾਸੌਰ ਵੱਡੇ ਮੱਛੀ ਖਾਣ ਵਾਲੇ ਸ਼ਿਕਾਰੀ ਸਨ ਜੋ ਵਿਗਿਆਨੀਆਂ ਦੇ ਅੰਦਾਜ਼ੇ ਮੁਤਾਬਿਕ 9.5 ਕਰੋੜ ਸਾਲ ਪਹਿਲਾਂ ਕ੍ਰੀਟੇਸ਼ੀਅਸ (Cretaceous) ਕਾਲ ਦੌਰਾਨ, ਇੱਕ ਦਲਦਲੀ ਅੰਦਰੂਨੀ ਖੇਤਰ ਵਿੱਚ ਰਹਿੰਦੇ ਸਨ ਜੋ ਹੁਣ ਕੇਂਦਰੀ ਸਹਾਰਾ ਹੈ। **Image Courtesy:**Keith Ladzinski/University of Chicago

## ਪਾਣੀ ਵਿੱਚ ਗਲਣ ਵਾਲਾ ਪਲਾਸਟਿਕ ਦਾ ਢਾਂਚਾ



ਰੱਦੀ ਇਲੈਕਟ੍ਰਾਨਿਕ ਯੰਤਰਾਂ (ਕੰਪਿਊਟਰ, ਫ਼ੋਨ ਆਦਿ) ਨਾਲ ਕੂੜੇ ਦੇ ਢੇਰ ਭਰਨਾ ਜਾਂ ਉਨ੍ਹਾਂ ਨੂੰ ਸਾੜ ਦੇਣਾ, ਦੋਵੇਂ ਵਾਤਾਵਰਣ ਲਈ ਖ਼ਤਰਨਾਕ ਹਨ। 2024 ਵਿੱਚ ਜਾਰੀ ਕੀਤੀ ਗਈ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, 2022 ਵਿੱਚ 62 ਮਿਲੀਅਨ ਟਨ ਈ-ਕੂੜਾ ਪੈਦਾ ਹੋਇਆ ਸੀ, ਜੋ ਕਿ 15 ਲੱਖ ਟਰੱਕਾਂ ਨੂੰ ਭਰਨ ਲਈ ਕਾਫ਼ੀ ਸੀ। ਇਲੈਕਟ੍ਰਾਨਿਕ-ਕੂੜੇ ਦੀ ਸਮੱਸਿਆ ਨਾਲ ਨਜਿੱਠਣ ਲਈ, ਹੁਣ ਉੱਦਮੀ ਖੋਜਕਰਤਾਵਾਂ ਨੇ ਇੱਕ ਪਲਾਸਟਿਕ ਦਾ ਢਾਂਚਾ ਵਿਕਸਤ ਕੀਤਾ ਹੈ ਜੋ ਕੁਝ ਘੰਟਿਆਂ ਦੇ ਅੰਦਰ ਪਾਣੀ ਵਿੱਚ ਪੂਰੀ ਤਰ੍ਹਾਂ ਘੁਲ ਸਕਦਾ ਹੈ। ਐਕੁਵਾਫੇਡ (Aquafade) ਇੱਕ ਨਵੀਨ ਬਾਇਓਡੀਗ੍ਰੇਡੇਬਲ ਅਤੇ ਪਾਣੀ ਵਿੱਚ ਘੁਲਣਸ਼ੀਲ ਪਲਾਸਟਿਕ ਕੇਸਿੰਗ (Casing) ਹੈ ਜੋ ਛੇ ਤੋਂ ਅੱਠ ਘੰਟਿਆਂ ਦੇ ਅੰਦਰ ਪਾਣੀ ਵਿੱਚ ਪੂਰੀ ਤਰ੍ਹਾਂ ਘੁਲ ਸਕਦਾ ਹੈ। ਇਸ ਦਾ ਨਿਰਮਾਣ ਈ-ਕੂੜੇ ਦੀ ਸਮੱਸਿਆ ਦਾ ਹੱਲ ਕਰਨ ਲਈ ਕੀਤਾ ਗਿਆ ਹੈ। ਇਸ ਦੀ ਵਰਤੋਂ ਇੱਕ ਵਾਰ ਵਰਤੋਂ ਕਰਕੇ ਸੁੱਟਣ ਵਾਲੇ ਇਲੈਕਟ੍ਰਾਨਿਕ ਯੰਤਰਾਂ ਵਿਚ ਕੀਤੀ ਜਾ ਸਕਦੀ ਹੈ।

## ਪੁਲਾੜ ਵਿਗਿਆਨੀਆਂ ਨੇ 42 ਪਰਮਾਣੂਆਂ ਵਾਲੇ ਗੁੰਝਲਦਾਰ ਸਲਫਰ ਅਣੂ ਦੀ ਖੋਜ ਕੀਤੀ



ਇਹ ਅਣੂ ਸਾਡੀ ਆਕਾਸ਼ਗੰਗਾ ਦੇ ਕੇਂਦਰ ਦੇ ਨੇੜੇ, ਧਰਤੀ ਤੋਂ ਲਗਭਗ 27,000 ਪ੍ਰਕਾਸ਼ ਵਰ੍ਹੇ ਦੂਰ G+0.693–0.027 ਨਾਮਕ ਇੱਕ ਅਣੂ ਬੱਦਲ ਦੇ ਅੰਦਰ ਲੱਭਿਆ ਗਿਆ ਹੈ। 42 ਪਰਮਾਣੂਆਂ ਵਾਲਾ ਉਹ ਅਣੂ ਕਾਫ਼ੀ ਗੁੰਝਲਦਾਰ ਹੈ, ਜੋ ਸੰਭਾਵੀ ਤੌਰ 'ਤੇ ਬ੍ਰਹਿਮੰਡ ਵਿੱਚ ਜੀਵਨ ਦੀ ਉਤਪਤੀ ਬਾਰੇ ਸੂਝ ਪ੍ਰਦਾਨ ਕਰ ਸਕਦਾ ਹੈ। ਇਹ ਖੋਜ ਨਾਸਾ ਦੀ ਜੈੱਟ ਪ੍ਰੋਪਲਸ਼ਨ ਪ੍ਰਯੋਗਸ਼ਾਲਾ ਦੁਆਰਾ ਪ੍ਰਦਾਨ ਕੀਤੇ ਗਏ ਉੱਨਤ ਸਪੈਕਟ੍ਰੋਸਕੋਪੀ ਯੰਤਰਾਂ ਦੁਆਰਾ ਸੰਭਵ ਹੋਈ ਹੈ। ਇਹ ਖੋਜ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਇਸ ਸੰਭਾਵਨਾ ਨੂੰ ਵਧਾਉਂਦੀ ਹੈ ਕਿ ਜੀਵਨ ਦੀ ਲੋਅ ਨੂੰ ਜਗਾਉਣ ਲਈ ਜ਼ਰੂਰੀ ਗੁੰਝਲਦਾਰ ਜੈਵਿਕ ਅਣੂ ਪੁਲਾੜ ਵਿੱਚ ਵੀ ਕਿਤੇ ਹੋ ਸਕਦੇ ਹਨ। **Image Courtesy:** MPE/NASA/JPL-Caltech,

ਉਡਾਣ ਮੈਗਜ਼ੀਨ ਈ-ਮੇਲ ਵਿੱਚ ਪ੍ਰਾਪਤ ਕਰਨ ਲਈ ਇੱਥੇ ਕਲਿੱਕ ਕਰੋ ਜਾਂ QR ਕੋਡ ਸਕੈਨ ਕਰੋ!

https://www.udaanpunjabi.com/

https://punjabilibrary.com
ਪੰਜਾਬੀ ਲਾਇਬ੍ਰੇਰੀ PUNJABI LIBRARY www.PunjabiLibrary.com